SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

11ਵਾਂ ਸਾਲ
ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE - 18
August 10, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਵੱਲੋਂ ਭਾਰਤ ਦੀ ਆਜ਼ਾਦੀ ਦੇ 75 ਸਾਲਾ ਅੰਮ੍ਰਿਤ ਮਹਾਂਉਤਸਵ ਦੀਆਂ ਲੱਖ-ਲੱਖ ਵਧਾਈਆਂ

ਆਜ਼ਾਦੀ ਨਾਲ ਸਬੰਧਤ ਪ੍ਰੋ. ਐਚ. ਐਲ. ਕਪੂਰ ਅਤੇ ਕੁਲਦੀਪ ਚੰਦ ਦੇ ਵਿਸੇਸ ਲੇਖ ਦੇਖੋ ਸਫਾ 18 ਅਤੇ 20 'ਤੇ

# ਰਾਸ਼ਟਰਮੰਡਲ ਖੇਡਾਂ 'ਚ ਪੰਜਾਬ ਤੇ ਹਰਿਆਣਾ ਦੇ ਖਿਡਾਰੀ ਛਾਏ ਰਹੇ



**ਨਵੀਂ ਦਿੱਲੀ (ਬਿਊਰੋ)** ਬਰਮਿੰਘਮ 'ਚ ਸਮਾਪਤ ਹੋਈਆਂ ਰਾਸ਼ਟਰਮੰਡਲ ਖੇਡਾਂ ਵਿਚ ਚਾਹੇ ਹੀ ਭਾਰਤ ਚੌਥੇ ਸਥਾਨ 'ਤੇ ਰਿਹਾ ਤੇ ਉਸ ਨੇ ਨਿਸ਼ਾਨੇਬਾਜ਼ੀ ਦੇ ਮੁਕਾਬਲੇ ਨਾ ਹੋਣ ਦੇ ਬਾਵਜੂਦ ਬਿਹਤਰ ਪ੍ਰਦਰਸ਼ਨ ਕੀਤਾ ਪਰ ਭਵਿੱਖ ਦੇ ਟੂਰਨਾਮੈਂਟਾਂ ਲਈ ਹੁਣ ਹੋਰ ਸੁਧਾਰ ਦੀ ਲੋੜ ਹੈ। ਅੱਗੇ ਹੋਰ ਵੀ ਵੱਧ ਮੈਡਲ ਜਿੱਤਣ ਲਈ ਉੱਤਰ ਪ੍ਰਦੇਸ਼, ਰਾਜਸਥਾਨ, ਬੰਗਾਲ, ਮੱਧ ਪ੍ਰਦੇਸ਼ ਤੇ ਬਿਹਾਰ ਵਰਗੇ ਵੱਡੇ ਸੂਬਿਆਂ ਤੋਂ ਵੱਧ ਖਿਡਾਰੀਆਂ ਦੇ ਨਿਕਲਣ ਤੇ ਵੱਡੇ ਟੂਰਨਾਮੈਂਟਾਂ ਵਿਚ ਬਿਹਤਰ ਪ੍ਰਦਰਸ਼ਨ ਕਰਨ ਦੀ ਸਖ਼ਤ ਲੋੜ ਹੈ।

ਭਾਰਤ ਨੇ ਬਰਿਮੰਘਮ ਖੇਡਾਂ ਵਿਚ 22 ਗੋਲਡ ਸਮੇਤ ਕੁੱਲ 61 ਮੈਡਲ ਜਿੱਤ ਕੇ ਆਪਣਾ ਪੰਜਵਾਂ ਸਰਬੋਤਮ ਪ੍ਰਦਰਸ਼ਨ ਕੀਤਾ। ਭਾਰਤ ਨੂੰ ਮਰਦ ਖਿਡਾਰੀਆਂ ਨੇ 13 ਗੋਲਡ ਸਮੇਤ 35 ਮੈਡਲ, ਜਦਕਿ ਮਹਿਲਾ ਖਿਡਾਰੀਆਂ ਨੇ ਅੱਠ ਗੋਲਡ ਸਮੇਤ 23 ਮੈਡਲ ਦਿਵਾਏ। ਭਾਰਤ ਨੇ ਮਿਕਸਡ ਮੁਕਾਬਲਿਆਂ ਵਿਚ ਤਿੰਨ ਮੈਡਲ ਹਾਸਲ ਕੀਤੇ ਜਿਸ ਵਿਚ ਇਕ ਗੋਲਡ ਵੀ ਸ਼ਾਮਲ ਹੈ।

ਭਾਰਤ ਨੂੰ ਬਰਮਿੰਘਮ ਰ ਾਸ਼ਟਰਮੰਡਲ ਖੇਡਾਂ ਵਿਚ ਸਭ ਤੋਂ ਵੱਧ ਮੈਡਲ ਹਰਿਆਣਾ ਤੇ ਪੰਜਾਬ ਨੇ ਦਿਵਾਏ। ਹਰਿਆਣਾ ਦੇ ਖਿਡਾਰੀਆਂ ਨੇ ਨਿੱਜੀ ਤੇ ਟੀਮ ਮੁਕਾਬਲੇ ਮਿਲਾ ਕੇ ਕੁੱਲ 27 ਮੈਡਲ ਜਦਕਿ ਪੰਜਾਬ ਦੇ ਖਿਡਾਰੀਆਂ ਨੇ 20 ਮੈਡਲ ਜਿੱਤੇ। ਪਰ ਜਨਸੰਖਿਆ ਦੇ ਲਿਹਾਜ਼ ਨਾਲ ਦੇਸ਼ ਦਾ ਸਭ ਤੋਂ ਵੱਡਾ ਸੂਬਾ ਉੱਤਰ ਪ੍ਰਦੇਸ਼ ਇਸ ਮਾਮਲੇ ਵਿਚ ਥੋੜ੍ਹਾ ਪਿੱਛੇ ਰਿਹਾ। ਨਿੱਜੀ ਤੇ ਟੀਮ ਮੁਕਾਬਲੇ ਮਿਲਾ ਕੇ ਉੱਤਰ ਪ੍ਰਦੇਸ਼ ਦੇ ਕੁੱਲ ਸੱਤ ਖਿਡਾਰੀ ਬਰਮਿੰਘਮ ਵਿਚ ਮੈਡਲ ਲਿਆਉਣ ਵਿਚ ਕਾਮਯਾਬ ਹੋਏ। ਮੱਧ ਪ੍ਰਦੇਸ਼ ਦਾ ਪ੍ਰਦਰਸ਼ਨ ਅਜਿਹਾ ਹੀ ਰਿਹਾ ਹੈ।



ਪਹਿਲੀ ਆਦਿਵਾਸੀ ਰਾਸ਼ਟਰਪਤੀ
ਉਮੀਦਾਂ ਬਹੁਤ, ਚੁਣੌਤੀਆਂ ਵੀ ਘੱਟ ਨਹੀਂ
(ਵਿਸ਼ੇਸ ਲੇਖ ਦੇਖੋ ਸਫਾ 17 'ਤੇ)

# ਨਿਤੀਸ਼ ਕੁਮਾਰ ਨੇ ਨਵੇਂ ਗੱਠਜੋੜ ਦੇ ਮੁੱਖ ਮੰਤਰੀ ਵਜੋਂ ਚੁੱਕੀ ਸਹੁੰ



**ਪਟਨਾ (ਬਿਊਰੋ)–** ਜਨਤਾ ਦਲ (ਯੂਨਾਈਟਿਡ) ਦੇ ਨੇਤਾ ਨਿਤੀਸ਼ ਕੁਮਾਰ ਨੇ ਬੁੱਧਵਾਰ ਬਾਅਦ ਦੁਪਹਿਰ ਅੱਠਵੀਂ ਵਾਰ ਬਿਹਾਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਬਿਹਾਰ ਦੇ ਰਾਜਪਾਲ ਫਾਗੂ ਚੌਹਾਨ ਨੇ ਰਾਜ ਭਵਨ 'ਚ ਸਮਾਰੋਹ ਦੌਰਾਨ ਸ੍ਰੀ ਕੁਮਾਰ (71) ਨੂੰ ਅਹੁਦੇ ਦੀ ਸਹੁੰ ਚੁਕਾਈ। ਰਾਸ਼ਟਰੀ ਜਨਤਾ ਦਲ (ਆਰਜੇਡੀ) ਦੇ ਨੇਤਾ ਤੇਜਸਵੀ ਯਾਦਵ ਨੇ ਵੀ ਸਹੁੰ ਚੁੱਕੀ। ਉਨ੍ਹਾਂ ਦੇ ਦੂਜੀ ਵਾਰ ਉਪ ਮੁੱਖ ਮੰਤਰੀ ਬਣਨ ਦੀ ਸੰਭਾਵਨਾ ਹੈ। ਮਹਾਗਠਜੋੜ ਦੀ ਅਗਵਾਈ ਕਰ ਰਹੀ ਰਾਸ਼ਟਰੀ ਜਨਤਾ ਦਲ ਨੇ ਮੰਗਲਵਾਰ ਨੂੰ ਸ੍ਰੀ ਕੁਮਾਰ ਨੂੰ ਆਪਣਾ ਨੇਤਾ ਚੁਣਿਆ ਸੀ। ਸਮਾਗਮ ਵਿੱਚ ਰਾਬੜੀ ਦੇਵੀ ਆਪਣੇ ਪਰਿਵਾਰ ਨਾਲ ਪੁੱਜੀ ਪਰ ਲਾਲੂ ਯਾਦਵ ਦਿੱਲੀ 'ਚ ਹੋਣ ਕਾਰਨ ਹਾਜ਼ਰ ਨਹੀਂ ਸਨ। ਆਖਰਕਾਰ, ਮੰਗਲਵਾਰ ਦਾ ਦਿਨ ਐਨਡੀਏ ਲਈ ਫੈਸਲਾਕੁੰਨ ਦਿਨ ਨਿਕਲਿਆ। ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਹੋਈ ਜੇਡੀਯੂ ਦੀ ਬੈਠਕ 'ਚ ਵਿਧਾਇਕਾਂ ਨੇ ਭਾਜਪਾ ਦੇ ਰਵੱਈਏ 'ਤੇ ਨਾਰਾਜ਼ਗੀ ਜਤਾਈ। ਇਸ ਦੇ ਨਾਲ ਹੀ ਵਿਧਾਇਕਾਂ ਨੇ ਆਰਸੀਪੀ ਸਿੰਘ 'ਤੇ ਵੀ ਨਾਰਾਜ਼ਗੀ ਜਤਾਈ। ਆਰਸੀਪੀ ਸਿੰਘ 'ਤੇ ਪਾਰਟੀ ਨੂੰ ਕਮਜ਼ੋਰ ਕਰਨ ਦੇ ਦੋਸ਼ ਲੱਗੇ ਸਨ। ਮੀਟਿੰਗ ਵਿੱਚ ਭਾਜਪਾ ਤੋਂ ਵੱਖਰੀ ਸਰਕਾਰ ਬਣਾਉਣ ਦਾ ਫੈਸਲਾ ਕੀਤਾ ਗਿਆ। ਵਿਧਾਇਕਾਂ ਨੇ ਨਿਤੀਸ਼ ਕੁਮਾਰ ਨੂੰ ਨਵੇਂ ਗਠਜੋੜ ਲਈ ਅਧਿਕਾਰਤ ਕੀਤਾ।

ਦੱਸਿਆ ਜਾਂਦਾ ਹੈ ਕਿ ਨਿਤੀਸ਼ ਕੁਮਾਰ ਨੇ ਵਿਧਾਇਕਾਂ ਨੂੰ ਕਿਹਾ ਕਿ ਭਾਜਪਾ ਨੇ ਹਮੇਸ਼ਾ ਜੇਡੀਯੂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਹਮੇਸ਼ਾ ਬੇਇੱਜ਼ਤੀ ਕੀਤੀ। ਮੀਟਿੰਗ ਤੋਂ ਬਾਅਦ ਉਪੇਂਦਰ ਕੁਸ਼ਵਾਹਾ ਨੇ ਟਵੀਟ ਕਰਕੇ ਜੇਡੀਯੂ ਦੇ ਐਨਡੀਏ ਤੋਂ ਵੱਖ ਹੋਣ ਦੀ ਜਾਣਕਾਰੀ ਦਿੱਤੀ। ਜੇਡੀਯੂ ਦੇ ਕੌਮੀ ਪ੍ਰਧਾਨ ਲਲਨ ਸਿੰਘ ਨੇ ਭਾਜਪਾ 'ਤੇ ਉਨ੍ਹਾਂ ਦੀ ਪਿੱਠ ਵਿੱਚ ਛੁਰਾ ਮਾਰਨ ਦਾ ਦੋਸ਼ ਲਾਇਆ। ਇਸ ਦੌਰਾਨ ਮਹਾਗਠਜੋੜ ਦੀ ਨਵੀਂ ਸਰਕਾਰ ਦਾ ਫਾਰਮੂਲਾ ਤੈਅ ਹੋ ਗਿਆ ਹੈ। ਪੰਜ ਵਿਧਾਇਕਾਂ 'ਤੇ ਇਕ ਮੰਤਰੀ ਦਾ ਫਾਰਮੂਲਾ ਤੈਅ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਰਾਸ਼ਟਰੀ ਜਨਤਾ ਦਲ ਅਤੇ ਕਾਂਗਰਸ ਦਾ ਇਕ-ਇਕ ਉਪ ਮੁੱਖ ਮੰਤਰੀ ਹੋਵੇਗਾ। ਇਨ੍ਹਾਂ ਵਿੱਚੋਂ ਆਰਜੇਡੀ ਵੱਲੋਂ ਤੇਜਸਵੀ ਯਾਦਵ ਦਾ ਨਾਂ ਤੈਅ ਕੀਤਾ ਗਿਆ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਤੇਜਸਵੀ ਨੂੰ ਗ੍ਰਹਿ ਮੰਤਰਾਲਾ ਦਿੱਤਾ ਜਾਵੇਗਾ। ਮਹਾਗਠਜੋੜ ਦੀਆਂ ਸੰਘਟਕ ਪਾਰਟੀਆਂ ਨੂੰ ਸਰਕਾਰ ਵਿੱਚ ਸ਼ਾਮਲ ਕੀਤਾ ਜਾਵੇਗਾ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ ਵਧੀਆ ਸਾੜ੍ਹੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੇਫੋਰਨੀਆ) ਦੇ ਹਫਤਾਵਾਰੀ ਸਮਾਗਮ




**ਅਗਸਤ 14, 2022**

ਸਤਿਕਾਰਯੋਗ ਭਾਈ ਗੁਰਦਿਆਲ ਚੰਦ ਜੀ, ਕਿਰਨ ਚੰਦ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ।

**ਅਗਸਤ 21, 2022**

ਸਤਿਕਾਰਯੋਗ ਭਾਈ ਚੰਚਲ ਹੀਰਾ ਜੀ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ।

# SRI GURU RAVIDASS SABHA PITTSBURG (CA)

## 2150 CRESTVIEW DRIVE, PITTSBURG CA.94565

## Reorganization of Board of Directors for 2022-2023

The term of many members of the Board of Directors of the current Managing Committee of this Sabha is due to expire in the month of August, 2022, making room for replacement with new Volunteer Sewadars.

In accordance with the provisions of the By-laws of the Sabha the reorganization of the Board of Directors will be held at Gurughar on August 28th, 2022(Sunday) after the regular weekly function.

Applications from validated new Sewadars willing to serve on the new Board of Directors duly signed by the applicant, proposer and seconder are invited from Sangat so as to reach the Chairperson by August 21st, 2022.

Gurughar members who have not renewed their membership so far are also requested to do so by paying their annual renewal fee to the cashier immediately.

A panel of three members mentioned below who are well versed with the transitional procedure has also been constituted by the chairperson to screen the applications before final selection/election and ratification by the General body.

**(1) Mr. O. P. Balley**

**(2) Mr. Shashi Paul (3) Mr. Balvir Mall**

**Kulwant Kaur Banga Chairperson, Date: July 19, 2022**

**"NANAK NAM CHARDI KALA TERE BHANE SARBAT DA BHALA"**

**Sangat De Sewadar**

| Chairperson | President | General Secretary | Treasurer |
|---|---|---|---|
| Kulwant Kaur Banga | Jagtar Bhatia | Abhishek Pal Narabut | Sunita K Singh |

**Please visit Gurughar website for information: WWW.SriGuruRavidassTemple.com**


ਖੁਸ਼ਖਬਰੀ
GRAND
Opening
ਖੁਸ਼ਖਬਰੀ
ਖੁਸ਼ਖਬਰੀ
VEGETARIAN 100% VEGETARIAN
INDIAN DELICACIES
perfect taste
VEGETARIAN 100% VEGETARIAN
INDIAN DELICACIES RESTATURANT
FRIDAY | AUGUST, 12TH 2022
PATH SHRI SUKHMANI SAHIB AARAMBH : 10AM
GURU KA LANGAR : NOON
1304 E HAMMER LN SHOP 4
STOCKTON, CA 95210
HAPPY 209 487 2127

# ਗਦਰੀ ਬਾਬਿਆਂ ਦੇ ਸਲਾਨਾ ਮੇਲੇ ਦੀ ਰੂਪਰੇਖਾ ਤੇ ਪ੍ਰਬੰਧ ਕਰਨ ਲਈ ਬੇ-ਏਰੀਆ ਦੀਆਂ ਪੰਜ ਜਥੇਬੰਦੀਆਂ ਦੀ ਮੀਟਿੰਗ





Pictures and report by Amrik Khadalia

17 ਜੁਲਾਈ ਦਿਨ ਐਤਵਾਰ ਨੂੰ ਫੇਅਰਫੀਲਡ ਕੈਲੀਫੋਰਨੀਆ ਵਿੱਚ ਗੁਰੂ ਨਾਨਕ ਸਿੱਖ ਟੈਪਲ ਵਿੱਚ ਬੇਏਰੀਆ ਦੀਆਂ ਪੰਜ ਜਥੇਬੰਦੀਆਂ ਦੀ ਮੀਟਿੰਗ ਗਦਰੀ ਬਾਬਿਆਂ ਦੇ ਸਲਾਨਾ ਮੇਲੇ ਦੀ ਰੂਪਰੇਖਾ ਤੇ ਪ੍ਰਬੰਧ ਕਰਨ ਲਈ ਹੋਈ। ਇਹ ਮੀਟਿੰਗ ਸਰਬ-ਸੰਮਤੀ ਨਾਲ ਭਿੰਦਰ ਸਿੰਘ ਸੰਧੂ ਦੀ ਪ੍ਰਧਾਨਗੀ ਵਿੱਚ ਹੋਈ। ਗਦਰੀ ਬਾਬਿਆਂ ਨੂੰ ਯਾਦ ਕਰਦਿਆਂ ਗਦਰੀਆਂ ਬਾਬਿਆਂ ਦਾ ਇਸ ਸਾਲ ਦਾ ਮੇਲਾ ਸਾਰੀਆਂ ਜਥੇਬੰਦੀਆਂ ਦੇ ਸਹਿਯੋਗ ਨਾਲ ਵਲੇਹੋ (ਕੈਲੀਫੋਰਨੀਆ) ਵਿੱਚ 25 ਸਤੰਬਰ ਦਿਨ ਐਤਵਾਰ ਨੂੰ ਕਰਵਾਏ ਜਾਣ ਦੀ ਸਹਿਮਤੀ ਹੋਈ।

ਪਿਛਲੇ ਮਹੀਨੇ ਵਿੱਛੜੇ ਸਾਥੀ ਗੁਰਦੀਪ ਸਿੰਘ ਅਣਖੀ ਹੂਰਾ ਨੂੰ ਸਮੂਹ ਸਾਥੀਆਂ ਨੇ ਸ਼ਰਧਾਂਜਲੀ ਭੇਟ ਕੀਤੀ।

ਮੇਲੇ ਵਿੱਚ ਮੁੱਖ ਮਹਿਮਾਨ ਡਾਕਟਰ ਸਰਬਜਿਦਰ ਸਿੰਘ ਹੋਣਗੇ ਜੋ ਕੀ ਇਸ ਸਮੇਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਡੀਨ ਹਨ। ਸਾਰੀਆਂ ਜਥੇਬੰਦੀਆਂ ਵੱਲੋਂ ਸਮੂਹ ਭਾਰਤੀਆਂ ਨੂੰ ਮੇਲੇ ਵਿੱਚ ਪਹੁੰਚਣ ਲਈ ਸੱਦਾ ਦਿੱਤਾ ਜਾਂਦਾ ਹੈ।

ਇਸ ਮੀਟਿੰਗ ਦੀ ਸਮਾਪਤੀ ਤੋਂ ਪਹਿਲਾ ਅੱਜ ਦੇ ਭਖਦੇ ਮਸਲੇ ਵਾਰੇ ਬਲਵੀਰ ਸਿੰਘ ਜੋਹਲ ਨੇ ਸਾਰੇ ਸਾਥੀਆਂ ਸਾਹਮਣੇ ਮਤਾ ਪੇਸ਼ ਕੀਤਾ ਕੀ ਜਿਹੜੇ ਬਿਆਨ ਪ੍ਰੈਸ ਵਿੱਚ ਸਿਮਰਨਜੀਤ ਸਿੰਘ ਮਾਨ ਐਮਪੀ ਸੰਗਰੂਰ ਨੇ ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਦੇ ਵਾਰੇ ਦਿੱਤੇ ਹਨ ਭਗਤ ਸਿੰਘ ਨੂੰ ਅੱਤਵਾਦੀ ਕਿਹਾ ਹੈ।

ਅਸੀਂ ਸਿਮਰਨਜੀਤ ਮਾਨ ਦੇ ਇਸ ਬਿਆਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ।

ਇਸਤੋ ਬਾਅਦ ਤਰਲੋਕ ਜੌਹਲ ਨੇ ਇਸ ਮਤੇ ਦੀ ਤਾਈਦ ਕੀਤੀ ਤੇ ਸਮੂਹ ਜਥੇਬੰਦੀਆਂ ਨੇ ਸਿਮਰਨਜੀਤ ਸਿੰਘ ਦੇ ਬਿਆਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਸਮੂਹ ਜਥੇਬੰਦੀਆਂ ਦੇ ਬੁਲਾਰਿਆਂ ਨੇ ਕਿਹਾ ਕੀ ਅਸੀਂ ਕੋਈ ਵੀ ਇਹੋ ਜਿਹੇ ਆਪੂ ਬਣੇ ਲੀਡਰਾਂ ਨੂੰ ਚਿਤਾਵਨੀ ਦਿੰਦੇ ਹਾ ਕੀ ਸ਼ਹੀਦਾਂ ਖ਼ਿਲਾਫ਼ ਇਸ ਤਰਾਂ ਦੀ ਬਿਆਨ ਬਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸਮੂਹ ਜਥੇਬੰਦੀਆਂ ਦੀ ਹਾਜ਼ਰੀ ਵਿੱਚ ਇਹ ਪਤਾ ਪਾਸ ਕੀਤਾ ਗਿਆ ਤੇ ਪ੍ਰੈਸ ਨੂੰ ਭੇਜਿਆ ਗਿਆ।

**ਸਮੂਹ ਜਥੇਬੰਦੀਆਂ**

1. sports club of solano county
2. The Gadar Heritage foundation.
3. Indian educational and cultural organization.
4. indo American cultural and sports association of Bayarea.
5. indo American Desh bhagat foundation of Bayarea.

# ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਾਲਾਨਾ ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ 26 ਤੋਂ

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਐਕਟਿੰਗ ਸਕੱਤਰ ਡਾ ਪਰਮਿੰਦਰ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਸਿਖਿਆਰਥੀ ਚੇਤਨਾ ਕੈਂਪ ਦੇਸ਼ ਭਗਤ ਯਾਦਗਾਰ ਹਾਲ ਜਲੰਧਰ 26,27 ਅਤੇ 28 ਅਗਸਤ ਨੂੰ ਲਗਾਇਆ ਜਾਏਗਾ। ਜਿਸ ਵਿੱਚ ਪਹਿਲੇ ਦਿਨ 26 ਅਗਸਤ ਨੂੰ ਸਵੇਰੇ 10:45 ਵਜੇ ਤੱਕ ਪਹੁੰਚਣਾ ਜ਼ਰੂਰੀ ਹੋਏਗਾ। ਇਸ ਦਿਨ ਮਿਊਜ਼ੀਅਮ ,ਹੋਮ ਥੀਏਟਰ , ਲਾਇਬਰੇਰੀ ਅਤੇ ਹੋਰ ਹਾਲ ਦਿਖਾਉਂਣ ਉਪਰੰਤ ਗ਼ਦਰ ਲਹਿਰ ਦੀ ਇਤਿਹਾਸਕਤਾ, ਦੇਸ਼ ਭਗਤ ਯਾਦਗਾਰ ਹਾਲ ਦਾ ਇਤਿਹਾਸ ਅਤੇ ਇਸਦੀ ਵਾਰਿਸ ਚੜ੍ਹਦੀ ਜੁਆਨੀ ਦੇ ਫ਼ਰਜ਼ਾਂ ਬਾਰੇ, ਪਹਿਲੇ ਸੈਸ਼ਨ 'ਚ ਚਰੰਜੀ ਲਾਲ ਕੰਗਣੀਵਾਲ ਅਤੇ ਦੂਜੇ ਸੈਸ਼ਨ 'ਚ ਸੰਸਾਰ ਵਿਆਪੀ ਆਰਥਿਕ ਸੰਕਟ ਬਾਰੇ ਦਰਸ਼ਨ ਖਟਕੜ ਵਿਚਾਰ ਚਰਚਾ ਵਿੱਚ ਬੁਲਾਰੇ ਹੋਣਗੇ।

ਦੂਜੇ ਦਿਨ 27 ਅਗਸਤ ਨੂੰ ਪਹਿਲੇ ਸੈਸ਼ਨ ਵਿੱਚ ਮੁਲਕ ਦੇ ਲੋਕਾਂ ਉਪਰ ਵਿੱਢੇ ਫਿਰਕੂ ਫਾਸ਼ੀ ਹੱਲੇ ਅਤੇ ਇਸ ਖ਼ਿਲਾਫ਼ ਲੋਕ ਆਵਾਜ਼ ਉਠਾਉਣ ਦੀ ਲੋੜ ਮੁੱਦੇ ਤੇ ਡਾ ਪਰਮਿੰਦਰ ਅਤੇ ਦੂਜੇ ਸੈਸ਼ਨ ਵਿੱਚ ਨਿਜੀਕਰਣ ਨੂੰ ਪ੍ਰਣਾਈ ਨਵੀਂ ਸਿੱਖਿਆ ਨੀਤੀ ਦੇ ਹੱਲੇ ਬਾਰੇ ਹਰਵਿੰਦਰ ਭੰਡਾਲ ਸਿਖਿਆਰਥੀਆਂ ਨੂੰ ਸੰਬੋਧਨ ਕਰਨਗੇ।

ਇਸ ਰੋਜ਼ ਸ਼ਾਮ ਨੂੰ ਪੀਪਲਜ਼ ਵਾਇਸ ਵਲੋਂ ਪ੍ਰਭਾਵਸ਼ਾਲੀ ਫ਼ਿਲਮ ਸ਼ੋਅ ਹੋਏਗਾ। ਚੇਤਨਾ ਕੈਂਪ ਦੇ ਤੀਜੇ ਦਿਨ ਪਹਿਲਾਂ ਸੈਸ਼ਨ 9 ਵਜੇ ਹੋਏਗਾ।ਇਸ ਸੈਸ਼ਨ ਮੌਕੇ ਪਾਣੀਆਂ, ਵਾਤਾਵਰਨ ਅਤੇ ਜਨ ਜੀਵਨ ਤੇ ਵਿਸ਼ਵ ਬੈਂਕ ਅਤੇ ਅਜੋਕੇ ਪ੍ਰਬੰਧ ਵੱਲੋਂ ਲੋਕ ਉਜਾੜੂ ਮੁਨਾਫ਼ੇਖੋਰ ਨੀਤੀਆਂ ਦੇ ਹੱਲੇ ਦੇ ਮਾਰੂ ਅਸਰਾਂ ਬਾਰੇ ਵਿਜੈ ਬੰਬੇਲੀ ਰੌਸ਼ਨੀ ਪਾਉਣਗੇ। ਇਸ ਦਿਨ ਨਾਲ ਲੱਗਦੇ ਹੀ ਦੂਜੇ ਅਤੇ ਆਖ਼ਰੀ ਸੈਸ਼ਨ ਮੌਕੇ ਸਿਖਿਆਰਥੀ ਆਪਣੇ ਪ੍ਰਭਾਵ ਸਾਂਝੇ ਕਰਨਗੇ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਿਖਿਆਰਥੀਆਂ ਨੂੰ ਸਨਮਾਨ ਪੱਤਰ ਅਤੇ ਪੁਸਤਕਾਂ ਨਾਲ ਸਨਮਾਨਿਤ ਕਰਕੇ ਮਾਣ ਸਹਿਤ ਲੋਕਾਂ ਵਿੱਚ ਚੇਤਨਾ ਦਾ ਚਾਨਣ ਵੰਡਣ ਲਈ ਰੁਖ਼ਸਤ ਕੀਤਾ ਜਾਏਗਾ। ਇਸ ਦਿਨ ਦੂਰ ਦੁਰਾਡੇ ਤੋਂ ਆਏ ਸਿਖਿਆਰਥੀਆਂ ਦਾ ਧਿਆਨ ਰੱਖਦਿਆਂ ਦੁਪਹਿਰ ਦਾ ਖਾਣਾ ਖਾਣ ਉਪਰੰਤ ਉਹ ਜਾ ਸਕਣਗੇ।

SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

ਦੇਸ਼ ਦੁਆਬਾ

# ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ 'ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿ-ਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਂਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਵੱਲੋਂ: ਬਾਬੂ ਮੰਗੂ ਰਾਮ ਮੁੱਗੋਵਾਲੀਆ,**
**ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**

# ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਇਕ ਇਤਿਹਾਸਕ ਦਸਤਾਵੇਜ਼


ਸ੍ਰੀ ਸੀ. ਐਲ. ਚੁੰਬਰ ਦਾ ਆਪਣੇ ਦਸਤਖਤਾਂ ਹੇਠ ਭੇਜਿਆ ਬਾਬੂ ਮੰਗੂ ਰਾਮ ਮੁੱਗੋਵ-ਾਲੀਆ ਸੋਵੀਨਰ ਮੇਰੇ ਸਾਹਮਣੇ ਸੁਸ਼ੋਭਿਤ ਹੈ, ਜਿਸਨੂੰ ਪੜ੍ਹਨ ਉਪਰੰਤ ਇਹੋ ਕਹਿਣਾ ਸੱਚ ਹੈ ਕਿ ਇਹ ਇਕ ਇਤਿਹਾਸਕ ਦਸਤਾਵੇਜ਼ ਹੈ, ਜਿਸਨੂੰ ਪੰਜਾਬ ਦੇ ਦਲਿਤ ਲੋਕਾਂ ਨੂੰ ਉਸ ਇਤਿਹਾਸ ਤੋਂ ਜਾਣੂ ਕਰਾਇਆ ਹੈ, ਜਿਸਨੇ ਕਦੀ ਇਸ ਧਰਤੀ ਤੇ ਕ੍ਰਾਂਤੀ ਲਿਆਂਦੀ ਤੇ ਸਮਾਜਿਕ ਇਨਕਲਾਬ ਦੀ ਸਹੀ ਅਰਥਾ ਵਿਚ ਨੀਂਹ ਰੱਖੀ। ਇਸ ਸੋਵੀਨਰ ਸਬੰਧੀ ਹੋਰ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਮੈਂ ਸ੍ਰੀ ਸੀ. ਐਲ ਚੁੰਬਰ. ਦੇ ਪਵਿੱਤਰ ਯਤਨਾਂ ਲਈ ਰਿਣੀ ਮਹਿਸੂਸ ਕਰਦਾ ਹਾਂ ਅਤੇ ਉਹਨਾਂ ਸਾਰੇ ਸਾਥੀਆਂ ਦਾ ਧੰਨਵਾਦ ਕਰਨਾ ਫਰਜ਼ ਸਮਝਦਾ ਹਾਂ, ਜਿਹਨਾਂ ਨੇ ਸਾਡੇ ਰਹਿਬਰ ਦੇ ਜੀਵਨ-ਇਤਿਹਾਸ ਨੂੰ ਪੰਨਿਆਂ ਤੋਂ ਉਭਾਰ ਕੇ ਵਰਤਮਾਨ ਦੀ ਲੋੜੀਂਦੀ ਲਹਿਰ ਨੂੰ ਤਾਕਤ ਬਖਸ਼ੀ ਹੈ। ਮੈਂ ਬਹੁਤ ਅੱਛੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ ਕਿ ਬਾਮਸੇਫ ਅਤੇ ਡੀ. ਐਸ 4 ਲਹਿਰ ਲਈ ਇਹ ਸੋਵੀਨਰ ਇਕ ਪੰਧ ਦਿਖਾਓ, ਤਾਰੇ ਵਾਂਗ ਸਹਾਇਕ ਹੋਵੇਗਾ।




ਇਹ ਸੱਚ ਹੈ ਕਿ ਕਾਫੀ ਸਮੇਂ ਤੋਂ ਬਹੁਤ ਲੋਕ ਨਹੀਂ ਜਾਣਦੇ ਸਨ ਕਿ ਆਦਿ ਧਰਮ ਦਾ ਅਰਥ ਕੀ ਹੈ, ਇਸ ਮਹਾਨ ਲਹਿਰ ਦਾ ਬਾਨੀ ਕੌਣ ਸੀ ਇਹ ਲਹਿਰ ਅੰਬੇਡਕਰ ਲਹਿਰ ਨਾਲ ਕਿਵੇਂ ਜੁੜ ਕੇ ਅੱਗੇ ਵਧੀ ਤੇ ਇਹ ਲਹਿਰ ਕਿਸ ਸੱਚ ਨੂੰ ਪੱਲੇ ਬੰਨ੍ਹ ਕੇ ਤੁਰੀ।

ਇਹਨਾਂ ਵਿਸ਼ਿਆਂ ਦਾ ਗਿਆਨ ਸੋਵੀਨਰ ਵਿਚੋਂ ਪੜ੍ਹ ਕੇ ਅਸੀਮ ਖੁਸ਼ੀ ਹੋਈ ਹੈ। ਇਸ ਸੋਵੀਨਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੀ ਸੋਵੀਨਰ ਦਾ ਦਲਿਤ ਇਤਿਹਾਸ ਦਾ ਦਸਤਾਵੇਜ਼ ਬਣ ਜਾਂਦਾ ਹੈ। ਸਾਡੀ ਬਦਨਸੀਬੀ ਹੈ ਕਿ ਅਸੀਂ ਆਪਣੇ ਮਹਾਨ ਇਤਿਹਾਸਕ ਵਿਰਸਿਆਂ ਤੋ ਸੱਖਣੇ ਹਾਂ। ਕਾਂਗਰਸ ਰਾਜ ਨੇ ਸਾਨੂੰ ਸਾਡੇ ਇਤਿਹਾਸ ਤੋਂ ਅਜਿਹਾ ਕੱਟਿਆ ਹੈ ਕਿ ਅਸੀਂ ਅਤਿ ਘਟੀਆ ਮਨੁੱਖੀ ਕਿਰਦਾਰ ਦੇ ਮਨੂੰਵਾਦੀ ਦੇਵੀ ਦੇਵਤਿਆਂ, ਅਵਤਾਰਾਂ, ਮਹਾਤਮਾਵਾਂ ਨੂੰ ਹੀ ਆਪਣੇ ਮਾਤਾ-ਪਿਤਾ ਕਹਿਣ ਤੇ ਪੂਜਣ ਲੱਗ ਪਏ ਹਾਂ ਪ੍ਰੰਤੂ ਆਪਣੇ ਸਮਾਜ ਦੇ ਮਹਾਨ ਯੋਧਿਆਂ ਦਾ ਨਾਂ ਵੀ ਨਹੀਂ ਜਾਣਦੇ। ਡਾ. ਅੰਬੇਡਕਰ, ਜੋ ਇਕ ਅਦੁੱਤੀ ਸ਼ਖਸੀਅਤ ਸੀ, ਜਿਸ ਬਾਰੇ ਇਕ ਸਾਥੀ ਨੇ ਜਿਸਨੂੰ ਅੰ-ਬੇਡਕਰ ਬਾਰੇ ਸੱਜਰੀ ਜਾਣਕਾਰੀ ਦਿੱਤੀ ਗਈ ਸੀ, ਕਿਹਾ "ਇਹ ਸੱਚ ਹੈ ਸਾਥੀ ਕਿ ਅੱਜ ਇਹ ਪਤਾ ਚੱਲਿਆ ਸਾਡਾ ਦਾਤਾ ਅੰਬੇਡਕਰ ਹੈ, ਜੋ ਅਸੀਂ ਉਪਰ ਵਾਲੇ ਨੂੰ ਦਾਤਾ ਕਹੀਏ ਜਾਂ ਕਹਿੰਦੇ ਹਾਂ ਤਾਂ ਉਹ ਦਾਤਾ ਉਦੋਂ ਕਿੱਥੇ ਸੀ, ਜਦੋਂ ਅੰਬੇਡਕਰ ਹੈ ਨਹੀਂ ਸੀ। ਉਦੋਂ ਉਸ ਨੇ ਸਾਨੂੰ ਇਹ ਅਧਿਕਾਰ ਕਿਉਂ ਨਾ ਦੇ ਦਿੰਤੇ?" ਦਾ ਨਾਂ ਵੀ ਆਮ ਦਲਿਤ ਲੋਕਾਂ ਨੂੰ ਨਹੀਂ ਪਤਾ। ਮਹਾਤਮਾ ਜੋਤੀ ਰਾਓ ਫੂਲੇ, ਪੈਰੀਅਰ ਰਾਮਾ ਸੁਆਮੀ, ਬਾਬੂ ਮੰਗੂ ਰਾਮ ਮੁੱਗੋਵਾਲੀਆ ਵਰਗੀਆਂ ਮਹਾਨ ਸਮਾਜਵਾਦੀ ਸ਼ਖਸੀਅਤਾਂ ਨੂੰ ਹਨ੍ਹੇਰੇ ਦੀਆਂ ਕੰਧਰਾਂ ਵਿਚੋਂ ਮਨੂੰਵਾਦੀਆਂ ਨੇ ਲੁਕਾ ਦਿੱਤਾ। ਪ੍ਰੰਤੂ ਅੱਜ ਦਲਿਤਾਂ ਦਾ ਸੁਚੇਤ ਵਰਗ ਇਸ ਪਾਸੇ ਯਤਨਸ਼ੀਲ ਹੈ। 1985 ਦਾ ਇਹ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਅਗਲੇ ਰਸਤੇ ਵਿਚ ਇਕ ਅਟੁੱਟ ਮੀਲ ਪੱਥਰ ਬਣ ਖਲੋਤਾ ਹੈ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਗਦਰ ਪਾਰਟੀ ਦੇ ਸਿਰਲੱਥ ਯੋਧੇ ਰਹੇ, ਮੌਤ ਦੀ ਸਜ਼ਾ ਹੋਈ, ਬਨਵਾਸ ਕੱਟਣਾ ਪਿਆ, ਫਿਰ ਵੀ ਕੌਮ ਲਈ ਜੀਵਤ ਰਹੇ। ਆਦਿ ਧਰਮ ਦੀ ਨੀਂਹ ਰੱਖੀ। ਬਾਬਾ ਸਾਹਿਬ ਦੇ ਸਾਥੀ ਬਣੇ। ਅੱਜ ਮਾਣੀਂਦੇ ਅਧਿਕਾਰਾਂ ਲਈ ਲੜਦੇ ਰਹੇ। ਮਹਾਤਮਾ ਗਾਂਧੀ ਦੇ ਬਰਾਬਰ, ਆਪਣੇ ਅਧਿਕਾਰਾਂ ਲਈ ਮਰਨ ਵਰਤ ਰੱਖਿਆ। ਰੀਜ਼ਰਵ ਸੀਟਾਂ ਦਾ ਅਧਿਕਾਰ ਲੈ ਕੇ ਅੱਠਾਂ 'ਚੋਂ ਸੱਤ ਐਮ. ਐਲ. ਏ. ਚੁਣੇ, ਅਛੂਤਾਂ ਵੱਲੋਂ ਘਰ-ਬਾਰ ਖਰੀਦ ਸਕਣ ਲਈ ਜੱਦੋ ਜਹਿਦ ਕੀਤੀ। ਸਕੂਲ ਜਾਣ ਦੇ ਅਧਿਕਾਰ ਲਈ ਬਾਬਾ ਸਾਹਿਬ ਨੂੰ, ਗਾਂਧੀ ਦੇ ਖਿਲਾਫ ਅਛੂਤਾਂ ਦਾ ਨੇਤਾ ਸਾਬਤ ਕੀਤਾ। ਹਜ਼ਾਰਾਂ ਸਾਥੀਆਂ ਸਮੇਤ ਲੋਥੀਅਨ ਕਮੇਟੀ ਦੇ ਸਾਹਮਣੇ ਅਛੂਤਾਂ ਦੀ ਹੋਂਦ ਨੂੰ ਜਿਤਾਇਆ। ਅਛੂਤ ਲੋਕਾਂ ਨੂੰ ਹਿੰਦੂ, ਸਿੱਖ, ਮੁਸਲਮਾਨ, ਇਸਾਈ ਲਿਖਾਉਣ ਦੀ ਥਾਂ 'ਆਦਿ ਧਰਮੀ' ਲਿਖਾਉਣ ਲਈ ਮਹਾਨਤਮ ਕਾਰਜ ਕੀਤਾ ਤੇ ਗੁਲਾਮਾਂ ਨੂੰ ਦੋਹਰੀ ਗੁਲਾਮੀ ਦਾ ਅਹਿਸਾਸ ਕਰਵਾ ਕੇ, ਸਮ-ਾਜਿਕ ਇਨਕਲਾਬ ਦੇ ਰਸਤੇ ਪਾਇਆ।




ਰਾਇਲ ਕਮਿਸ਼ਨ ਅਤੇ ਗਵਰਨਰ ਪੰਜਾਬ ਦੇ ਸਾਹਮਣੇ ਆਪਣੇ ਅਧਿਕਾਰਾਂ ਦੀਆਂ ਮੰਗਾਂ ਪੇਸ਼ ਕੀਤੀਆਂ, ਬੱਚਿਆਂ ਦੀਆਂ ਫੀਸਾਂ ਮੁਆਫ ਕਰਵਾਈਆਂ, ਅਛੂਤ ਵਿਰੋਧੀ, ਅਛੂਤ ਵਿਕਾਊ ਟੁੱਕੜਬੋਚਾਂ ਦਾ ਪਰਦਾ ਫਾਸ਼ ਕੀਤਾ। ਆਦਿ ਡੰਕਾ ਅਖਬਾਰ ਚਲਾਈ। ਸੋਹਣ ਸਿੰਘ ਭਕਨਾ ਦੇ ਅਹਿਮ ਸਾਥੀ ਰਹੇ। ਗਦਰੀ ਬਾਬਾ ਗੁਰਦਿਤ ਸਿੰਘ ਕਾਮਾ ਗਾਟਾਮਾਰੂ ਦਾ ਸਾਥ ਦਿੱਤਾ। ਲੋਕਾਂ ਨੂੰ ਦੱਸਿਆ ਕਿ ਸਾਡੇ ਗੁਰੂ ਤਾਂ ਗੁਰੂ ਰਵਿਦਾਸ, ਬਾਬਾ ਵਾਲਮੀਕ, ਬਾਬਾ ਨਾਮਦੇਵ, ਬਾਬਾ ਕਬੀਰ ਜੀ ਹਨ। ਲੋਕਾਂ ਨੂੰ ਤੇ ਅੰਗਰੇਜ਼ਾਂ ਨੂੰ ਦੱਸਿਆ ਕਿ ਅਸੀਂ ਇਸ ਦੇਸ਼ ਦੇ ਅਸਲੀ ਵਾਸ਼ਿੰਦੇ ਹਾਂ ਤੇ ਮਨੂੰਵਾਦੀ, ਆਰੀਅਨ ਵਿਦੇਸ਼ੀ ਹਨ। ਇਸ ਤੋਂ ਇਲਾਵਾ ਵੋਟਰ ਬਣਨ ਲਈ, ਜ਼ਮੀਨ ਜਾਇਦਾਦ ਤੇ ਯੋਗਤਾ ਆਦਿ ਦੀਆਂ ਸ਼ਰਤਾਂ ਖਤਮ ਕਰਾ ਕੇ ਸਧਾਰਨ ਕਰਵਾਈਆਂ। ਤਾਂ ਇਹ ਉਹ ਇਤਿਹਾਸ ਹੈ ਜਿਸ ਤੋਂ ਪੰਜਾਬ ਦੇ ਦਲਿਤ ਜੋ ਆਪਣੇ ਆਪ ਨੂੰ ਕਾਂਗਰਸੀ ਜਾਂ ਹਰੀਜਨ ਕਹਾਉਣ ਵਿਚ ਮਸ਼ਰੂਫ ਹਨ। ਕੁਝ ਇਕ ਟੁੱਕੜਬੋਚਾਂ ਨੇ ਆਪਣਾ ਇਤਿਹਾਸ ਘੱਟੇ ਪਾ ਕੇ 85 ਫੀਸਦੀ ਦਲਿਤ ਲੋਕਾਂ ਨਾਲ ਗਦਾਰੀ ਕੀਤੀ ਹੈ। ਦਲਿਤ ਲੋਕ ਇਸ ਗਦਾਰੀ ਨੂੰ ਭੁੱਲ ਨਹੀਂ ਸਕਣਗੇ। ਪ੍ਰੰਤੂ ਅੱਜ ਦਲਿਤ ਸ਼ੋਸ਼ਿਤ ਸਮਾਜ ਜਾਗਿਆ ਹੈ। ਦਲਿਤ ਇਤਿਹਾਸ ਮੁੜ ਚੌਰਾਹੇ 'ਤੇ ਹੈ। ਡਾ. ਅੰਬੇਡਕਰ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਵਾਰਸ ਅੱਜ ਸੁਚੇਤ ਹੋ ਕੇ ਤੁਰੇ ਹਨ, ਉਹ ਦਿਨ ਦੂਰ ਨਹੀਂ ਜਦੋਂ ਸਾਡਾ ਮਾਨਵੀ ਤੇ ਮਨੁੱਖੀ ਬਰਾਬਰੀ ਵਾਲਾ ਇਤਿਹਾਸ ਕੂੜ ਪਸਾਰੇ ਵਾਲੇ ਇਤਿਹਾਸ ਨੂੰ ਲੁਕਾ ਸਕੇਗਾ। ਅੰਤ ਮੈਂ ਸਮੂਹ ਦਲਿਤਾਂ ਨੂੰ ਅਪੀਲ ਕਰਾਂਗਾ ਕਿ ਉਹ ਉਕਤ ਸੋਵੀਨਰ ਜ਼ਰੂਰ ਮੰਗਾਉਣ ਤੇ ਆਪਣੇ ਵਿਲੱਖਣ ਇਤਿਹਾਸਕ ਹੀਰੋਆਂ ਤੋਂ ਜਾਣੂ ਹੋ ਕੇ ਅੱਗੇ ਵਧਣ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ 'ਬਹੁਜਨ ਸੰਦੇਸ਼' ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਤੇ ਵਿਸ਼ੇਸ਼ ਅੰਕ ਕੱਢ ਕੇ ਜਿੱਥੋਂ ਆਪਣੇ ਫਰਜ਼ ਨੂੰ ਨਿਭਾਇਆ ਹੈ, ਉਥੇ ਦਲਿਤਾਂ ਦੇ ਰੁਲ ਰਹੇ ਹੀਰੋ ਨੂੰ, ਵਿਸਰੇ ਜਾਂਦੇ ਇਤਿਹਾਸ ਨੂੰ ਦਲਿਤਾਂ ਅੱਗੇ ਪੇਸ਼ ਕੀਤਾ ਹੈ। ਇਸ ਲਈ ਕਿ ਜਦੋਂ ਤੱਕ ਅਸੀ ਆਪਣਾ ਇਤਿਹਾਸ ਨਹੀਂ ਜਾਣਦੇ, ਉਦੋਂ ਤੱਕ ਅੱਗੋਂ ਵੀ ਇਤਿਹਾਸ ਨਹੀਂ ਬਣਾ ਸਕਦੇ। ਇਸ ਸ਼ਲਾਘਾਯੋਗ ਕਦਮ ਲਈ 'ਬਹੁਜਨ ਸੰਦੇਸ਼' ਵਧਾਈ ਦਾ ਪਾਤਰ ਹੈ।

**- ਪ੍ਰੋ. ਗੁਰਨਾਮ ਸਿੰਘ, ਮੁਕਤਸਰ**
**ਧੰਨਵਾਦ ਸਹਿਤ ਫਤਿਹਜੰਗ ਸਿੰਘ**
**ਬਹੁਜਨ ਸੰਦੇਸ਼ 14 ਜੁਲਾਈ 1985**

# ਭੱਟੀ ਭਰਾਵਾਂ ਵੱਲੋਂ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਨੂੰ ਕੀਤਾ ਯਾਦ







**ਸੈਕਰਾਮੈਂਟੋ (ਡੀਡੀਬੀ)** ਬੀਤੇ ਦਿਨੀਂ 24 ਜੁਲਾਈ 2022 ਨੂੰ ਕਾਂਸਲੇਟ ਆਫਿਸ ਆਫ ਇੰਡੀਆ ਸੈਨਫਰਾਂਸਿਸਕੋ ਦੇ ਕੌਂਸਲ ਜਨਰਲ ਡਾ. ਟੀ. ਵੀ. ਨਗੇਂਦਰਾ ਪ੍ਰਸਾਦ ਅਤੇ ਕੌਂਸਲ ਡਾ. ਅਕੁਨ ਸਬਰਵਾਲ ਵੱਲੋਂ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਤੇ ਹਿੰਦੋਸਤਾਨ ਗਦਰ ਪਾਰਟੀ ਦੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਤਸਵੀਰ ਗਦਰ ਮੇਲੇ ਦੌਰਾਨ ਗਦਰ ਮੈਮੋਰੀਅਲ ਸੈਨਫਰਾਂਸਿਸਕੋ ਵਿਖੇ ਲਗਾਏ ਜਾਣ ਦੀ ਖੁਸ਼ੀ ਮਨਾਉਂਦਿਆਂ ਤੇ ਧੰਨਵਾਦ ਕਰਦਿਆਂ ਭੱਟੀ ਭਰਾਵਾਂ (ਸ੍ਰੀ ਚੇਮਸ ਭੱਟੀ ਅਤੇ ਸ੍ਰੀ ਪਾਮਸ ਭੱਟੀ) ਨੇ ਆਪਣੇ ਗ੍ਰਹਿ ਵਿਖੇ ਇਕ ਸੰਖੇਪ ਇਕੱਤਰਤਾ ਦੌਰਾਨ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੂੰ ਬੁਲਾ ਕੇ ਪ੍ਰੀਤੀ ਭੋਜਨ ਸਾਂਝਾ ਕਰਦਿਆਂ ਕਾਂਸਲੇਟ ਆਫਿਸ ਤੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦਾ ਧੰਨਵਾਦ ਕੀਤਾ, ਜਿਹਨਾਂ ਦੇ ਉਦਮ ਨਾਲ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਬਣਦਾ ਸਤਿਕਾਰ ਦਿੰਦਿਆਂ ਉਹਨਾਂ ਦੀ ਤਸਵੀਰ ਲਗਾ ਕੇ ਇਕ ਬਹੁਤ ਸਲਾਹੁਣਯੋਗ ਕੰਮ ਕਰਵਾਇਅ, ਜਿਸ ਦੀ ਹਰ ਪਾਸਿਉਂ ਪ੍ਰਸੰਸਾ ਹੋ ਰਹੀ ਹੈ। ਸ੍ਰੀ ਚੁੰਬਰ ਨੇ ਇਸ ਦੀ ਖੁਸ਼ੀ 'ਚ ਡਾ. ਪ੍ਰਸਾਦ ਅਤੇ ਡਾ. ਸਬਰਵਾਲ ਦੇ ਨਾਲ-ਨਾਲ ਸਮੂਹ ਆਫਿਸ ਤੇ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਡਾ. ਗੁਰਬਖਸ਼ ਸਿੰਘ ਬਾਘਾ ਨੇ ਖੁਸ਼ੀ ਜਾਹਿਰ ਕਰਦਿਆਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਵੱਲੋਂ ਬੜੇ ਲੰਮੇ ਸਮੇਂ ਤੋਂ ਉਠਾਈ ਜਾ ਰਹੀ ਮੰਗ ਨੂੰ ਮੌਜੂਦਾ ਕੌਂਸਲ ਜਨਰਲ ਡਾ. ਪ੍ਰਸਾਦ ਅਤੇ ਕੌਂਸਲ ਡਾ. ਸਬਰਵਾਲ ਵੱਲੋਂ ਮੰਗ ਪੂਰੀ ਕੀਤੇ ਜਾਣ ਤੇ ਵਧਾਈ ਦਿੰਦਿਆਂ ਉਹਨਾਂ ਦਾ ਧੰਨ-ਵਾਦ ਕੀਤਾ ਤੇ ਉਹਨਾਂ ਬਾਬਾ ਮੁੱਗੋਵਾਲੀਆ ਜੀ ਦੇ ਜੀਵਨ ਸੰਘਰਸ਼ ਤੇ ਚਾਨਣਾ ਵੀ ਪਾਇਆ ਕਿ ਉਹਨਾਂ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਦੇਸ਼ ਦੀ ਆਜ਼ਾਦੀ ਲਈ ਗਦਰ ਪਾਰਟੀ 'ਚ ਅਹਿਮ ਰੋਲ ਨਿਭਾਇਆ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਇੰਡੋ ਯੂਐਸ ਹੈਰੀਟੇਜ ਫਰਿਜਨੋ ਨੇ ਕਰਵਾਇਆ ਗ਼ਦਰੀ ਬਾਬਿਆਂ ਦੀ ਯਾਦ ਵਿੱਚ ਮੇਲਾ

## (ਸ਼ਹੀਦੋਂ ਕੀ ਚਿਤਾਓਂ 'ਪੇ ਲਗੇਂਗੇ ਹਰ ਬਰਸ ਮੇਲੇ, ਵਤਨ 'ਪੇ ਮਿਟਨੇ ਵਾਲੋਂ ਕਾ, ਯਹੀ ਬਾਕੀ ਨਿਸ਼ਾਂ ਹੋਗਾ)



















**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)**– ਪੰਜਾਬੀ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਹੋਣ, ਉਹ ਹਰ ਸਮੇਂ ਪੰਜਾਬ ਨਾਲ ਜੁੜੇ ਰਹਿੰਦੇ ਹਨ। ਇਸੇ ਲੜੀ ਅਤੇ ਸਮਰਪਣ ਤਹਿਤ ਗਦਰ ਲਹਿਰ ਦੀ ਸ਼ੁਰੂਆਤ 1913 ਵਿੱਚ ਅਮਰੀਕਾ ਤੋਂ ਹੋਈ ਸੀ। ਦੁਨੀਆਂ ਦੇ ਵੱਖ ਵੱਖ ਦੇਸ਼ਾਂ ਤੋਂ ਭਾਰਤ ਦੀ ਅਜ਼ਾਦੀ ਦੀ ਲਹਿਰ ਵਿੱਚ ਹਿੱਸਾ ਪਾਉਣ ਲਈ ਤਕਰੀਬਨ 8000 ਹਜ਼ਾਰ ਗ਼ਦਰੀ ਬਾਬੇ ਭਾਰਤ ਪਰਤੇ ਸਨ। ਜਿੰਨਾ ਵਿੱਚੋਂ ਬਹੁਤਾਤ ਪੰਜਾਬੀਆਂ ਦੀ ਸੀ। ਗਦਰ ਦੀ ਗੂੰਜ ਅਖਬਾਰ ਕੈਲੀਫੋਰਨੀਆਂ ਦੀ ਧਰਤੀ ਸਾਨਫਰਾਂਸਿਸਕੋ ਜੁਗੰਤਰ ਆਸ਼ਰਮ ਤੋਂ ਨਿਕਲਦਾ ਰਿਹਾ, ਜਿਸ ਦੀ ਗੂੰਜ ਨੇ ਗੋਰਿਆਂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਸੀ। ਇਸੇ ਲਹਿਰ ਨੂੰ ਸਮੱਰਪਿਤ ਭਾਰਤ ਦੀ ਅਜ਼ਾਦੀ ਵਿੱਚ ਹਿੱਸਾ ਪਾਉਣ ਵਾਲੇ ਸਮੂੰਹ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਸਥਾਨਿਕ "ਇੰਡੋ ਯੂਐਸ ਹੈਰੀਟੇਜ਼ ਫਰਿਜਨੋ, ਦੇ ਸਮੂੰਹ ਮੈਬਰਾਂ ਦੇ ਸਿਰਤੋੜ ਯਤਨਾਂ ਸਦਕੇ ਲੰਘੇ ਸ਼ਨੀਵਾਰ ਫਰਿਜਨੋ ਦੇ ਨੌਰਥ ਪੁਆਇੰਟ ਈਵੈਂਟ ਸੈਂਟਰ ਵਿੱਚ ਗਦਰੀ ਬਾਬਿਆਂ ਦੀ ਯਾਦ ਵਿੱਚ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਗ਼ਦਰੀ ਬਾਬਿਆਂ ਨੂੰ ਪ੍ਰਣਾਈ ਸੰਸਥਾ ਇੰਡੋ ਯੂ ਐਸ ਹੈਰੀਟੇਜ ਜੋ ਕਿ ਸਮਾਜਿਕ ਕਾਰਜ ਕਰਨ ਕਰਕੇ ਅਕਸਰ ਚਰਚਾ ਵਿੱਚ ਰਹਿੰਦੀ ਹੈ। ਇਸ ਮੇਲੇ ਵਿੱਚ ਮੁੱਖ ਮਹਿਮਾਨ ਡਾ ਪ੍ਰਿਥੀਪਾਲ ਸਿੰਘ ਸੋਹੀ, ਮੁੱਖ ਸਪੀਕਰ ਪ੍ਰੋ ਹਰਿੰਦਰ ਕੌਰ ਸੋਹੀ, ਇੰਡੋ ਯੂ ਐਸ ਹੈਰੀਟੇਜ ਸੰਸਥਾ ਦੇ ਸੱਦੇ ਤੇ ਉਚੇਚੇ ਤੌਰ ਤੇ ਕਨੇਡਾ ਤੋਂ ਪਹੁੰਚੇ ਹੋਏ ਸਨ। ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਫਰੀਦਕੋਟ ਦੇ ਵਧਾਇਕ ਸ੍ਰ ਗੁਰਦਿੱਤ ਸਿੰਘ ਸੇਖੋਂ ਨੇ ਖ਼ਾਸ ਤੌਰ ਤੇ ਹਾਜ਼ਰੀ ਭਰਕੇ ਮੇਲੇ ਨੂੰ ਹੋਰ ਵੀ ਚਾਰ ਚੰਨ ਲਾਏ। ਮੇਲੇ ਦੀ ਸ਼ੁਰੂਆਤ ਰਾਜ ਬਰਾੜ ਨੇ ਗਦਰੀ ਬਾਬਿਆਂ ਨੂੰ ਨਮਨ ਕਰਦਿਆਂ ਦੇਸ਼ ਭਗਤੀ ਦੇ ਗੀਤ ਨਾਲ ਕੀਤੀ। ਉਪਰੰਤ ਸ਼ਮਾਂ ਰੌਸ਼ਨ ਕਰਕੇ ਸ਼ਹੀਦਾਂ ਨੂੰ ਸਰਧਾ ਦੇ ਫੁੱਲ ਭੇਂਟ ਕੀਤੇ ਗਏ। ਸੰਸਥਾ ਦੇ ਕਨਵੀਨਰ ਸ ਸਾਧੂ ਸਿੰਘ ਸੰਘਾ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਕਹਿੰਦਿਆਂ ਗਦਰ ਲਹਿਰ ਦੇ ਇਤਿਹਾਸ ਤੇ ਪੰਛੀ ਝਾਤ ਪਵਾਈ। ਇਸ ਸਮੇਂ ਉਹਨਾਂ ਕਿਹਾ ਕਿ ਗਦਰੀ ਬਾਬਿਆਂ ਨੇ ਜਿੱਥੇ ਭਾਰਤ ਦੀ ਅਜ਼ਾਦੀ ਲਈ ਕੁਰਬਾਨੀਆਂ ਕੀਤੀਆਂ, ਓਥੇ ਅਮਰੀਕਾ ਵਰਗੇ ਮੁੱਲਕ ਵਿੱਚ ਬਰਾਬਰਤਾ ਦੇ ਅਧਿਕਾਰ, ਸਿਟੀਜਨਸ਼ਿਪ ਵਰਗੇ ਕਨੂੰਨ ਬਣਾਉਣ ਵਾਸਤੇ ਵੀ ਸੰਘਰਸ਼ ਕੀਤੇ।

ਇਸ ਉਪਰੰਤ ਸਵ। ਪਾਲ ਧਾਲੀਵਾਲ, ਆਤਮਾ ਸਿੰਘ, ਗੁਰਦੀਪ ਸਿੰਘ ਅਣਖੀ, ਪੱਤਰਕਾਰ ਜਗਜੀਤ ਸਿੰਘ ਥਿੰਦ ਅਤੇ ਸੂਬੇਦਾਰ ਮਹਿੰਦਰ ਸਿੰਘ ਗਰੇਵਾਲ ਨੂੰ ਯਾਦ ਕਰਦਿਆਂ, ਇੱਕ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ। ਗਾਇਕ ਅਤੇ ਗੀਤਕਾਰ ਪੱਪੀ ਭਦੌੜ ਅਤੇ ਕਮਲਜੀਤ ਬੈਨੀਪਾਲ ਨੇ ਸ਼ਹੀਦ ਏ ਆਜ਼ਮ ਸ। ਭਗਤ ਸਿੰਘ ਦੀ ਲਾੜੀ ਮੌਤ ਨਾਲ ਵਾਰਤਾ ਗਾਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਸੰਸਥਾ ਦੇ ਸਕੱਤਰ ਹੈਰੀ ਮਾਨ ਨੇ ਮੇਲੇ ਦੀ ਮਹੱਤਤਾ ਬਾਰੇ ਬੋਲਦਿਆਂ ਸ਼ਹੀਦ ਊਧਮ ਸਿੰਘ ਅਤੇ ਦੇਸ਼ ਦੇ ਹੋਰ ਮਹਾਨ ਸ਼ਹੀਦਾਂ ਦੇ ਜੀਵਨ ਬਾਰੇ ਭਰਪੂਰ ਜਾਣਕਾਰੀ ਪ੍ਰਦਾਨ ਕੀਤੀ। ਸ੍ਰ ਗੁਰਦਿੱਤ ਸਿੰਘ ਸੇਖੋ ਨੇ ਆਪਣੇ ਭਾਸ਼ਨ ਦੌਰਾਨ ਸ਼ਹੀਦਾਂ ਨੂੰ ਯਾਦ ਕਰਦਿਆਂ, ਆਪਣੀ ਡਿਊਟੀ ਐਮ ਐਲ ਏ ਦੇ ਤੌਰ ਤੇ ਤਨਦੇਹੀ ਨਾਲ ਨਿਭਾਉਣ ਦੀ ਗੱਲ ਕਹੀ।

ਫਰਿਜਨੋ ਦੇ ਲੋਕਾਂ ਨਾਲ ਖਚਾ-ਖਚਾ ਭਰੇ ਹਾਲ ਅੰਦਰ ਫੇਰ ਵਾਰੀ ਆਈ ਮੁੱਖ ਬੁਲਾਰੇ ਪ੍ਰੋ ਹਰਿੰਦਰ ਕੌਰ ਸੋਹੀ ਦੀ, ਜਿੰਨਾਂ ਦੀ ਇਕੱਲੀ ਇਕੱਲੀ ਗੱਲ ਦਰਸ਼ਕਾਂ ਨੇ ਕੰਨ ਲਾਕੇ ਸੁਣੀ, ਉਹਨਾਂ ਦੇਸ਼ ਦੇ ਮਹਾਨ ਸ਼ਹੀਦਾਂ ਨੂੰ ਯਾਦ ਕਰਦਿਆਂ, ਕਾਮਾ ਗਾਟਾ ਮਾਰੂ ਜਹਾਜ ਦੇ ਸ਼ਹੀਦਾਂ ਨੂੰ ਨਮਨ ਕੀਤਾ। ਪਾਸ਼ ਦੀਆਂ ਕਵਿਤਾਵਾਂ ਅਤੇ ਸ਼ੇਅਰਾਂ ਨਾਲ ਉਹਨਾ ਦਰਸ਼ਕਾਂ ਦਾ ਖ਼ੂਬ ਧਿਆਨ ਖਿੱਚਿਆ। ਸੈਂਟਰਲ ਵੈਲੀ ਦੀ ਭੰਗੜਾ ਟੀਮ ਨੇ ਢੋਲ ਦੇ ਡੱਗੇ ਤੇ ਸਭਨਾਂ ਦੇ ਪੱਬ ਥਿਰਕਣ ਲਾ ਦਿੱਤੇ। ਇਸ ਮੌਕੇ 4।0 ਗ੍ਰੇਡ ਪੁਆਇੰਟ ਵਾਲੇ ਬੱਚਿਆ ਨੂੰ ਸਨਮਾਨਿਤ ਵੀ ਕੀਤਾ ਗਿਆ।

ਸੰਸਥਾ ਦੇ ਸੈਕਟਰੀ ਰਣਜੀਤ ਗਿੱਲ (ਜੱਗਾ ਸਧਾਰ) ਨੇ, ਪੱਪੀ ਭਦੌੜ ਅਤੇ ਕਮਲਜੀਤ ਬੈਨੀਪਾਲ ਨਾਲ ਰਲਕੇ ਇੱਕ ਕਵੀਸ਼ਰੀ "ਭਗਤ ਸਿੰਘ ਦੀ ਘੋੜੀ" ਗਾਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਦਰਸ਼ਕਾਂ ਦੀ ਭਰਵੀਂ ਹਾਜ਼ਰੀ ਵਿੱਚ ਮੁੱਖ ਮਹਿਮਾਨ ਡਾ। ਪ੍ਰਿਥੀਪਾਲ ਸਿੰਘ ਸੋਹੀ ਨੇ ਸੰਸਥਾ ਦਾ ਸੋਵੀਨੀਅਰ ਰਲੀਜ਼ ਕੀਤਾ, ਇਸ ਮੌਕੇ ਸਾਧੂ ਸਿੰਘ ਸੰਘਾ ਦੀ ਕਿਤਾਬ "ਸੰਘਰਸ਼ੀ ਰਾਹ" ਵੀ ਲੋਕ ਅਰਪਣ ਕੀਤੀ ਗਈ। ਉਹਨਾਂ ਨੇ ਗਦਰ ਲਹਿਰ ਅਤੇ ਅਜੋਕੇ ਸਮੇਂ ਪੰਜਾਬੀਅਤ ਦੇ ਨਾਲ ਖੜਨ ਲਈ ਸਮੁੱਚੇ ਭਾਈਚਾਰੇ ਦੀ ਸ਼ਲਾਘਾ ਕੀਤੀ। "ਸੰਘਰਸੀ ਰਾਹ" ਨਾਵਲ ਬਾਰੇ ਬੋਲਦਿਆਂ ਉਹਨਾਂ ਕਿਹਾ ਕਿ ਇਹ ਕਿਤਾਬ ਗੰਦੇ ਨਿਯਾਮ,ਕਰੱਪਟ ਰਾਜਨੀਤਕ ਤਾਣੇ ਬਾਣੇ ਨੂੰ ਬਿਆਨਦੀ, ਯੂਨੀਅਨਾਂ ਚੋਂ ਉਪਜਦੇ ਸੰਘਰਸ਼ਾਂ ਦੀ ਬਾਤ ਪਾਉਂਦੀ ਹੈ। ਇਸ ਨਾਵਲ ਵਿੱਚ ਇਸ ਚੀਜ਼ ਤੇ ਵੀ ਜ਼ੋਰ ਦਿੱਤਾ ਗਿਆ ਕਿ ਸੰਗਠਨ ਹੇਮੇਸ਼ਾਂ ਸਰਕਾਰਾਂ ਨਾਲੋਂ ਤਾਕਤਵਰ ਹੁੰਦੇ ਨੇ। ਉਹਨਾਂ ਕਿਹਾ ਕਿ ਲਿਖਤ ਓਹੀ ਸਾਰਥਕ ਹੁੰਦੀ ਹੈ, ਜੋ ਪਾਠਕ ਨੂੰ ਉਂਗਲ ਫੜਕੇ ਨਾਲ ਤੋਰ ਲਵੇ, 'ਤੇ ਸਾਧੂ ਸਿੰਘ ਸੰਘਾ ਦੀ ਲੇਖਣੀ ਵਿੱਚੋਂ ਇਹ ਚੀਜ਼ ਪ੍ਰਤੱਖ ਨਜ਼ਰ ਆਉਦੀ ਹੈ।

ਸੰਸਥਾ ਦੇ ਪ੍ਰਧਾਨ ਨਿਰਮਲ ਸਿੰਘ ਧਨੌਲਾ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਪਿੱਛੋਂ ਚੱਲਿਆ ਗਾਇਕੀ ਦਾ ਖੁੱਲ੍ਹਾ ਅਖਾੜਾ, ਜਿਸ ਵਿੱਚ ਗਾਇਕ ਧਰਮਵੀਰ ਥਾਂਦੀ, ਅਵਤਾਰ ਗਰੇਵਾਲ, ਅਤੇ ਜੋਤ ਰਣਜੀਤ ਕੌਰ ਨੇ ਸ਼ਹੀਦਾਂ ਦੇ ਗੀਤ ਗਾਕੇ ਇੱਕ ਤਰਾਂ ਨਾਲ ਸਮਾਂ ਹੀ ਬੰਨ ਦਿੱਤਾ। ਲੋਕ ਇਹਨਾਂ ਦੇ ਹਰ ਗੀਤ, ਹਰ ਸ਼ੇਅਰ ਤੇ ਆਪ ਮੁਹਾਰੇ ਤਾੜੀਆਂ ਦੀ ਦਾਦ ਦੇ ਰਹੇ ਸਨ।

ਇਸ ਪਿੱਛੋਂ ਸੰਸਥਾ ਦੇ ਸਮੂਹ ਮੈਬਰਾਂ ਨੇ ਪ੍ਰੋ ਹਰਿੰਦਰ ਕੌਰ ਸੋਹੀ, ਡਾ ਪ੍ਰਿਥੀਪਾਲ ਸਿੰਘ ਸੋਹੀ, ਐਮ ਐਲ ਏ ਸ੍ਰ ਗੁਰਦਿੱਤ ਸਿੰਘ ਸੇਖੋ ਅਤੇ ਹਰਮਨ ਬਾਵਾ ਨੂੰ ਸਨਮਾਨ ਚਿੰਨ ਦੇਕੇ ਨਵਾਜਿਆ।

ਸ਼ਹੀਦਾਂ ਦੀ ਪ੍ਰਦੂਸ਼ਨੀ ਨੇ ਵੀ ਲੋਕਾਂ ਦਾ ਖ਼ੂਬ ਧਿਆਨ ਖਿੱਚਿਆ। ਇਸ ਮੌਕੇ ਨੌਰਥ ਪੁਆਇੰਟ ਈਵੈਂਟ ਸੈਂਟਰ (ਕਰੀ ਹਾਊਸ) ਦੇ ਫੂਡ ਅਤੇ ਪ੍ਰਬੰਧਾਂ ਦੀ ਹਰਕੋਈ ਤਰੀਫ਼ ਕਰ ਰਿਹਾ ਸੀ। ਮੇਲੇ ਦੀ ਲਾਈਵ ਕਵਰੇਜ਼ ਪੱਤਰਕਾਰ ਕੁਲਵੰਤ ਧਾਲੀਆਂ, ਰੇਡੀਓ ਪੰਜਾਬ ਅਤੇ ਪੰਜਾਬੀ ਰੇਡੀਓ ਯੂਐਸਏ ਆਦਿ ਨੇ ਕੀਤੀ। ਪੂਰੇ ਮੇਲੇ ਦੌਰਾਨ ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਅਤੇ ਰਣਜੀਤ ਗਿੱਲ ਨੇ ਬਾਖ਼ੂਬੀ ਸ਼ਾਇਰਾਨਾਂ ਅੰਦਾਜ਼ ਵਿੱਚ ਕੀਤਾ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਮੇਲਾ ਪ੍ਰਬੰਧਕ ਵੀਰਾਂ ਦੀ ਮਿਹਨਤ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਯਾਦਗਾਰੀ ਹੋ ਨਿਬੜਿਆ।

Photos- Kulwant Dhalian / Neeta Machhkie

# ਇੰਡੋ ਯੂਐਸ ਹੈਰੀਟੇਜ ਫਰਿਜਨੋ ਨੇ ਕਰਵਾਇਆ ਗ਼ਦਰੀ ਬਾਬਿਆਂ ਦੀ ਯਾਦ ਵਿੱਚ ਮੇਲਾ

















'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



ਕੈਲੀਫੋਰਨੀਆ ਤੋਂ ਲਿਖਦੇ : ਹੁਸਨ ਲੜੋਆ ਬੰਗਾ

# ਸੈਨਟ ਵੱਲੋਂ 'ਇਨਫਲੇਸ਼ਨ ਰਿਡਕਸ਼ਨ ਐਕਟ' ਨੂੰ ਪ੍ਰਵਾਨਗੀ ਮੱਧਕਾਲੀ ਚੋਣਾਂ ਤੋਂ ਪਹਿਲਾਂ ਬਾਈਡਨ ਦੀ ਦੀ ਵੱਡੀ ਪ੍ਰਾਪਤੀ

**ਸੈਕਰਾਮੈਂਟੋ 8 ਅਗਸਤ–** ਸੈਨਟ ਨੇ ਬੀਤੇ ਦਿਨ 'ਇਨਫਲੇਸ਼ਨ ਰਿਡਕਸ਼ਨ ਐਕਟ' ਨੂੰ ਪ੍ਰਵਾਨਗੀ ਦੇ ਦਿੱਤੀ। ਰਾਸ਼ਟਰਪਤੀ ਜੋ ਬਾਈਡਨ ਦੀ ਮੱਧਕਾਲੀ ਚੋਣਾਂ ਤੋਂ ਪਹਿਲਾਂ ਇਹ ਵੱਡੀ ਜਿੱਤ ਮੰਨੀ ਜਾਂਦੀ ਹੈ। ਇਸ ਐਕਟ ਵਿਚ ਸਿਹਤ ਸੰਭਾਲ, ਵਾਤਾਵਰਣ ਸੰਭਾਲ ਤੇ ਟੈਕਸ ਖੇਤਰ ਵਿਚ ਵੱਡੇ ਸੁਧਾਰਾਂ ਦੀ ਵਿਵਸਥਾ ਹੈ। ਸਮੁੱਚੇ ਡੈਮੋਕਰੈਟਿਕ ਮੈਂਬਰਾਂ ਨੇ ਪਾਰਟੀ ਦੀ ਸੋਚ ਅਨੁਸਾਰ ਬਿੱਲ ਦੇ ਹੱਕ ਵਿਚ ਵੋਟਾਂ ਪਾਈਆਂ ਜਦ ਕਿ ਵਿਰੋਧ ਧਿਰ ਰਿਪਬਲੀਕਨ ਪਾਰਟੀ ਦੇ ਸਮੁੱਚੇ ਮੈਂਬਰ ਵਿਰੋਧ ਵਿਚ ਭੁਗਤੇ।

ਹੁਣ ਇਹ ਬਿੱਲ ਡੈਮੋਕਰੈਟਿਕ ਦੀ ਬਹੁਮਤ ਵਾਲੇ ਪ੍ਰਤੀਨਿੱਧ ਸਦਨ ਵਿਚ ਜਾਵੇਗਾ ਜਿਥੇ ਇਸ ਨੂੰ ਪਾਸ ਕਰਨ ਵਿੱਚ ਕੋਈ ਮੁਸ਼ਕਿਲ ਨਹੀਂ ਆਵੇਗੀ। ਬਿੱਲ ਉਪਰ ਵੋਟਾਂ ਪੈਣ ਤੋਂ ਪਹਿਲਾਂ ਸੈਨਟ ਦੇ ਬਹੁਗਿਣਤੀ ਆਗੂ ਚੁਕ ਚੂਮਰ ਨੇ ਕਿਹਾ ਕਿ ਇਹ ਬਿੱਲ 21 ਵੀਂ ਸੱਦੀ ਦਾ ਇਤਿਹਾਸਕ ਕਦਮ ਹੈ ਜਿਸ ਵਿਚ ਵਾਤਾਵਰਣ ਬਾਰੇ ਅਮਰੀਕਾ ਦੇ ਇਤਿਹਾਸ ਵਿਚ ਹੁਣ ਤੱਕ ਦਾ ਸਭ ਤੋਂ ਵੱਡਾ ਪੈਕਜ ਸ਼ਾਮਿਲ ਹੈ।

ਰਾਤ ਭਰ ਚੱਲੇ ਸੈਸ਼ਨ ਵਿਚ ਲੰਬੀ ਬਹਿਸ ਤੇ ਵਿਚਾਰ ਵਟਾਂਦਰੇ ਉਪਰੰਤ ਬਿੱਲ ਉਪਰ ਵੋਟਾਂ ਪਈਆਂ। ਬਿੱਲ ਦੇ ਹੱਕ ਤੇ ਵਿਰੋਧ ਵਿਚ ਬਰਾਬਰ ਵੋਟਾਂ ਪੈਣ ਉਪਰੰਤ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਬਿੱਲ ਦੇ ਹੱਕ ਵਿਚ ਵੋਟ ਪਾ ਕੇ ਬਿੱਲ ਦੇ ਪਾਸ ਹੋਣ ਲਈ ਰਾਹ ਸਾਫ ਕਰ ਦਿੱਤਾ। ਰਾਸ਼ਟਰਪਤੀ ਬਾਈਡਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮੈਂ ਰਾਸ਼ਟਰਪਤੀ ਦੀ ਚੋਣ ਇਸ ਵਾਅਦੇ 'ਤੇ ਲੜੀ ਸੀ ਕਿ ਇਕ ਅਜਿਹੀ ਸਰਕਾਰ ਬਣਾਈ ਜਾਵੇਗੀ ਜੋ ਕੰਮਕਾਜੀ ਪਰਿਵਾਰਾਂ ਲਈ ਕੰਮ ਕਰੇਗੀ। ਇਹ ਵਾਅਦਾ ਇਸ ਬਿੱਲ ਨੇ ਪੂਰਾ ਕਰ ਦਿੱਤਾ ਹੈ। ਵਾਈਟ ਹਾਊਸ ਵੱਲੋਂ ਜਾਰੀ ਇਕ ਬਿਆਨ ਵਿਚ ਬਾਈਡਨ ਨੇ ਇਕਜੁੱਟ ਰਹਿਣ ਲਈ ਡੈਮੋਕਰੈਟਿਕ ਮੈਂਬਰਾਂ ਦਾ ਧੰਨਵਾਦ ਵੀ ਕੀਤਾ ਹੈ। ਸੈਨਟ ਦੇ ਘੱਟ ਗਿਣਤੀ ਆਗੂ ਮਿਚ ਮੈਕੋਨੈਲ ਨੇ ਬਿੱਲ ਦੀ ਅਲੋਚਨਾ ਕਰਦਿਆਂ ਕਿਹਾ ਹੈ ਕਿ ਬਿੱਲ ਨਾਲ ਕੁਝ ਵਿਸ਼ੇਸ਼ ਕਾਰਪੋਰੇਸ਼ਨਾਂ ਉਪਰ ਟੈਕਸ ਵਧੇਗਾ ਜਦ ਕਿ ਅਗਲੇ ਦਹਾਕੇ ਦੌਰਾਨ ਕੇਵਲ 100 ਅਰਬ ਡਾਲਰ ਦਾ ਘਾਟਾ ਘਟੇਗਾ।

# ਨਿਆਂ ਵਿਭਾਗ ਆਪਣੀ ਕਾਰਵਾਈ ਕਰਨ ਲਈ ਆਜਾਦ ਹੈ- ਵਾਈਟ ਹਾਊਸ

## ਡੋਨਲਡ ਟਰੰਪ ਦੀ ਨਿੱਜੀ ਕਲੱਬ ਤੇ ਰਿਹਾਇਸ਼ 'ਤੇ ਛਾਪਾ ਮਾਰਨ ਬਾਰੇ ਰਾਸ਼ਟਰਪਤੀ ਬਾਈਡਨ ਨੂੰ ਨਹੀਂ ਦਿੱਤੀ ਗਈ ਜਾਣਕਾਰੀ

**ਸੈਕਰਾਮੈਂਟੋ 10 ਅਗਸਤ–** ਐਫ ਬੀ ਆਈ ਵੱਲੋਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਫਲੋਰਿਡਾ ਸਥਿਤ ਇਕ ਨਿੱਜੀ ਕਲੱਬ ਤੇ ਰਿਹਾਇਸ਼ ਉਪਰ ਮਾਰੇ ਗਏ ਛਾਪੇ ਤੋਂ ਪਹਿਲਾਂ ਰਾਸ਼ਟਰਪਤੀ ਜੋਅ ਬਾਈਡਨ ਨੂੰ ਜਾਣਕਾਰੀ ਨਹੀਂ ਦਿੱਤੀ ਗਈ ਸੀ। ਇਹ ਪ੍ਰਗਟਾਵਾ ਵਾਈਟ ਹਾਊਸ ਵੱਲੋਂ ਜਾਰੀ ਇਕ ਬਿਆਨ ਵਿਚ ਕੀਤਾ ਗਿਆ ਹੈ।

ਡੋਨਲਡ ਅਮਰੀਕਾ ਦਾ ਪਹਿਲਾ ਸਾਬਕਾ ਰਾਸ਼ਟਰਪਤੀ ਹੈ ਜਿਸ ਵਿਰੁੱਧ ਐਫ ਬੀ ਆਈ ਨੇ ਕਾਰਵਾਈ ਕੀਤੀ ਹੈ। ਇਸ ਤੋਂ ਪਹਿਲਾਂ ਕਿਸੇ ਵੀ ਸਾਬਕਾ ਰਾਸ਼ਟਰਪਤੀ ਵਿਰੁੱਧ ਅਜਿਹੀ ਕਾਰਵਾਈ ਨਹੀਂ ਕੀਤੀ ਗਈ। ਵਾਈਟ ਹਾਊਸ ਦੀ ਪ੍ਰੈਸ ਸਕੱਤਰ ਕਰੀਨ ਜੀਨ ਪੀਰੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਛਾਪਾ ਮਾਰਨ ਤੋਂ ਪਹਿਲਾਂ ਨਾ ਤਾਂ ਰਾਸ਼ਟਰਪਤੀ ਨੂੰ ਸੂਚਿਤ ਕੀਤਾ ਗਿਆ ਤੇ ਨਾ ਹੀ ਉਨਾਂ ਨੂੰ ਨਿੱਜੀ ਤੌਰ 'ਤੇ ਇਸ ਬਾਰੇ ਕੋਈ ਜਾਣਕਾਰੀ ਸੀ।

ਪ੍ਰੈਸ ਸਕੱਤਰ ਅਨੁਸਾਰ ਰਾਸ਼ਟਰਪਤੀ ਨੂੰ ਛਾਪਾ ਮਾਰਨ ਬਾਰੇ ਪਤਾ ਜਨਤਿਕ ਅਖਬਾਰੀ ਰਿਪੋਰਟਾਂ ਤੋਂ ਅਮਰੀਕੀ ਸਮੇ ਅਨੁਸਾਰ ਸੋਮਵਾਰ ਸ਼ਾਮ ਨੂੰ ਲੱਗਾ। ਉਨਾਂ ਕਿਹਾ ਕਿ ਸਾਨੂੰ ਛਾਪੇ ਬਾਰੇ ਆਮ ਅਮਰੀਕੀ ਜਨਤਾ ਵਾਂਗ ਹੀ ਪਤਾ ਲੱਗਾ। ਉਨਾਂ ਨੇ ਸਪੱਸ਼ਟ ਕੀਤਾ ਕਿ ਨਿਆਂ ਵਿਭਾਗ ਆਪਣੀ ਜਾਂਚ ਕਰਨ ਲਈ ਆਜਾਦ ਹੈ ਤੇ ਰਾਸ਼ਟਰਪਤੀ ਬਾਈਡਨ ਨਿਆਂ ਵਿਭਾਗ ਦੀ ਆਜਾਦੀ ਵਿਚ ਮੁਕੰਮਲ ਵਿਸ਼ਵਾਸ਼ ਰਖਦੇ ਹਨ। ਉਧਰ ਛਾਪੇ ਨੂੰ ਲੈ ਕੇ ਰਾਜਨੀਤੀ ਤੇਜ ਹੋ ਗਈ ਹੈ। ਕੁਝ ਰਿਪਬਲੀਕਨ ਸੰਸਦ ਮੈਂਬਰਾਂ ਨੇ ਐਫ ਬੀ ਆਈ ਦੇ ਛਾਪੇ ਨੂੰ ਰਾਜਨੀਤੀ ਤੋਂ ਪ੍ਰੇਰਤ ਦਸਿਆ ਹੈ। ਸਾਬਕਾ ਰਾਸ਼ਟਰਪਤੀ ਟਰੰਪ ਨੇ ਦੋਸ਼ ਲਾਇਆ ਹੈ ਕਿ ਐਫ ਬੀ ਆਈ ਦੀ ਕਾਰਵਾਈ ਉਨਾਂ ਨੂੰ 2024 ਵਿਚ ਰਾਸ਼ਟਰਪਤੀ ਵਜੋਂ ਚੋਣ ਲੜਨ ਤੋਂ ਰੋਕਣ ਲਈ ਕੀਤੀ ਗਈ ਹੈ।

# ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ ਇਕ ਘਰ ਨੂੰ ਲੱਗੀ ਅੱਗ ਨਾਲ 3 ਬੱਚਿਆਂ ਸਮੇਤ 10 ਲੋਕ ਸੜਕੇ ਮਰੇ

**ਸੈਕਰਾਮੈਂਟੋ 6 ਅਗਸਤ–** ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ ਨੈਸਕੋਪੈਕ ਵਿਖੇ ਇਕ ਘਰ ਨੂੰ ਲੱਗੀ ਭਿਆਨਕ ਅੱਗ ਵਿਚ ਸੜਕੇ 3 ਬੱਚਿਆਂ ਸਮੇਤ 10 ਜਣਿਆਂ ਦੀ ਮੌਤ ਹੋ ਗਈ। ਪੁਲਿਸ ਨੇ 10 ਮੌਤਾਂ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਮ੍ਰਿਤਕਾਂ ਦੀ ਉਮਰ 5 ਸਾਲ ਤੋਂ ਲੈ ਕੇ 79 ਸਾਲ ਤੱਕ ਸੀ। ਨੈਸਕੋਪੈਕ ਫਿਲਾਡੈਲਫੀਆ ਦੇ ਉਤਰ-ਪੱਛਮ ਵਿਚ ਤਕਰੀਬਨ 95 ਕਿਲੋਮੀਟਰ ਦੂਰ ਸਥਿਤ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੀ ਰਾਤ ਤੜਕਸਾਰ 3 ਵਜੇ ਅੱਗ ਲੱਗੀ। ਪੁਲਿਸ ਅਧਿਕਾਰੀ ਲੈਫਟੀਨੈਂਟ ਡੇਰਕ ਫਲੈਸਮੈਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਅੱਗ ਬੁਝਾਊ ਅਮਲੇ ਨੇ ਹਿੰਮਤ ਨਾਲ ਅੱਗ ਉਪਰ ਕਾਬੂ ਪਾਉਣ ਦਾ ਯਤਨ ਕੀਤਾ ਪਰੰਤੂ ਅੱਗ ਦੀਆਂ ਤੇਜ ਲਪਟਾਂ ਤੇ ਤਪਸ਼ ਕਾਰਨ ਉਹ ਘਰ ਵਿਚ ਦਾਖਲ ਨਹੀਂ ਹੋ ਸਕੇ। ਦੋ ਮੰਜਿਲਾ ਘਰ ਨੂੰ ਅੱਗ ਲੱਗਣ ਉਪਰੰਤ 3 ਬਾਲਗ ਖੁਦ ਘਰ ਵਿਚੋਂ ਸੁਰੱਖਿਅਤ ਬਾਹਰ ਆ ਗਏ ਜਦ ਕਿ



10 ਲੋਕਾਂ ਦੀ ਮੌਤ ਹੋ ਗਈ। ਘਰ ਪੂਰੀ ਤਰਾਂ ਸੜਕੇ ਸਵਾਹ ਹੋ ਗਿਆ। ਮ੍ਰਿਤਕਾਂ ਵਿਚ ਦੋ ਲੜਕੇ ਜਿਨਾਂ ਦੀ ਉਮਰ 5 ਤੇ 6 ਸਾਲ ਸੀ ਤੇ ਇਕ ਲੜਕੀ ਜਿਸ ਦੀ ਉਮਰ 7 ਸਾਲ ਸੀ ਵੀ ਸ਼ਾਮਿਲ ਹਨ। ਹੋਰ ਮ੍ਰਿਤਕਾਂ ਦੀ ਪਛਾਣ ਡੇਲ ਬੇਕਰ (19), ਸਟਾਰ ਬੇਕਰ (22), ਡੇਵਿਡ ਡੌਬਰਟ ਸੀਨੀਅਰ (79), ਬਰੀਅਨ ਡੌਬਰਟ (42), ਸਾਨੂਨ ਡੌਬਰਟ (45), ਲੌਰਾ ਡੌਬਰਟ (47) ਤੇ ਮਰੀਅਨ ਸਲੁਸਰ (54) ਵਜੋਂ ਹੋਈ ਹੈ। ਫਲੈਸਮੈਨ ਨੇ ਕਿਹਾ ਹੈ ਕਿ ਅੱਗ ਲੱਗਣ ਦੇ ਕਾਰਨਾਂ ਦੀ ਬਰੀਕੀ ਨਾਲ ਜਾਂਚ ਕੀਤੀ ਜਾਵੇਗੀ ਤੇ ਇਸ ਸਬੰਧੀ ਸਬੰਧਤ ਅਧਿਕਾਰੀ ਨੂੰ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਇਹ ਪੁੱਛੇ ਜਾਣ 'ਤੇ ਕਿ ਕੀ ਅੱਗ ਲੱਗਣ ਦੀ ਘਟਨਾ ਪਿੱਛੇ ਕੋਈ ਸਾਜਿਸ਼ ਹੋ ਸਕਦੀ ਹੈ ਤਾਂ ਫਲੈਸਮੈਨ ਨੇ ਕਿਹਾ ਫਿਲਹਾਲ ਮਾਮਲਾ ਜਾਂਚ ਅਧੀਨ ਹੈ। ਅਜੇ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਰੈਡ ਕਰਾਸ ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਅੱਗ ਕਾਰਨ ਬੇਘਰ ਹੋਏ ਲੋਕਾਂ ਦੀ ਆਰਥਕ ਤੇ ਹੋਰ ਲੋੜੀਂਦੀ ਮੱਦਦ ਕਰ ਰਹੇ ਹਨ।

# ਅਮਰੀਕਾ ਦੀ ਇਕ ਸੰਘੀ ਅਦਾਲਤ ਨੇ ਨਫਰਤੀ ਅਪਰਾਧ ਦੇ ਮਾਮਲੇ ਵਿਚ ਪਹਿਲਾਂ ਹੀ ਉਮਰ ਕੈਦ ਕੱਟ ਰਹੇ ਪਿਓ-ਪੁੱਤਰ ਤੇ ਗੁਵਾਂਢੀ ਨੂੰ ਸੁਣਾਈ ਸਖਤ ਸਜ਼ਾ

**ਸੈਕਰਾਮੈਂਟੋ 9 ਅਗਸਤ–** ਇਕ ਸੰਘੀ ਅਦਾਲਤ ਨੇ ਅਹਮੋਡ ਆਰਬਰੀ ਨਾਮੀ ਸਿਆਹਫਿਆਮ ਵਿਅਕਤੀ ਦੀ ਹੱਤਿਆ ਦੇ ਮਾਮਲੇ ਵਿਚ ਪਹਿਲਾਂ ਹੀ ਉਮਰ ਕੈਦ ਦੀ ਸਜ਼ਾ ਕਟ ਰਹੇ ਪਿਓ-ਪੁਤਰ ਤੇ ਉਨਾਂ ਦੇ ਗਵਾਂਢੀ ਨੂੰ ਨਫਰਤੀ ਅਪਰਾਧ ਦੇ ਦੋਸ਼ਾਂ ਤਹਿਤ ਉਮਰ ਭਰ ਲਈ ਜੇਲ ਵਿਚ ਬੰਦ ਰਖਣ ਦਾ ਆਦੇਸ਼ ਦਿੱਤਾ ਹੈ। ਟਰਾਵਿਸ ਮੈਕੀਸ਼ੈਲ ਜਿਸ ਨੇ ਆਰਬਰੀ ਦੇ ਗੋਲੀ ਮਾਰੀ ਸੀ, ਨੂੰ ਉਮਰ ਕੈਦ ਤੇ 10 ਸਾਲ ਦੀ ਸਜ਼ਾ, ਉਸ ਦੇ ਪਿਤਾ ਜਾਰਜੀ ਜਿਸ ਨੇ ਨਫਰਤੀ ਅਪਰਾਧ ਦੀ ਸ਼ੁਰੂਆਤ ਕੀਤੀ ਸੀ ,ਨੂੰ ਉਮਰ ਭਰ ਲਈ ਜੇਲ ਤੇ 7 ਸਾਲ ਹੋਰ ਸਜ਼ਾ ਸੁਣਾਈ ਹੈ। ਉਨਾਂ ਦੇ ਗਵਾਂਢੀ ਵਿਲੀਅਮ ਰੋਡੀ ਬਰਾਇਨ ਜਿਸ ਨੇ ਹੱਤਿਆ ਦੀ ਵੀਡੀਓ ਬਣਾਈ ਸੀ, ਨੂੰ 35 ਸਾਲ ਜੇਲ ਦੀ ਸਜ਼ਾ ਸੁਣਾਈ ਹੈ।

ਜੱਜ ਨੇ ਦੋਸ਼ੀਆਂ ਦੀ ਸੰਘੀ ਜੇਲ ਵਿਚ ਸਜ਼ਾ ਕੱਟਣ ਲਈ ਕੀਤੀ ਗਈ ਬੇਨਤੀ ਰੱਦ ਕਰ ਦਿੱਤੀ। "ਹਾਲਾਂ ਕਿ ਦੋਸ਼ੀ ਪਹਿਲਾਂ ਹੀ ਉਮਰ ਕੈਦ ਕੱਟ ਰਹੇ ਹਨ ਪਰੰਤੂ ਸੰਘੀ ਅਦਾਲਤ ਦਾ ਨਿਰਣਾ ਨਿਆਂ ਵਿਭਾਗ ਦੇ ਮਨੁੱਖੀ ਹੱਕਾਂ ਬਾਰੇ ਵਿੰਗ ਤੇ ਸੰਘੀ ਨਿਆਂ ਪ੍ਰਣਾਲੀ ਲਈ ਬਹੁਤ ਅਹਿਮ ਹੈ। " ਸੰਘੀ ਅਦਾਲਤ ਦੇ ਫੈਸਲੇ ਉਪਰ ਇਹ ਪ੍ਰਤੀਕਰਮ ਪ੍ਰਗਟ ਕਰਦਿਆਂ ਕੇਸ ਵੈਸਟਰਨ ਰਿਜਰਵ ਯੁਨੀਵਰਸਿਟੀ ਸਕੂਲ ਆਫ ਲਾਅ ਦੀ ਐਸੋਸੀਏਟ ਪ੍ਰੋਫੈਸਰ ਤੇ ਸਕੂਲ ਦੀ ਸਮਾਜਿਕ ਨਿਆਂ ਸੰਸਥਾ ਦੀ ਸਹਿ ਡਾਇਰੈਕਟਰ ਅਈਸ਼ਾ ਬੈਲ ਹਾਰਡਵੇਅਜ ਨੇ ਕਿਹਾ ਹੈ ਕਿ ' ਇਸ ਫੈਸਲੇ ਨੇ ਅਮਰੀਕਾ ਦੇ ਬਦਨਾਮ ਇਤਿਹਾਸ ਨੂੰ ਰੱਦ ਕਰ ਦਿੱਤਾ ਹੈ ਜਦੋਂ ਜਨਤਿਕ ਹੱਤਿਆਵਾਂ ਦੀ ਖੁਸ਼ੀ ਮਨਾਈ ਜਾਂਦੀ ਸੀ।'

# ਏਸ਼ੀਅਨ ਮੂਲ ਦੇ ਪਰਿਵਾਰ 'ਤੇ ਹਮਲਾ ਕਰਨ ਦੇ ਮਾਮਲੇ ਵਿਚ ਦੋਸ਼ੀ ਨੂੰ 25 ਸਾਲ ਦੀ ਜੇਲ

**ਸੈਕਰਾਮੈਂਟੋ 6 ਅਗਸਤ–** ਅਮਰੀਕਾ ਦੇ ਟੈਕਸਾਸ ਰਾਜ ਵਿਚ ਇਕ ਏਸ਼ੀਅਨ ਮੂਲ ਦੇ ਪਰਿਵਾਰ ਉਪਰ ਹੋਏ ਹਮਲੇ ਦੇ ਮਾਮਲੇ ਵਿਚ ਦੋਸ਼ੀ ਨੂੰ 25 ਸਾਲ ਜੇਲ ਦੀ ਸਜ਼ਾ ਸੁਣਾਈ ਗਈ ਹੈ। ਇਸ ਸਾਲ ਫਰਵਰੀ ਵਿਚ ਅਦਾਲਤ ਨੇ 21 ਸਾਲਾ ਜੋਸ ਗੋਮੇਜ਼ ਨੂੰ ਨਫਰਤੀ ਅਪਰਾਧ ਦਾ ਦੋਸ਼ੀ ਕਰਾਰ ਦਿੱਤਾ ਸੀ ਤੇ ਸਜ਼ਾ ਬੀਤੇ ਦਿਨ ਸੁਣਾਈ ਗਈ। ਸੰਘੀ ਵਕੀਲਾਂ ਅਨੁਸਾਰ ਮਾਰਚ 2020 ਵਿਚ ਮਿਡਲੈਂਡ (ਟੈਕਸਾਸ) ਦੇ ਇਕ ਕਲੱਬ ਵਿਚੋ ਗੋਮਜ ਨੇ ਇਕ ਬਰਮਾ (ਮਿਆਂਮਾਰ) ਦਾ ਪਰਿਵਾਰ ਵੇਖਿਆ। ਗੋਮਜ ਨੇ ਸਮਝਿਆ ਕਿ ਇਹ ਚੀਨ ਦੇ ਲੋਕ ਹਨ। ਗੋਮਜ ਨੇ ਇਸ ਪਰਿਵਾਰ ਦਾ ਪਿੱਛਾ ਕੀਤਾ ਤੇ ਜਦੋਂ ਇਹ ਪਰਿਵਾਰ ਇਕ ਸਟੋਰ ਵਿਚ ਦਾਖਲ ਹੋਇਆ ਤਾਂ ਉਸ ਨੇ ਰਸੋਈ ਵਿਚ ਵਰਤੀ ਜਾਣ ਵਾਲੀ ਛੁਰੀ ਨਾਲ ਪਰਿਵਾਰ ਉਪਰ ਹਮਲਾ ਕਰ ਦਿੱਤਾ ਜੋ ਛੁਰੀ ਉਸ ਨੇ ਸਟੋਰ ਵਿਚੋਂ ਹੀ ਖਰੀਦੀ ਸੀ। ਇਸ ਹਮਲੇ ਵਿਚ ਇਕ 6 ਸਾਲ ਦਾ ਬੱਚਾ ਤੇ ਉਸ ਦਾ ਪਿਤਾ ਜਖਮੀ ਹੋ ਗਿਆ ਸੀ । ਸਟੋਰ ਦਾ ਇਕ ਮੁਲਾਜ਼ਮ ਵੀ ਜ਼ਖਮੀ ਹੋ ਗਿਆ ਸੀ ਜਿਸ ਨੇ ਗੋਮਜ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਗੋਮਜ ਨੇ ਏਸ਼ੀਅਨਾਂ ਬਾਰੇ 'ਗੈਟ ਆਊਟ ਆਫ ਅਮੈਰੀਕਾ' ਵਰਗੇ ਸ਼ਬਦਾਂ ਦੀ ਵਰਤੋਂ ਕੀਤੀ। ਗੋਮਜ ਨੇ ਅਧਿਕਾਰੀਆਂ ਅੱਗੇ ਮੰਨਿਆ ਕਿ ਉਸ ਨੇ ਪਰਿਵਾਰ ਉਪਰ ਹਮਲਾ ਇਹ ਸਮਝ ਕੇ ਕੀਤਾ ਸੀ ਕਿ ਇਹ ਲੋਕ ਉਸ ਦੇਸ਼ ਦੇ ਹਨ ਜੋ ਕੋਵਿਡ 19 ਬਿਮਾਰੀ ਫੈਲਾਉਣ ਲਈ ਜਿੰਮਵਾਰ ਹੈ।

# ਅਮਰੀਕਾ ਵਿਚ ਹੋਈ ਗੋਲੀਬਾਰੀ ਵਿਚ 9 ਲੋਕ ਜ਼ਖਮੀ, ਸ਼ੱਕੀ ਮੌਕੇ ਤੋਂ ਫਰਾਰ

**ਸੈਕਰਾਮੈਂਟੋ 8 ਅਗਸਤ–** ਅਮਰੀਕਾ ਦੇ ਸਿਨਸੀਨਾਟੀ ਸ਼ਹਿਰ ਦੇ ਅੰਦਰਲੇ ਹਿੱਸੇ ਵਿਚ ਹੋਈ ਗੋਲੀਬਾਰੀ ਵਿਚ 9 ਲੋਕ ਜ਼ਖਮੀ ਹੋ ਗਏ। ਅਸਿਸਟੈਂਟ ਪੁਲਿਸ ਮੁੱਖੀ ਮਾਈਕਲ ਜੋਹਨ ਨੇ ਪ੍ਰੈਸ ਕਾਨਫਰੰਸ ਦੌਰਾਨ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਦੋ ਧੜਿਆਂ ਵਿਚਾਲੇ ਬੋਲ ਕਬੋਲ ਉਪਰੰਤ ਦਰਜਨ ਤੋਂ ਵਧ ਗੋਲੀਆਂ ਚੱਲੀਆਂ। ਉਸ ਸਮੇ ਘਟਨਾ ਸਥਾਨ 'ਤੇ ਭਾਰੀ ਗਿਣਤੀ ਵਿਚ ਲੋਕ ਮੌਜੂਦ ਸਨ। ਜੋਹਨ ਅਨੁਸਾਰ ਜ਼ਖਮੀਆਂ ਵਿਚ 8 ਮਰਦ ਤੇ ਇਕ ਔਰਤ ਸ਼ਾਮਿਲ ਹੈ ਜਿਨਾਂ ਦੀ ਉਮਰ 23 ਤੋਂ 47 ਸਾਲ ਤੱਕ ਹੈ। ਉਨਾਂ ਕਿਹਾ ਕਿ ਜ਼ਖਮੀਆਂ ਦੀ ਹਾਲਤ ਸਥਿਰ ਹੈ ਤੇ ਕਿਸੇ ਦੇ ਵੀ ਗੰਭੀਰ ਜ਼ਖਮ ਨਹੀਂ ਹੈ। ਜੋਹਨ ਨੇ ਕਿਹਾ ਹੈ ਕਿ ਪੁਲਿਸ ਨੂੰ ਦੋ ਵਿਅਕਤੀਆਂ ਦੀ ਭਾਲ ਹੈ ਜਿਨਾਂ ਵਿਚੋਂ ਇਕ ਉਪਰ ਪੁਲਿਸ ਅਫਸਰ ਜੋਏ ਸ਼ੁੱਕ ਨੇ ਗੋਲੀ ਵੀ ਚਲਾਈ ਸੀ ਪਰੰਤੂ ਇਹ ਪਤਾ ਨਹੀਂ ਲੱਗ ਸਕਿਆ ਕਿ ਸ਼ੱਕੀ ਦੇ ਗੋਲੀ ਵੱਜੀ ਹੈ ਜਾਂ ਨਹੀਂ ਕਿਉਂਕਿ ਉਹ ਮੌਕੇ ਤੋਂ ਫਰਾਰ ਹੋਣ ਵਿਚ ਸਫਲ ਹੋ ਗਿਆ। ਉਨਾਂ ਕਿਹਾ ਕਿ ਜੋਏ ਸ਼ੁੱਕ ਤੇ ਹੋਰ ਪੁਲਿਸ ਅਫਸਰ ਲੋਕਾਂ ਦੀ ਜਾਨ ਬਚਾਉਣ ਵਿਚ ਸਫਲ ਹੋਏ ਹਨ। ਇਸ ਲਈ ਪੁਲਿਸ ਦੀ ਕਾਰਵਾਈ 'ਤੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੈ।

# ਭਾਰਤੀ ਮੂਲ ਦੀ ਰੂਪਾਲੀ ਡਿਸਾਈ ਅਮਰੀਕਾ ਵਿਚ ਜੱਜ ਬਣੀ



**ਸੈਕਰਾਮੈਂਟੋ 8 ਅਗਸਤ–** ਐਰੀਜ਼ੋਨਾ ਦੀ ਵਕੀਲ ਰੂਪਾਲੀ ਐਚ ਡਿਸਾਈ ਪਹਿਲੀ ਭਾਰਤੀ ਮੂਲ ਦੀ ਅਮਰੀਕੀ ਔਰਤ ਹੈ ਜੋ 9 ਵੀਂ ਸਰਕਟ ਕੋਰਟ ਵਿਚ ਜੱਜ ਦੀਆਂ ਸੇਵਾਵਾਂ ਨਿਭਾਏਗੀ। ਯੂ ਐਸ ਕੋਰਟ ਆਫ ਅਪੀਲ ਵਿਚ ਡਿਸਾਈ ਦੀ ਨਿਯੁਕਤੀ ਦੀ ਸੈਨਟ ਨੇ 67-29 ਵੋਟਾਂ ਦੇ ਫਰਕ ਨਾਲ ਪੁਸ਼ਟੀ ਕਰ ਦਿੱਤੀ ਹੈ। ਡਿਸਾਈ ਐਂਡਰੀਊ ਡੇਵਿਡ ਹਰਵਿਟਜ ਦੀ ਥਾਂ ਲਵੇਗੀ ਜੋ ਅਗਲੇ ਸਾਲ ਜਨਵਰੀ ਵਿਚ ਸੇਵਾ ਮੁਕਤ ਹੋ ਰਹੇ ਹਨ। ਡਿਸਾਈ ਨੂੰ ਇਸ ਸਾਲ ਜੂਨ ਵਿਚ ਜੱਜ ਦੇ ਅਹੁੱਦੇ ਲਈ ਨਾਮਜਦ ਕੀਤਾ ਗਿਆ ਸੀ।

# ਕੈਲੀਫੋਰਨੀਆ ਵਿਚ 16 ਸਾਲਾ ਲੜਕੀ ਲਾਪਤਾ, ਅਗਵਾ ਕਰ ਲਏ ਜਾਣ ਦਾ ਸ਼ੱਕ

**ਸੈਕਰਾਮੈਂਟੋ 9 ਅਗਸਤ–**ਤਰੀ ਕੈਲੀਫੋਰਨੀਆ ਇਕ ਕੈਂਪ ਪਾਰਟੀ ਤੋਂ ਬਾਅਦ 16 ਸਾਲਾ ਲੜਕੀ ਕੀਲੀ ਰੋਡਨੀ ਲਾਪਤਾ ਹੋ ਗਈ ਹੈ ਜਿਸ ਨੂੰ ਲੈ ਕੇ ਉਸ ਦਾ ਪਰਿਵਾਰ ਤੇ ਦੋਸਤ ਚਿੰਤਤ ਹਨ। ਪਲੇਸਰ ਕਾਉਂਟੀ ਦੇ ਸ਼ੈਰਿਫ ਦਫਤਰ ਅਨੁਸਾਰ ਕੀਲੀ ਨੂੰ ਆਖਰੀ ਵਾਰ ਸ਼ਨੀਵਾਰ ਨੂੰ ਅੱਧੀ ਰਾਤ ਤੋਂ ਬਾਅਦ 12:30 ਵਜੇ ਵੇਖਿਆ ਗਿਆ। ਦਫਤਰ ਦੇ ਬੁਲਾਰੇ ਐਂਜਲਾ ਮੁਸਲਮ ਨੇ ਕਿਹਾ ਹੈ ਕਿ ਕੀਲੀ ਦੀ ਕਾਰ ਵੀ ਨਹੀਂ ਮਿਲੀ ਹੈ। ਉਸ ਨੂੰ ਅਗਵਾ ਕਰ



ਲਏ ਜਾਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਪੁਲਿਸ ਇਸ ਨਜਰੀਏ ਤੋਂ ਵੀ ਜਾਂਚ ਕਰ ਰਹੀ ਹੈ। ਕੀਲੀ ਬਾਰੇ ਕੋਈ ਵੀ ਸੂਹ ਦੇਣ ਵਾਲੇ ਨੂੰ 10000 ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ। ਲਾਪਤਾ ਹੋਣ ਤੋਂ ਬਾਅਦ ਹੀ ਕੀਲੀ ਦਾ ਫੋਨ ਬੰਦ ਹੈ। ਮੁਸਲਮ ਅਨੁਸਾਰ ਪਾਰਟੀ ਵਿਚ 200 ਤੋਂ ਵਧ ਨਬਾਲਗ ਸ਼ਾਮਿਲ ਸਨ ਤੇ ਜਿਸ ਖੇਤਰ ਵਿਚ ਪਾਰਟੀ ਸੀ ਉਹ ਜੰਗਲੀ ਇਲਾਕਾ ਹੈ। ਉਨਾਂ ਨੇ ਪਾਰਟੀ ਵਿਚ ਸ਼ਾਮਿਲ ਨੌਜਵਾਨਾਂ ਨੂੰ ਕੀਲੀ ਦੀ ਭਾਲ ਲਈ ਅੱਗੇ ਆਉਣ ਲਈ ਕਿਹਾ ਹੈ।

ਲੰਡਨ ਖ਼ਬਰਨਾਮਾ (ਮਨਦੀਪ ਖੁਰਮੀ ਹਿੰਮਤਪੁਰਾ)

### ਵਿਦੇਸ਼ਾਂ 'ਚ ਪੜ੍ਹਨ ਗਏ ਮਾਪੇ ਸਾਵਧਾਨ ਰਹਿਣ

# ਠੱਗਾਂ ਵੱਲੋਂ ਤੁਹਾਡੇ ਕੋਲੋਂ ਇਸ ਢੰਗ ਨਾਲ 'ਠੂੰਗੇ' ਜਾ ਸਕਦੇ ਹਨ ਲੱਖਾਂ ਰੁਪਏ

ਜੇਕਰ ਤੁਹਾਡਾ ਬੱਚਾ ਜਾਂ ਬੱਚੇ ਵਿਦੇਸ਼ 'ਚ ਪੜ੍ਹਦੇ ਹਨ ਤਾਂ ਇਸ ਲਿਖਤ ਰਾਹੀਂ ਤੁਹਾਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਸਾਵਧਾਨ ਰਹੋ ਤਾਂ ਕਿ ਕੋਈ ਠੱਗ ਤੁਹਾਡੀ ਖ਼ੂਨ ਪਸੀਨੇ ਦੀ ਕਮਾਈ ਨੂੰ 'ਠੂੰਗ' ਕੇ ਤਿੱਤਰ ਨਾ ਹੋ ਜਾਵੇ।

ਮਾਮਲਾ ਇਹ ਸਾਹਮਣੇ ਆਇਆ ਹੈ ਕਿ ਠੱਗਾਂ ਵੱਲੋਂ ਵਿਦੇਸ਼ਾਂ 'ਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਤੱਕ ਪਹੁੰਚ ਬਣਾ ਕੇ ਉਹਨਾਂ ਨੂੰ ਫੋਨ ਰਾਹੀਂ ਕਿਹਾ ਜਾਂਦਾ ਹੈ ਕਿ ਉਹਨਾਂ ਦੇ ਲੜਕੇ ਜਾਂ ਲੜਕੀ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੋਇਆ ਹੈ। ਅਸੀਂ ਵਕੀਲ ਦੀ ਤਰਫੋਂ ਜਾਂ ਖੁਦ ਵਕੀਲ ਬੋਲ ਰਹੇ ਹਾਂ। ਜਮਾਨਤੀ ਫੀਸ ਵਜੋਂ 5 ਤੋਂ 10 ਲੱਖ ਰੁਪਏ ਭਾਰਤੀ ਕਰੰਸੀ ਦੀ ਮੰਗ ਕੀਤੀ ਜਾਂਦੀ ਹੈ ਤਾਂ ਕਿ ਜਮਾਨਤ ਜਾਂ ਸਕਿਉਰਟੀ ਲਈ ਰਾਸ਼ੀ ਜਮਾਂ ਕਰਵਾਈ ਜਾ ਸਕੇ। ਇੱਕ ਸੱਚੀ ਵਾਪਰੀ ਘਟਨਾ ਆਪ ਸਭ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ ਤਾਂ ਕਿ ਕੋਈ ਲੁੱਟੇ ਜਾਣ ਤੋਂ ਬਚ ਜਾਵੇ। ਹੋਇਆ ਇਉਂ ਕਿ ਬਲਵੰਤ ਸਿੰਘ (ਫਰਜ਼ੀ ਨਾਮ) ਦੇ ਫੋਨ 'ਤੇ ਘੰਟੀ ਵੱਜਦੀ ਹੈ। ਪੈਂਦੀ ਸੱਟੇ ਵਿਦੇਸ਼ ਗਏ ਪੁੱਤਰ ਦਾ ਨਾਮ, ਕੋਰਸ, ਕਾਲਜ, ਸ਼ਹਿਰ ਦੀ ਜਾਣਕਾਰੀ ਬਲਵੰਤ ਸਿੰਘ ਨਾਲ ਸਾਂਝੀ ਕਰਕੇ ਦੱਸਿਆ ਜਾਂਦਾ ਹੈ ਕਿ ਉਹਨਾਂ ਦੇ ਲੜਕੇ ਨੂੰ ਨਸ਼ਾ ਤਸਕਰੀ ਦੇ ਕੇਸ ਵਿੱਚ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ। ਅਸੀਂ ਉਸ ਦੇ ਵਕੀਲ ਦੇ ਦਫਤਰ ਵੱਲੋਂ ਗੱਲ ਕਰ ਰਹੇ ਹਾਂ। ਤੁਸੀਂ ਲੜਕੇ ਦੇ ਫੋਨ 'ਤੇ ਭੁੱਲ ਕੇ ਵੀ ਕਾਲ ਨਹੀਂ ਕਰਨੀ, ਅਜਿਹਾ ਨਾ ਹੋਵੇ ਕਿ ਉਹ ਹੋਰ ਵਧੇਰੇ ਮੁਸ਼ਕਿਲ ਵਿੱਚ ਫਸ ਜਾਵੇ। ਪੁਲਿਸ ਵੱਲੋਂ ਉਹਦੀ ਹਰ ਕਾਲ ਰਿਕਾਰਡ ਕੀਤੀ ਜਾ ਰਹੀ ਹੈ।

ਇੰਨਾ ਸੁਣਨ ਸਾਰ ਹੀ ਪਿਓ ਨੂੰ ਠੰਢੀਆਂ ਤਰੇਲੀਆਂ ਆਉਣ ਲਗਦੀਆਂ ਹਨ। ਫੋਨ ਕਰਨ ਵਾਲੇ ਭਾਈ ਨੂੰ ਹੱਲ



ਪੁੱਛਿਆ ਤਾਂ ਉਸਨੇ ਸਿੱਧੀ ਸਿੱਧੀ ਬਾਤ ਮੁਕਾ ਦਿੱਤੀ ਕਿ ਸਿਰਫ ਚਾਰ ਘੰਟੇ ਦੇ ਅੰਦਰ ਅੰਦਰ ਜੇ 5 ਲੱਖ ਰੁਪਏ ਦਾ ਬੰਦੋਬਸਤ ਨਾ ਕੀਤਾ ਗਿਆ ਤਾਂ ਗੱਲ ਡਿਪੋਰਟ ਹੋਣ ਤੱਕ ਪਹੁੰਚ ਸਕਦੀ ਹੈ। ਫੋਨ ਕਰਨ ਵਾਲਾ ਆਦਮੀ ਫੋਨ 'ਤੇ ਲਗਾਤਾਰ ਗੱਲ ਕਰ ਰਿਹਾ ਹੈ, ਸਲਾਹਾਂ ਦੇ ਰਿਹਾ ਹੈ ਕਿ ਜੇਕਰ ਖੜ੍ਹੇ ਪੈਰ ਕਿਸੇ ਕੋਲੋਂ ਉਧਾਰੇ ਪੈਸੇ ਫੜ੍ਹਨੇ ਹਨ ਤਾਂ ਕਿਸੇ ਹੋਰ ਫੋਨ ਤੋਂ ਗੱਲ ਕਰੋ। ਬਹੁਤ ਹੀ ਪ੍ਰੇਸ਼ਾਨੀ ਭਰੇ ਮਾਹੌਲ ਵਿੱਚ ਤਿੰਨ ਕੁ ਘੰਟਿਆਂ 'ਚ ਪੈਸਿਆਂ ਦਾ ਬੰਦੋਬਸਤ ਹੋ ਜਾਂਦਾ ਹੈ ਤਾਂ ਪੰਜਾਬ 'ਚ ਹੀ ਕਿਸੇ ਬੰਦੇ ਦੇ ਖਾਤੇ 'ਚ ਪੈਸੇ ਟਰਾਂਸਫਰ ਕਰਨ ਨੂੰ ਕਿਹਾ ਜਾਂਦਾ ਹੈ। ਅੰਤ ਬੈਂਕ ਪਹੁੰਚ ਕੇ ਪੈਸੇ ਵੀ ਟਰਾਂਸਫਰ ਹੋ ਜਾਂਦੇ ਹਨ।

ਮਾਂ ਪਿਓ ਤੇ ਰਿਸ਼ਤੇਦਾਰ ਮੁੰਡੇ ਨੂੰ ਫੋਨ ਕਰਨੋਂ ਵੀ ਡਰਦੇ ਹਨ ਕਿ ਫੋਨ ਰਿਕਾਰਡ ਨਾ ਹੋ ਜਾਵੇ। ਅਚਾਨਕ ਬਲਵੰਤ ਸਿੰਘ ਦੇ ਦਿਮਾਗ 'ਚ ਗੱਲ ਆਉਂਦੀ ਹੈ ਕਿ ਕਿਉਂ ਨਾ ਲੜਕੇ ਦੇ ਦੋਸਤ ਨੂੰ ਫੋਨ ਕਰਕੇ ਪੁੱਛਿਆ ਜਾਵੇ? ਜਿਉਂ ਹੀ ਦੋਸਤ ਨੂੰ ਫੋਨ ਕੀਤਾ, ਬਹੁਤ ਖੁਸ਼ ਹੋ ਕੇ ਗੱਲ ਕੀਤੀ। ਬੇਟੇ ਬਾਰੇ ਪੁੱਛਿਆ ਤਾਂ ਉਹਨੇ ਦੱਸਿਆ ਕਿ ਉਹਨਾਂ ਦਾ ਬੇਟਾ ਤਾਂ ਦਸ ਮਿੰਟ ਪਹਿਲਾਂ ਹੀ ਉਹਦੇ ਘਰੋਂ ਹੀ ਬੈਠਾ ਗਿਆ ਹੈ।

ਫਿਰ ਬੈਂਕ ਨਾਲ ਸੰਪਰਕ ਕਰਕੇ "ਵੱਜ ਚੁੱਕੀ ਠੱਗੀ" ਨੂੰ ਰੋਕਣ ਲਈ ਹੱਥ ਪੈਰ ਮਾਰੇ ਜਾਂਦੇ ਹਨ ਪਰ ਓਦੋਂ ਨੂੰ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਪੈਸਾ ਹਜ਼ਮ, ਖੇਡ ਖਤਮ।

ਸੋ ਦੋਸਤੋ, ਜਿਵੇਂ ਫੇਸਬੁੱਕ 'ਤੇ ਤੁਹਾਡਾ ਜਾਅਲੀ ਅਕਾਊਂਟ ਬਣਾ ਕੇ ਤੁਹਾਡੇ ਦੋਸਤਾਂ ਕੋਲੋਂ ਪੈਸਿਆਂ ਦੀ ਮੰਗ ਕਰਨ ਦਾ ਢਕਵੰਜ ਪੂਰੇ ਜ਼ੋਰਾਂ 'ਤੇ ਚੱਲ ਚੁੱਕਿਆ ਹੈ, ਹੁਣ ਉੱਪਰ ਸੁਣਾਈ ਵਾਰਤਾ ਵਾਲਾ ਫੰਡਾ ਤੁਹਾਡੇ 'ਤੇ ਵੀ ਵਰਤਿਆ ਜਾ ਸਕਦਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਵਿਦੇਸ਼ਾਂ 'ਚ ਪੜ੍ਹਨ ਗਏ ਬੱਚਿਆਂ ਦੇ ਪਰਿਵਾਰ ਦੇ ਫੋਨ ਨੰਬਰ, ਪਿੰਡ ਪਤਾ, ਬੱਚੇ ਦਾ ਨਾਂ, ਵਿਦੇਸ਼ ਵਾਲੇ ਕਾਲਜ, ਕੋਰਸ, ਸ਼ਹਿਰ ਤੱਕ ਦੀ ਜਾਣਕਾਰੀ ਲੀਕ ਕਿੱਥੋਂ ਹੋਈ ਹੋਵੇਗੀ ਜਾਂ ਹੁੰਦੀ ਹੋਵੇਗੀ?? ਇਹ ਦਿਮਾਗ ਤੁਸੀਂ ਖੁਦ ਲੜਾਉਣਾ ਹੈ ਤੇ ਨਾਲ ਹੀ ਇਸ ਵਾਰਤਾ ਦਾ ਜ਼ਿਕਰ ਆਪਣੇ ਪਰਿਵਾਰ ਵਿੱਚ ਬੈਠ ਕੇ ਹਰ ਜੀਅ ਨਾਲ, ਰਿਸ਼ਤੇਦਾਰਾਂ, ਦੋਸਤਾਂ ਨਾਲ ਜ਼ਰੂਰ ਕਰੋ ਤਾਂ ਕਿ ਠੱਗ ਕਿਸੇ ਦੀ ਵੀ ਜੇਬ ਨੂੰ ਥੁੱਕ ਨਾ ਲਾ ਜਾਣ। ਇਸ ਜਾਣਕਾਰੀ ਨੂੰ ਆਪਣੇ ਦਾਇਰੇ ਵਿੱਚ ਜ਼ਰੂਰ ਫੈਲਾਓ ਤਾਂ ਕਿ ਠੱਗ ਨੰਗੇ ਕੀਤੇ ਜਾ ਸਕਣ।



ਮਨਦੀਪ ਖੁਰਮੀ ਹਿੰਮਤਪੁਰਾ

# ਲਿਜ਼ ਟਰੱਸ ਕਹਿੰਦੀ, "ਮੈਂ ਨੀ ਨਿਕੋਲਾ ਸਟਰਜਨ ਕੋਲੋਂ ਮਾਫ਼ੀ ਮੂਫ਼ੀ ਮੰਗਣੀ"

## ਟਰੱਸ ਨੇ ਸਕਾਟਲੈਂਡ ਦੀ ਫਸਟ ਮਨਿਸਟਰ ਨੂੰ ਕਿਹਾ ਸੀ 'ਅਟੈਨਸ਼ਨ ਸੀਕਰ'

**ਗਲਾਸਗੋ–** ਬੀਤੇ ਦਿਨੀਂ ਸਕਾਟਲੈਂਡ ਦੀ ਫਸਟ ਮਨਿਸਟਰ ਤੇ ਐੱਸ ਐੱਨ ਪੀ ਪ੍ਰਮੁੱਖ ਨਿਕੋਲਾ ਸਟਰਜਨ ਬਾਰੇ ਲਿਜ਼ ਟਰੱਸ ਵੱਲੋਂ ਦਿੱਤਾ ਬਿਆਨ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਬਰਤਾਨੀਆ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਲਿਜ਼ ਟਰੱਸ ਨੇ ਸਕਾਟਲੈਂਡ ਦੀ ਆਜ਼ਾਦੀ ਲਈ ਦੂਜੀ ਰਾਇਸ਼ੁਮਾਰੀ ਬਾਰੇ ਕੋਰੀ ਨਾਂਹ ਕਰਦਿਆਂ ਨਿਕੋਲਾ ਸਟਰਜਨ 'ਤੇ ਨਿੱਜੀ ਨਿਸ਼ਾਨਾ ਸਾਧਿਆ ਸੀ। ਉਹਨਾਂ ਕਿਹਾ ਸੀ ਕਿ ਨਿਕੋਲਾ ਸਟਰਜਨ ਅਟੈਨਸ਼ਨ ਸੀਕਰ ਹੈ ਤੇ ਉਸਨੂੰ ਅਣਗੌਲਿਆ ਕਰਨਾ ਹੀ ਬਿਹਤਰ ਹੈ। ਇੱਕ ਟੀਵੀ ਇੰਟਰਵਿਊ ਦੌਰਾਨ ਮੇਜ਼ਬਾਨ ਵੱਲੋਂ ਜਦੋਂ ਬਿਆਨ ਸੰਬੰਧੀ ਨਿਕੋਲਾ ਸਟਰਜਨ ਕੋਲੋਂ ਮਾਫ਼ੀ ਮੰਗਣ ਬਾਰੇ ਪੁੱਛਿਆ ਤਾਂ ਲਿਜ਼ ਟਰੱਸ ਨੇ ਦੋ ਲਫ਼ਜ਼ਾਂ ਵਿੱਚ ਹੀ ਗੱਲ ਮੁਕਾ ਦਿੱਤੀ ਕਿ "ਬਿਲਕੁਲ ਨਹੀਂ।" ਟਰੱਸ ਦਾ ਕਹਿਣਾ ਹੈ ਕਿ ਨਿਕੋਲਾ ਸਟਰਜਨ ਆਪਣਾ ਕੀਮਤੀ ਸਮਾਂ ਤੇ ਊਰਜਾ ਸਕਾਟਲੈਂਡ ਦੇ ਲੋਕਾਂ ਨੂੰ ਬਿਹਤਰ ਸਾਸਨ ਦੇਣ ਦੀ ਬਜਾਏ ਰਾਇਸ਼ੁਮਾਰੀ ਕਰਵਾਉਣ 'ਤੇ ਲਗਾ ਰਹੀ ਹੈ। ਉਸ ਦਾ ਕਹਿਣਾ ਹੈ ਕਿ ਬੇਸ਼ੱਕ ਮੈਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਹਾਂ ਪਰ ਮਾਣ ਨਾਲ ਕਹਿ ਸਕਦੀ ਹਾਂ ਕਿ ਬਚਪਨ ਵਿੱਚ ਸਕਾਟਲੈਂਡ ਦੇ ਕਸਬੇ ਪੇਜ਼ਲੀ ਦੇ ਪ੍ਰਾਇਮਰੀ ਸਕੂਲ 'ਚ ਪੜ੍ਹਦੀ ਰਹੀ ਹਾਂ। ਇਸ ਦੇ ਨਾਲ ਹੀ ਸੈਕੰਡਰੀ ਸਕੂਲ ਦੀ ਪੜ੍ਹਾਈ ਲੀਡਜ਼ ਤੋਂ ਕੀਤੀ। ਮੈਂ ਅਨੇਕਤਾ 'ਚ ਏਕਤਾ ਦੀ ਹਾਮੀ ਹਾਂ। ਮਾਫ਼ੀ ਮੰਗਣ ਦਾ ਸਵਾਲ ਹੀ ਨਹੀਂ ਬਣਦਾ। ਹਾਲ ਦੀ ਘੜੀ ਹਾਲਾਤ ਇਹ ਹਨ ਕਿ ਲਿਜ਼ ਟਰੱਸ ਤੇ ਨਿਕੋਲਾ ਸਟਰਜਨ ਦੇ ਹਮ-ਾਇਤੀ ਨੇਤਾ ਇਸ ਬਿਆਨ ਨੂੰ ਆਧਾਰ ਬਣਾ ਕੇ ਬਿਆਨਬਾਜ਼ੀ 'ਚ ਰੁੱਝ ਗਏ ਹਨ।



# ਸਕਾਟਲੈਂਡ: ਸ਼ਰਾਬਨੋਸ਼ੀ ਕਾਰਨ ਹੁੰਦੀਆਂ ਮੌਤਾਂ ਦਾ ਅੰਕੜਾ ਪਿਛਲੇ 13 ਸਾਲਾਂ ਦੇ ਮੁਕਾਬਲੇ ਉੱਚ ਪੱਧਰ 'ਤੇ

**ਗਲਾਸਗੋ –** ਵਿਸਕੀ ਦੇ ਘਰ ਵਜੋਂ ਜਾਣੇ ਜਾਂਦੇ ਸਕਾਟਲੈਂਡ ਵਿੱਚ ਕੋਵਿਡ ਦੌਰਾਨ ਅਲਕੋਹਲ ਨਾਲ ਹੋਣ ਵਾਲੀਆਂ ਮੌਤਾਂ ਦਾ ਅੰਕੜਾ ਪਿਛਲੇ 13 ਸਾਲਾਂ ਦੇ ਮੁਕਾਬਲੇ ਉੱਚੇ ਪੱਧਰ 'ਤੇ ਦਰਜ ਹੋਇਆ ਹੈ। ਪ੍ਰਕਾਸ਼ਿਤ ਹੋਏ ਨਵੇਂ ਅੰਕੜਿਆਂ ਅਨੁਸਾਰ ਸ਼ਰਾਬਨੋਸ਼ੀ ਕਾਰਨ ਪਿਛਲੇ ਸਾਲ 1245 ਮੌਤਾਂ ਹੋਈਆਂ ਸਨ। ਲੇਬਰ ਪਾਰਟੀ ਦੀ ਐੱਮ ਐੱਸ ਪੀ ਮੋਨਿਕਾ ਲੈਨਨ ਦਾ ਪਿਤਾ ਵੀ ਸ਼ਰਾਬ ਦੀ ਭੇਟ ਚੜ੍ਹ ਕੇ ਇਸ ਜਹਾਨ ਨੂੰ ਅਲਵਿਦਾ ਕਹਿ ਗਿਆ ਸੀ। 2021 ਵਿੱਚ 2020 ਦੇ ਮੁਕਾਬਲੇ 55 ਵਧੇਰੇ ਮੌਤਾਂ ਹੋਈਆਂ ਹਨ ਜੋ ਕਿ ਸਮੁੱਚੇ ਵਾਧੇ ਦਾ 5 ਫੀਸਦੀ ਬਣਦਾ ਹੈ ਤੇ 2008 ਤੋਂ ਬਾਅਦ ਦੀ ਸਭ ਤੋਂ ਉੱਚੀ ਦਰ ਹੈ। ਇਹਨਾਂ ਮੌਤਾਂ ਵਿੱਚ ਦੋ ਤਿਹਾਈ ਮੌਤਾਂ ਮਰਦਾਂ ਦੀਆਂ ਹਨ। ਮੋਨਿਕਾ ਲੈਨਨ ਦੇ ਪਿਤਾ ਦੀ ਮੌਤ ਉਮਰ ਦੇ 60ਵੇਂ ਵਰ੍ਹੇ 'ਚ ਹੋਈ ਪਰ ਉਸ ਦਾ ਕਹਿਣਾ ਹੈ ਕਿ ਸ਼ਰਾਬ ਪੀਣ ਸੰਬੰਧੀ ਭੈੜੀ ਆਦਤ ਦਾ ਸ਼ਿਕਾਰ ਹੋ ਕੇ ਮਰ ਜਾਣਾ ਬੇਹੱਦ ਚਿੰਤਾਜਨਕ ਹੈ।

ਜ਼ਿਕਰਯੋਗ ਹੈ ਕਿ ਡਰੱਗਜ਼ ਨਾਲ ਹੁੰਦੀਆਂ ਮੌਤਾਂ ਵਿੱਚ ਵੀ ਸਮੁੱਚੇ ਯੂਰਪ ਵਿੱਚੋਂ ਵੀ ਸਕਾਟਲੈਂਡ ਦਾ ਨਾਮ ਸਿਖਰ 'ਤੇ ਹੈ। ਸ਼ਰਾਬਨੋਸ਼ੀ ਕਾਰਨ ਹੁੰਦੀਆਂ ਇਹਨਾਂ ਮੌਤਾਂ ਸੰਬੰਧੀ ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਕੋਵਿਡ ਦੌਰਾਨ ਘਰਾਂ 'ਚ ਤਾਲਾਬੰਦ ਲੋਕ ਆਪਣੀਆਂ ਸ਼ਰਾਬ ਪੀਣ ਸੰਬੰਧੀ ਆਦਤਾਂ ਵਿਗਾੜ ਬੈਠੇ, ਜਿਸ ਕਾਰਨ ਇਹਨਾਂ ਮੌਤਾਂ ਵਿੱਚ ਇਜ਼ਾਫਾ ਦੇਖਣ ਨੂੰ ਮਿਲ ਰਿਹਾ ਹੈ।



# ਸਕਾਟਲੈਂਡ: ਹਸਪਤਾਲ 'ਚੋਂ ਘਰ ਜਾਣ ਲਈ 5 ਸਾਲਾਂ ਤੋਂ ਤਰਸ ਰਿਹੈ ਮਰੀਜ਼

**ਗਲਾਸਗੋ –** ਸਕਾਟਲੈਂਡ ਦੇ ਸ਼ਹਿਰ ਗਲਾਸਗੋ ਦੇ ਇੱਕ ਹਸਪਤਾਲ ਵਿੱਚ ਲਗਭਗ ਪੰਜ ਸਾਲ ਤੋਂ ਆਪਣੇ ਘਰ ਜਾਣ ਲਈ ਤਰਸ ਰਿਹਾ ਹੈ। ਇਸ ਸੰਬੰਧੀ ਅੰਕੜੇ ਦਰਸਾਉਂਦੇ ਹਨ ਕਿ ਗਲਾਸਗੋ ਦੇ ਇੱਕ ਐੱਨ ਐੱਚ ਐੱਸ ਮਰੀਜ਼ ਨੇ ਹਸਪਤਾਲ ਤੋਂ ਛੁੱਟੀ ਮਿਲਣ ਲਈ ਪੰਜ ਸਾਲ ਤੋਂ ਵੱਧ ਉਡੀਕ ਕੀਤੀ ਹੈ। ਗ੍ਰੇਟਰ ਗਲਾਸਗੋ ਕਲਾਈਡ ਐੱਨ ਐੱਚ ਐੱਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਹ ਵਿਅਕਤੀ ਦੇਰੀ ਦੇ ਕਾਰਨ ਲਗਭਗ ਪੰਜ ਸਾਲਾਂ ਲਈ ਹਸਪਤਾਲ ਵਿੱਚ ਪਿਆ ਸੀ। ਅੰਕੜੇ ਇਹ ਵੀ ਦਸਦੇ ਹਨ ਕਿ ਇੱਕ ਗ੍ਰਾਮਪੀਅਨ ਹਸਪਤਾਲ ਦੇ ਮਰੀਜ਼ ਨੂੰ ਡਿਸਚਾਰਜ ਕਰਨ ਵਿੱਚ 2,312 ਦਿਨਾਂ ਦੀ ਦੇਰੀ ਹੋਣ ਤੋਂ ਬਾਅਦ ਛੁੱਟੀ ਮਿਲਣ ਲਈ ਛੇ ਸਾਲਾਂ ਤੋਂ ਵੱਧ ਸਮੇਂ ਦੀ ਉਡੀਕ ਕੀਤੀ ਜਾ ਰਹੀ ਹੈ। ਇਸ ਸੰਬੰਧੀ ਏਜ ਸਕਾਟਲੈਂਡ ਦੇ ਅਧਿਐਨ ਅਨੁਸਾਰ ਜ਼ਿਆਦਾਤਰ ਦੇਰੀ ਮਰੀਜ਼ਾਂ ਦੁਆਰਾ ਕਿਸੇ ਕੇਅਰ ਹੋਮ ਦੀ ਉਡੀਕ ਕਰਦਿਆਂ ਜਾਂ ਘਰ ਵਿੱਚ ਇੱਕ ਸੋਸ਼ਲ ਕੇਅਰ ਪੈਕੇਜ ਪੇਸ਼ ਕੀਤੇ ਜਾਣ ਕਾਰਨ ਹੁੰਦੀ ਹੈ। ਅੰਕੜਿਆਂ ਅਨੁਸਾਰ, 12 ਮਹੀਨਿਆਂ ਤੋਂ ਜੂਨ 2022 ਤੱਕ ਮਰੀਜ਼ਾਂ ਨੇ ਹਸਪਤਾਲ ਛੱਡਣ ਲਈ ਔਸਤਨ 23 ਦਿਨ ਉਡੀਕ ਕੀਤੀ। ਉਨ੍ਹਾਂ ਵਿੱਚੋਂ ਜਿਹੜੇ ਅਜੇ ਵੀ ਹਸਪਤਾਲ ਛੱਡਣ ਦੀ ਉਡੀਕ ਕਰ ਰਹੇ ਹਨ, ਉਨ੍ਹਾਂ ਦੀ ਮੌਜੂਦਾ ਦੇਰੀ 52 ਦਿਨਾਂ ਵਿੱਚ ਹੈ। ਪਬਲਿਕ ਹੈਲਥ ਸਕਾਟਲੈਂਡ ਦੇ ਅਨੁਸਾਰ ਐੱਨ ਐੱਚ ਐੱਸ ਪ੍ਰਤੀ ਸਾਲ 142 ਮਿਲੀਅਨ ਪੌਂਡ ਜਾਂ ਪ੍ਰਤੀ ਬਿਸਤਰੇ ਪ੍ਰਤੀ ਰਾਤ 262 ਪੌਂਡ ਖਰਚਣ ਦਾ ਅਨੁਮਾਨ ਹੈ।

ਇਹ ਅੰਕੜੇ ਸਕਾਟਿਸ਼ ਕੰਜ਼ਰਵੇਟਿਵਾਂ ਦੁਆਰਾ ਫਰੀਡਮ ਆਫ ਇਨਫਰਮੇਸਨ ਦੁਆਰਾ ਪ੍ਰਾਪਤ ਕੀਤੇ ਗਏ ਹਨ। ਸਕਾਟਿਸ਼ ਟੋਰੀਜ਼ ਦੇ ਸਿਹਤ ਬੁਲਾਰੇ ਸੰਦੇਸ਼ ਗੁਲਹਾਨੀ ਨੇ ਕਿਹਾ ਕਿ ਇਹ ਅੰਕੜੇ ਦਿਮਾਗ ਹਿਲਾਉਣ ਵਾਲੇ ਹਨ।

# ਯੂਕੇ ਦੀ ਆਰਥਿਕਤਾ ਇੱਕ ਸਾਲ ਤੋਂ ਵੱਧ ਸਮੇਂ ਲਈ ਸੁੰਗੜਨ ਦੀ ਉਮੀਦ

## ਜੇਕਰ ਉਹ ਪ੍ਰਧਾਨ ਮੰਤਰੀ ਬਣਦੇ ਹਨ ਤਾਂ ਮਹਿੰਗਾਈ ਘਟਾਉਣ ਨੂੰ ਤਰਜੀਹ ਦੇਣਗੇ: ਸੁਨਕ

**ਗਲਾਸਗੋ–** ਇੰਗਲੈਂਡ ਵਿੱਚ ਇਸ ਸਾਲ ਮੰਦੀ ਦੀ ਬੈਂਕ ਦੀ ਉਦਾਸੀ ਭਰੀ ਭਵਿੱਖਬਾਣੀ ਵੱਡੀ ਨਜ਼ਰ ਆਈ। ਇਸ ਨੇ ਪਹਿਲਾਂ ਅਸਮਾਨ ਛੂਹ ਰਹੀਆਂ ਕੀਮਤਾਂ ਨੂੰ ਪਿੱਛੇ ਧੱਕਣ ਦੀ ਕੋਸ਼ਿਸ਼ ਵਿੱਚ ਵਿਆਜ ਦਰਾਂ ਨੂੰ 1,25% ਤੋਂ 1,75% ਤੱਕ, ਲਗਭਗ ਤਿੰਨ ਦਹਾਕਿਆਂ ਵਿੱਚ ਸਭ ਤੋਂ ਉੱਚੇ ਪੱਧਰ ਤੱਕ ਵਧਾ ਦਿੱਤਾ ਸੀ। ਜਿਸ ਕਾਰਨ ਰਿਸੀ ਸੁਨਕ ਅਤੇ ਲਿਜ ਟਰਸ ਵਿਚਕਾਰ ਮੰਦੀ ਦੀ ਚੇਤਾਵਨੀ ਨੂੰ ਲੈ ਕੇ ਵਿਵਾਦ ਹੋ ਗਿਆ। ਜਾਣਕਾਰੀ ਮੁਤਾਬਕ ਮਹਿੰਗਾਈ ਦਰ ਇਸ ਸਾਲ 13% ਦੇ 42-ਸਾਲ ਦੇ



ਉੱਚੇ ਪੱਧਰ 'ਤੇ ਪਹੁੰਚਣ ਦਾ ਅਨੁਮਾਨ ਹੈ, ਜਦੋਂ ਕਿ ਯੂਕੇ ਦੀ ਆਰਥਿਕਤਾ ਇੱਕ ਸਾਲ ਤੋਂ ਵੱਧ ਸਮੇਂ ਲਈ ਸੁੰਗੜਨ ਦੀ ਉਮੀਦ ਹੈ। ਇਸ ਸਬੰਧੀ ਬੈਂਕ ਨੇ ਕਿਹਾ ਕਿ ਉੱਚ ਮੁਦਰਾਸਫੀਤੀ ਅਤੇ ਘੱਟ ਵਿਕਾਸ ਦਰ ਦਾ ਮੁੱਖ ਕਾਰਨ ਯੂਕਰੇਨ 'ਤੇ ਰੂਸ ਦੇ ਹਮਲੇ ਕਾਰਨ ਵਧ ਰਹੇ ਊਰਜਾ ਬਿੱਲ ਹਨ। ਯੂਕੇ ਦੀ ਆਰਥਿਕਤਾ ਦੀ ਵਿਗੜਦੀ ਸਥਿਤੀ ਨੇ ਟੋਰੀ ਲੀਡਰਸ਼ਿਪ ਮੁਹਿੰਮ ਦਾ ਦਬਦਬਾ ਬਣਾਇਆ ਹੈ, ਦੋਵਾਂ ਉਮੀਦਵਾਰਾਂ ਨੇ ਨਤੀਜੇ ਨਾਲ ਨਜਿੱਠਣ ਲਈ ਵਿਰੋਧੀ ਦ੍ਰਿਸ਼ਟੀਕੋਣਾਂ ਨੂੰ ਅੱਗੇ ਰੱਖਿਆ ਹੈ। ਸੁਨਕ, ਜਿਨ੍ਹਾਂ ਨੇ ਹਾਲੀਆ ਚੋਣਾਂ ਵਿੱਚ ਮਿਸ ਟਰਸ ਨੂੰ ਪਿੱਛੇ ਛੱਡਿਆ ਹੈ, ਨੇ ਵਾਰ-ਵਾਰ ਕਿਹਾ ਹੈ ਕਿ ਜੇਕਰ ਉਹ ਪ੍ਰਧਾਨ ਮੰਤਰੀ ਬਣਦੇ ਹਨ ਤਾਂ ਉਹ ਟੈਕਸਾਂ ਵਿੱਚ ਕਟੌਤੀ ਕਰਨ ਤੋਂ ਪਹਿਲਾਂ ਮਹਿੰਗਾਈ ਨੂੰ ਘਟਾਉਣ ਨੂੰ ਤਰਜੀਹ ਦੇਣਗੇ। ਇਸ ਦੌਰਾਨ ਸ੍ਰੀਮਤੀ ਟਰਸ ਨੇ ਦਫਤਰ ਵਿੱਚ ਦਾਖਲ ਹੋਣ ਤੋਂ ਤੁਰੰਤ ਬਾਅਦ 30 ਬਿਲੀਅਨ ਪੌਂਡ ਦੀ ਟੈਕਸ ਕਟੌਤੀ ਦੇ ਪੈਕੇਜ ਦਾ ਵਾਅਦਾ ਕੀਤਾ ਹੈ, ਜਿਸ ਬਾਰੇ ਸ੍ਰੀ ਸੁਨਕ ਨੇ ਦਲੀਲ ਦਿੱਤੀ ਹੈ ਕਿ ਮਹਿੰਗਾਈ ਅਤੇ ਉਧਾਰ ਲੈਣ ਦੀ ਲਾਗਤ ਵਿੱਚ ਵਾਧਾ ਹੋਵੇਗਾ। ਸ੍ਰੀਮਤੀ ਟਰਸ ਨੇ ਰਾਸਟਰੀ ਬੀਮਾ ਵਿੱਚ ਅਪ੍ਰੈਲ ਦੇ ਵਾਧੇ ਨੂੰ ਤੁਰੰਤ ਉਲਟਾਉਣ ਅਤੇ ਹੋਰ ਟੈਕਸਾਂ ਵਿੱਚ ਕਟੌਤੀ ਕਰਨ ਦੇ ਆਪਣੇ ਵਾਅਦੇ ਨੂੰ ਦੁਹਰਾਇਆ, ਜਿਸਦਾ ਉਸਨੇ ਦਾਅਵਾ ਕੀਤਾ ਕਿ ਆਰਥਿਕ ਵਿਕਾਸ ਨੂੰ ਉਤੇਜਿਤ ਕੀਤਾ ਜਾਵੇਗਾ ਅਤੇ ਮੰਦੀ ਨੂੰ ਰੋਕਿਆ ਜਾਵੇਗਾ। ਦੋਵੇਂ ਉਮੀਦਵਾਰਾਂ ਨੇ ਇੱਕ ਵਾਰ ਫਿਰ ਇੱਕ ਦੂਜੇ ਦੀਆਂ ਆਰਥਿਕ ਯੋਜਨਾਵਾਂ ਨੂੰ ਰੱਦ ਕਰਦਿਆਂ ਆਪਣੀ ਯੋਜਨਾ ਨੂੰ ਉੱਤਮ ਦੱਸਿਆ। ਲਿਜ ਟਰਸ ਨੇ ਦਾਅਵਾ ਕੀਤਾ ਕਿ ਰਿਸੀ ਸੁਨਕ ਮੰਦੀ ਵੱਲ ਲੈ ਜਾਣਗੇ, ਵਿਕਾਸ ਵੱਲ ਨਹੀਂ। ਰਿਸੀ ਸੁਨਕ ਨੇ ਦਾਅਵਾ ਕੀਤਾ ਕਿ ਟੈਕਸਾਂ ਵਿੱਚ ਕਟੌਤੀ ਦੀ ਲਿਜ ਟਰਸ ਦੀ ਯੋਜਨਾ ਮਹਿੰਗਾਈ ਨੂੰ ਵਧਾਏਗੀ ਅਤੇ ਆਰਥਿਕ ਦਰਦ ਨੂੰ ਲੰਮਾ ਕਰੇਗੀ।

# ਇੰਡੀਅਨ ਵਰਕਰਜ਼ ਐਸੋ: (ਜੀਬੀ) ਦੇ ਉੱਦਮ ਨਾਲ "ਧੰਨ ਲੇਖਾਰੀ ਨਾਨਕਾ" ਨਾਟਕ ਦੀ ਸਫਲ ਪੇਸ਼ਕਾਰੀ








**ਗਲਾਸਗੋ/ਈਰਥ ਕੈਂਟ (ਮਨਦੀਪ ਖੁਰਮੀ ਹਿੰਮਤਪੁਰਾ)** ਇੰਡੀਅਨ ਵਰਕਰਜ ਐਸੋਸੀਏਸਨ (ਜੀਬੀ) ਗਰੀਨਿਚ ਤੇ ਬੈਕਸਲੀ ਬ੍ਰਾਂਚ ਵੱਲੋ ਸਲਾਨਾ ਪਬਲਿਕ ਮੀਟਿੰਗ ਈਰਥ ਕੈਂਟ ਵਿਖੇ ਆਯੋਜਿਤ ਕੀਤੀ ਗਈ। ਜਿਸ ਦੌਰਾਨ ਪ੍ਰਸਿੱਧ ਰੰਗ-ਮੰਚ ਕਲਾਕਾਰ ਡਾ। ਸਾਹਿਬ ਸਿੰਘ ਦੁਆਰਾ "ਧੰਨ ਲੇਖਾਰੀ ਨਾਨਕਾ" ਨਾਟਕ ਦੀ ਸਫਲ ਅਦਾਕਾਰੀ ਕੀਤੀ ਗਈ।

ਇਸ ਪੇਸ਼ਕਾਰੀ ਵਿੱਚ ਡਾ। ਸਾਹਿਬ ਸਿੰਘ ਵੱਲੋਂ ਇਕੱਲਿਆਂ ਹੀ ਵੱਖਰੇ- ਵੱਖਰੇ ਪਾਤਰਾਂ ਦੀ ਭੂਮਿਕਾ ਨਾਲ ਵੱਖਰੇ- ਵੱਖਰੇ ਕਿਰਦਾਰਾਂ ਨੂੰ ਪੇਸ਼ ਕੀਤਾ ਗਿਆ। ਜਿਸ ਵਿੱਚ ਉਹਨਾਂ ਨੇ ਬਹੁਤ ਹੀ ਬੇਮਿਸਾਲ ਮਸਲਿਆਂ ਉੱਪਰ ਦਰਸ਼ਕਾਂ ਨੂੰ ਗੰਭੀਰਤਾ ਨਾਲ ਇਕ ਕਲਪਨਾਮਿਕਤ ਕੜੀ ਨਾਲ ਦਰਸਕਾਂ ਨੂੰ ਕੀਲ ਕੇ ਰੱਖ ਦਿੱਤਾ ਤੇ ਕੁੱਝ ਸੀਨ ਤਾਂ ਅਜਿਹੇ ਸਿਰਜੇ ਕਿ ਅੱਖਾਂ 'ਚੋਂ ਅੱਥਰੂ ਆਪਣੇ ਆਪ ਛੱਲਾਂ ਮਾਰਨ ਲਈ ਮਜਬੂਰ ਹੋ ਗਏ। ਇਸ ਪੇਸ਼ਕਾਰੀ ਦਾ ਮੰਤਵ ਡਾ। ਸਾਹਿਬ ਸਿੰਘ ਵੱਲੋਂ ਇੱਕ ਲੇਖਕ ਦੀ ਭੂਮਿਕਾ ਤੇ ਪਰਿਭਾਸ਼ਾ ਨੂੰ ਪੇਸ਼ ਕਰਨਾ ਹੈ। ਇਸ ਨਾਟਕ ਦੀ ਲਾਜਵਾਬ ਪੇਸਕਾਰੀ ਉਪਰੰਤ ਸਮੂਹ ਦਰਸ਼ਕਾਂ ਨੇ ਖੜ੍ਹੇ ਹੋ ਕੇ ਤਾੜੀਆਂ ਦੀ ਗੂੰਜਦੀ ਅਵਾਜ਼ ਨਾਲ ਡਾ। ਸਾਹਿਬ ਸਿੰਘ ਨੂੰ ਸਤਿਕਾਰ ਦਿੱਤਾ।

ਇਸ ਦੇ ਨਾਲ ਹੀ ਇੰਡੀਅਨ ਵਰਕਰਜ ਐਸੋਸੀਏਸ਼ਨ ਵੱਲੋਂ ਐਨ ਐਚ ਐਸ ਦੇ ਡਾ ਬੌਬ ਗਿੱਲ ਵੱਲੋਂ ਐਨ ਐਚ ਐਸ ਦੇ ਮੌਜੂਦਾ ਹਾਲਾਤਾਂ ਬਾਰੇ ਦਰਸ਼ਕਾਂ ਨੂੰ ਜਾਣਕਾਰੀ ਦਿੱਤੀ ਕਿ ਸਾਨੂੰ ਸਾਰਿਆਂ ਨੂੰ ਜੀਪੀ ਤੇ ਹਸਪਤਾਲਾਂ ਵਿੱਚ ਕਿੰਨੀਆਂ ਮੁਸ਼ਕਿਲਾਂ ਆ ਰਹੀਆਂ ਹਨ ਤੇ ਉਹਨਾਂ ਦੇ ਹੱਲ ਲਈ ਸਾਨੂੰ ਸਭ ਨੂੰ ਇੱਕਮੁੱਠ ਹੋ ਕੇ ਇਸ ਦਾ ਸਾਹਮਨਾ ਕਰਨਾ ਪੈਣਾ ਹੈ। ਇੰਡੀਅਨ ਵਰਕਰਜ ਐਸੋਸੀਏਸਨ ਨੇ ਇਸ 'ਤੇ ਸਭ ਨੂੰ ਹੋਕਾ ਦਿੱਤਾ ਕਿ ਆਪਣੇ ਹੱਕਾਂ ਲਈ ਇੱਕਮੁੱਠ ਹੋ ਕੇ ਅਸੀਂ ਇੱਕ ਸਾਂਝਾ ਮੁਹਾਜ ਤਿਆਰ ਕਰੀਏ। ਇਸ ਮੀਟਿੰਗ ਦੌਰਾਨ ਪ੍ਰਧਾਨ ਬਲਬੀਰ ਜੌਹਲ, ਹਰਦੇਵ ਢਿੱਲੋਂ, ਮਨਦੀਪ ਢਿੱਲੋਂ, ਮੱਖਣ ਬਾਜਵਾ, ਤਰਸੇਮ ਭੱਚੂ, ਹਰਸੇਵ ਬੈਂਸ, ਡਾ ਬੌਬ ਗਿੱਲ ਦੀ ਅਣਥੱਕ ਮਿਹਨਤ ਦਾ ਨਤੀਜਾ ਸੀ ਕਿ ਭਾਰੀ ਗਿਣਤੀ ਵਿੱਚ ਦਰਸ਼ਕਾਂ ਨੇ ਪਹੁੰਚ ਕੇ ਇਸ ਨਾਟਕ ਦੀ ਪੇਸ਼ਕਾਰੀ ਦਾ ਆਨੰਦ ਮਾਣਿਆ।

# ਪ੍ਰਸਿੱਧ ਗਾਇਕ ਕਸ਼ਮੀਰਾ ਦੁਆਬੀਆ ਨੂੰ ਗਹਿਰਾ ਸਦਮਾ, ਵੱਡੇ ਭਰਾ ਦੀ ਅਚਾਨਕ ਮੌਤ



**ਚੰਡੀਗੜ (ਪ੍ਰੀਤਮ ਲੁਧਿਆਣਵੀ)-** ਪੰਜਾਬੀ ਦੇ ਪ੍ਰਸਿੱਧ ਗਾਇਕ ਕਸ਼ਮੀਰਾ ਦੁਆਬੀਆ ਨੂੰ ਓਸ ਵਕਤ ਭਾਰੀ ਸਦਮਾ ਪੁੱਜਾ, ਜਦੋਂ ਉਨਾਂ ਦੇ ਵੱਡੇ ਵੀਰ ਮਾ: ਦਰਸ਼ਨ ਲਾਲ ਜੀ ਬੀਤੇ ਸ਼ੁਕਰਵਾਰ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ। ਮਾ: ਦਰਸ਼ਨ ਲਾਲ ਜੀ, ਹੈਪੀ ਮਾਡਲ ਸਕੂਲ ਵਿੱਚ ਬਤੌਰ ਟੀਚਰ ਸੇਵਾ ਨਿਭਾ ਰਹੇ ਸਨ। ਇਹ ਦੁਖਦਾਇਕ ਖਬਰ ਮਿਲਦੇ ਹੀ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੌਰਾਨ ਉਸੇ ਸਮੇਂ ਸੋਗ ਦੀ ਲਹਿਰ ਦੌੜ ਗਈ ਤੇ ਅਗਲੇ ਦਿਨ ਛਨੀਵਾਰ ਨੂੰ ਇਸੇ ਗਮ ਵਿਚ ਸਕੂਲ ਵਿਚ ਛੁੱਟੀ ਦਾ ਐਲਾਨ ਕੀਤਾ ਗਿਆ।

ਜ਼ਿਕਰ ਯੋਗ ਹੈ ਕਿ ਜਿੱਥੇ ਕਸ਼ਮੀਰਾ ਦੁਆਬੀਆ ਜੀ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ) ਦੇ ਸਰਗਰਮ ਫੰਨਕਾਰ ਹਨ, ਉਥੇ ਉਨਾਂ ਦਾ ਭਰਾ ਦਰਸ਼ਨ ਲਾਲ ਵੀ ਕਸ਼ਮੀਰੇ ਦਆਬੀਏ ਨਾਲ ਸਟੇਜਾਂ 'ਤੇ ਅਕਸਰ ਹੀ ਸਟੇਜ ਸਕੱਤਰ ਤੇ ਗਾਇਕੀ ਵਿੱਚ ਪੂਰਾ ਸਾਥ ਨਿਭਾਉਂਦੇ ਰਹੇ ਹੋਣ ਸਦਕਾ ਇਸ ਦੁਖਦਾਇਕ ਖ਼ਬਰ ਨੇ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ।) ਦੇ ਅਹੁੱਦੇਦਾਰਾਂ ਤੇ ਵਰਕਰਾਂ ਨੂੰ ਵੀ ਕਾਫ਼ੀ ਝੰਜੋੜਕੇ ਰੱਖ ਦਿੱਤਾ। ਜਿਸਦੇ ਨਤੀਜਨ ਇਸ ਸੰਸਥਾ ਦੇ ਪ੍ਰਧਾਨ ਸ੍ਰ। ਲਾਲ ਸਿੰਘ ਲਾਲੀ ਦੀ ਪ੍ਰਧਾਨਗੀ ਹੇਠ ਇਕ ਹੰਗਾਮੀ ਸ਼ੋਕ ਇਕੱਤਰਤਾ ਆਨਲਾਈਨ ਹੋਈ, ਜਿਸ ਵਿਚ ਦੋ ਮਿੰਟ ਦਾ ਮੋਨ ਧਾਰਨ ਕਰਦਿਆਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਗਈ ਕਿ ਉਹ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਤੇ ਪਿੱਛੇ ਰੋਂਦੇ-ਕੁਰਲਾਉਂਦੇ ਦੁਖੀ ਪਰਿਵਾਰ ਨੂੰ ਇਹ ਅਸਹਿ ਸਦਮਾ ਸਹਿਣ ਦਾ ਬਲ ਬਖ਼ਸ਼ੇ। ਸ਼ੋਕ ਇਕੱਤਰਤਾ ਵਿਚ ਵਿਦੇਸ਼ਾਂ ਤੋਂ ਵੀ ਕਾਫ਼ੀ ਸਾਹਿਤ ਪ੍ਰੇਮੀਆਂ ਨੇ ਹਾਜ਼ਰੀਆਂ ਲਗਵਾਈਆ।

ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਸ਼ਮੀਰਾ ਦੁਆਬੀਆ ਨੇ ਦੱਸਿਆ ਕਿ ਮ੍ਰਿਤਕ ਆਪਣੇ ਪਿੱਛੇ ਧਰਮ ਪਤਨੀ ਦੇ ਨਾਲ-ਨਾਲ ਬੱਚੇ ਰਿੰਕੂ ਤੇ ਲਾਲੀ ਨਾਂ ਦੇ ਪੁੱਤਰਾਂ ਤੋਂ ਇਲਾਵਾ ਭਰਾ-ਭਰਜਾਈਆਂ ਤੇ ਭਤੀਜੇ ਭਤੀਜੀਆਂ ਨੂੰ ਛੱਡ ਗਿਆ ਹੈ। ਬੀਤੇ ਸ਼ਨੀਵਾਰ ਨੂੰ ਸ਼ਹੀਦ ਭਗਤ ਸਿੰਘ ਨਗਰ (ਜਿਲ ਨਵਾਂ ਸ਼ਹਿਰ) ਵਿਚ ਪੈਂਦੇ ਉਸਦੇ ਪਿੰਡ ਪੱਲੀਆਂ ਖੁਰਦ ਵਿਖੇ, ਪਿੰਡ ਦੇ ਪੰਚਾਂ ਸਰਪੰਚਾਂ, ਇਲਾਕਾ ਨਿਵਾਸੀਆਂ, ਸਕੂਲ ਦੇ ਸਟਾਫ਼ ਸਮੇਤ ਰਿਸ਼ਤੇਦਾਰਾਂ, ਸੱਜਣਾਂ-ਬੇਲੀਆਂ ਅਤੇ ਪਤਵੰਤਿਆਂ ਵੱਲੋਂ ਨਮ ਅੱਖਾਂ ਨਾਲ ਮ੍ਰਿਤਕ ਸਰੀਰ ਦਾ ਸੰਸਕਾਰ ਕੀਤਾ ਗਿਆ। ਦੋਆਬੀਆ ਜੀ ਨੇ ਇਹ ਵੀ ਦੱਸਿਆ ਕਿ ਮ੍ਰਿਤਕ ਰੂਹ ਨਮਿੱਤ 14 ਅਗਸਤ, 2022 ਦਿਨ ਐਤਵਾਰ ਨੂੰ ਪੱਲੀਆਂ ਖੁਰਦ ਵਿਖੇ ਅੰਤਮ ਅਰਦਾਸ ਹੋਵੇਗੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

NSB Insurance
for Insurance Call:
NIRMAL SINGH BADHAN
707-228-2020
NIRMAL SINGH BADHAN
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928



RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



# 27 ਅਗਸਤ ਨੂੰ ਪਾਪਾਟੋਏਟੋਏ ਵਾਰ ਮੈਮੋਰੀਅਲ ਲਾਇਬ੍ਰੇਰੀ ਵਿਖੇ 'ਇਕ ਦੁਪਹਿਰ ਪੰਜਾਬੀ ਲੇਖਕਾਂ ਦੇ ਨਾਲ'

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਕਹਿੰਦੇ ਨੇ ਕਿਤਾਬਾਂ ਸਭ ਤੋਂ ਵਧੀਆ ਦੋਸਤ ਹੁੰਦੀਆਂ ਹਨ। ਇਹ ਤੁਹਾਨੂੰ ਕੋਈ ਪ੍ਰਸ਼ਨ ਨਹੀਂ ਕਰਦੀਆਂ, ਇਹ ਤੁਹਾਡੀਆਂ ਪ੍ਰੇਸ਼ਾਨੀਆਂ ਦਾ ਹੱਲ ਦੱਸ ਦਿੰਦੀਆਂ ਹਨ, ਤੁਹਾਨੂੰ ਸਮਾਰਟ ਬਣਾਉਂਦੀਆਂ ਹਨ, ਕਿਤੇ ਵੀ ਲਿਜਾ ਸਕਦੇ ਹੋ ਅਤੇ ਤੁਹਾਨੂੰ ਬਿਹਤਰ ਇਨਸਾਨ ਬਣਾਉਂਦੀਆਂ ਹਨ। 7 ਅਗਸਤ ਨੂੰ ਦੋਸਤ ਦਿਵਸ (ਦੋਸਿਤ ਦਿਵਸ) ਆ ਰਿਹਾ ਹੈ ਅਤੇ ਦੋਸਤ ਦਾ ਜੇਕਰ ਸ਼ਬਦੀ ਜੋੜ ਵੇਖਣਾ ਹੋਵੇ ਤਾਂ ਦੋ-ਸਤਿ ਬਣਦਾ ਹੈ। ਮਤਲਬ ਦੋ ਸੱਚੇ ਲੋਕਾਂ ਦਾ ਮੇਲ। ਵਿਸ਼ਵ ਦੇ ਵਿਚ ਕਿਤਾਬਾਂ ਦੇ ਘਰ ਕਹਿਲਾਉਂਦੀਆਂ ਲਾਇਬ੍ਰੇਰੀਆਂ ਦਾ ਪ੍ਰਚਲਨ ਸਦੀਆਂ ਤੋਂ ਰਿਹਾ ਹੈ ਅਤੇ ਔਕਲੈਂਡ ਦੀਆਂ ਵੱਖ-ਵੱਖ ਲਾਈਬ੍ਰੇਰੀਆਂ ਜੋ ਕਿਤਾਬਾਂ ਨਾਲ ਸ਼ਿੰਗਾਰੀਆਂ ਪਈਆਂ ਹਨ, ਵੇਖਣ ਵਾਲੀਆਂ ਹਨ। ਇਨ੍ਹਾਂ ਲਾਇਬ੍ਰੇਰੀਆਂ ਨਾਲ ਪਾਠਕਾਂ ਦਾ ਸੰਪਰਕ ਬਣਿਆ ਰਹੇ, ਕਿਤਾਬਾਂ ਅਤੇ ਕਿਤਾਬਾਂ ਲਿਖਣ ਵਾਲਿਆਂ ਨਾਲ ਸਾਂਝ ਬਣੀ ਰਹੇ, ਔਕਲੈਂਡ ਕੌਂਸਿਲ ਦਾ ਲਾਇਬ੍ਰੇਰੀ ਵਿਭਾਗ ਕਈ ਪ੍ਰੋਗਰਾਮ ਵੱਖ-ਵੱਖ ਕਮਿਊਨਿਟੀਆਂ ਦੇ ਵਿਚ ਲੈ ਕੇ ਆਉਂਦਾ ਹੈ।

ਪੰਜਾਬੀਆਂ ਨੂੰ ਇਸ ਗੱਲ ਦੀ ਖੁਸ਼ੀ ਹੋਵੇਗੀ ਕਿ 27 ਅਗਸਤ ਨੂੰ ਪਾਪਾਟੋਏਟੋਏ ਵਾਰ ਮੈਮੋਰੀਅਲ ਲਾਇਬ੍ਰੇਰੀ ਵਿਖੇ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਇਕ ਵਿਸ਼ੇਸ਼ ਪ੍ਰੋਗਰਾਮ 'ਇਕ ਦੁਪਹਿਰ ਪੰਜਾਬੀ ਲੇਖਕਾਂ ਦੇ ਨਾਲ' ਰੱਖਿਆ ਗਿਆ ਹੈ। ਇਸ ਪਲੇਠੇ ਪ੍ਰੋਗਰਾਮ ਦੇ ਵਿਚ ਪੰਜ ਪੰਜਾਬੀ ਲੇਖਕਾਂ ਨੂੰ ਸੱਦਾ ਦਿੱਤਾ ਗਿਆ ਹੈ ਜਿਸ ਦੇ ਵਿਚ ਪਰਮਿੰਦਰ ਸਿੰਘ ਪਾਪਾਟੋਏਟੋਏ, ਸੁਖਪ੍ਰੀਤ ਭੇਲਾ, ਰਣਜੀਤ ਸੰਧੂ, ਹਰਜਿੰਦਰ ਸਿੰਘ ਬਸਿਆਲਾ ਅਤੇ ਜਸਪ੍ਰੀਤ ਕੌਰ ਸੈਣੀ ਸ਼ਾਮਿਲ ਹਨ।

ਲੇਖਕ ਪਰਮਿੰਦਰ ਸਿੰਘ ਪਾਪਾਟੋਏਟੋਏ ਹੋਰਾਂ ਨੇ ਹਾਲ ਹੀ ਵਿਚ ਆਪਣੀ ਪਲੇਠੀ ਪੁਸਤਕ 'ਕੀਵੀਨਾਮਾ' ਜਾਰੀ ਕੀਤੀ ਹੈ। ਵੱਡ ਅਕਾਰੀ ਇਸ ਪੁੱਸਤਕ ਦੇ ਵਿਚ ਜਿੱਥੇ ਕੀਵੀਆਂ ਦੀ ਗੱਲਾਂਬਾਤਾਂ ਹਨ, ਉਥੇ ਕੈਨੇਡਾ, ਅਮਰੀਕਾ, ਆਸਟਰੇਲੀਆ ਸਮੇਤ ਹੋਰ ਕਈ ਦੇਸ਼ਾਂ ਦੀਆਂ ਉਹ ਗੱਲਾਂਬਾਤਾਂ ਹਨ ਜਿਨ੍ਹਾਂ ਨੂੰ ਲੇਖਕ ਦੀਆਂ ਨਜ਼ਰਾਂ ਨਾਲ ਤੱਕ ਕੇ ਸ਼ਬਦਾਂ ਦੇ ਵਿਚ ਕੈਦ ਕੀਤਾ ਗਿਆ ਹੈ।



ਪਰਮਿੰਦਰ ਸਿੰਘ ਪਾਪਾਟੋਏਟੋਏ, ਸੁੱਖਪ੍ਰੀਤ ਭੇਲਾ,ਰਣਜੀਤ ਸੰਧੂ, ਹਰਜਿੰਦਰ ਸਿੰਘ ਬਸਿਆਲਾ ਤੇ ਲੇਖਿਕਾ ਜਸਪ੍ਰੀਤ ਕੌਰ ਸੈਣੀ

ਲੇਖਕ ਸੁੱਖਪ੍ਰੀਤ ਭੇਲਾ ਹੋਰਾਂ ਦੀ ਇਕ ਕਿਤਾਬ 'ਇਕ ਰੀਝ' ਛਪ ਚੁੱਕੀ ਹੈ। ਕਈ ਵਾਰ ਜਿਹੜੀਆਂ ਗੱਲਾਂ ਮੁਹੱਬਤ ਅਤੇ ਕੁਦਰਤ ਬਾਰੇ ਤੁਸੀਂ ਬੋਲ ਨੇ ਵਰਨਣ ਨਹੀਂ ਕਰ ਸਕਦੇ, ਉਨ੍ਹਾਂ ਨੂੰ ਸ਼ਬਦਾਂ ਦੀ ਮਾਲਾ ਵਿਚ ਪ੍ਰੋਅ ਨੇ ਭਾਵਨਾਵਾਂ ਦਾ ਇਜ਼ਹਾਰ ਕਰਨ ਦੀ ਕੋਸ਼ਿਸ਼ ਇਸ ਕਿਤਾਬ ਦੇ ਵਿਚ ਕੀਤੀ ਗਈ ਹੈ। ਅਗਲੀ ਕਿਤਾਬ 'ਸਾਡੇ ਦਾਦਿਆਂ ਦਾ ਦੌਰ' ਉਸਦੀ ਆਉਣ ਵਾਲੀ ਪੁਸਤਕ ਹੋਵੇਗੀ। ਸੁਭਾਵਿਕ ਹੈ ਕਿ ਇਹ ਸਾਡੇ ਵਡੇਰਿਆਂ ਦੇ ਤਜ਼ਰਬਿਆਂ ਦਾ ਨਿਖਰਿਆ ਰੂਪ ਰੂਪਾਂਤਰ ਕਰੇਗੀ। ਲੇਖਕ ਰਣਜੀਤ ਸੰਧੂ, ਕਿਸਾਨ ਮੋਰਚੇ ਦੀ ਜਿੱਤ ਦੌਰਾਨ ਆਪਣੀ ਲਿਖਤ 'ਆਪਾਂ ਕੀ ਲੈ ਕੇ ਚੱਲੇ ਆਂ' ਨਾਲ ਪੂਰੀ ਦੁਨੀਆ ਤੇ 'ਚ ਵੱਸਦੇ ਸੰਘਰਸ਼ੀ ਕਿਸਾਨਾਂ ਦੇ ਬੋਲਾਂ ਨੂੰ ਆਪਣੇ ਸ਼ਬਦਾਂ ਰਾਹੀਂ ਕੋਕੇ 'ਚ ਨਗ ਵਾਂਗੂੰ ਜੜਨ ਵਾਲਾ ਚੜ੍ਹਦੀ ਉਮਰ ਦਾ ਲੇਖਕ ਹੈ। ਨਿਊਜ਼ੀਲੈਂਡ ਵਿੱਚ ਰਹਿੰਦਿਆਂ ਹੱਥੀਂ ਕਿਰਤ ਕਰਨ ਦੇ ਨਾਲ-ਨਾਲ ਸਾਹਿਤ ਸਿਰਜਨਾ ਵੀ ਕਰ ਰਿਹਾ ਹੈ। ਉਹ ਆਪਣੀ ਲੇਖਣੀ ਰਾਹੀਂ ਦਿਲ ਵੀ ਟੁੰਬਦਾ ਹੈ, ਵਿਅੰਗ ਵੀ ਕਰਦਾ ਹੈ ਤੇ ਦੇਸ਼ ਪੰਜਾਬ ਦੀ ਮਿੱਟੀ ਨੂੰ ਸਿਜਦੇ ਕਰਦਿਆਂ ਪਿੰਡ ਦੀ ਸੈਰ ਵੀ ਕਰਾਉਂਦਾ ਹੈ।

ਲੇਖਕ ਸ ਹਰਜਿੰਦਰ ਸਿੰਘ ਬਸਿਆਲਾ ਨੇ 2015 ਦੇ ਵਿਚ ਦੋ ਕਿਤਾਬਾਂ 'ਅਜਬ ਗਜ਼ਬ ਦੇ ਰੰਗ' ਅਤੇ 'ਹਾਲੀਵੁੱਡ ਦੀਆਂ ਪ੍ਰਸਿੱਧ ਅਭਿਨੇਤਰੀਆਂ' ਪ੍ਰਕਾਸ਼ਿਤ ਕਰਵਾਈਆਂ ਸਨ ਜੋ ਕਿ ਅਖਬਾਰਾਂ ਦੇ ਵਿਚ ਛਪੀਆਂ ਲੇਖ ਲੜੀਆਂ ਹਨ। ਅਜਬ ਗਜ਼ਬ ਦੇ ਵਿਚ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਲਈ ਲੇਖ ਹਨ ਅਤੇ ਸੂਚਨਾ ਤਕਨਾਲੋਜੀ ਦੀਆਂ ਖੋਜਾਂ ਬਾਰੇ ਲਿਖਿਆ ਗਿਆ ਹੈ।

ਲੇਖਿਕਾ ਜਸਪ੍ਰੀਤ ਕੌਰ ਸੈਣੀ ਹੋਰਾਂ ਨੇ ਸਾਂਝੇ ਰੂਪ ਵਿਚ ਛਪਦੀਆਂ ਕਿਤਾਬਾਂ ਦੇ ਵਿਚ ਆਪਣੀ ਲੇਖਨੀ ਨਾਲ ਲੇਖਿਕਾਂ ਦੀ ਸ਼੍ਰੇਣੀ ਵਿਚ ਆਪਣਾ ਨਾਂਅ ਦਰਜ ਕਰਾਇਆ ਹੈ। 'ਹਰਫ਼ ਨਾਦ', 'ਚਾਨਣ ਰੰਗੇ ਖੰਭ','ਤਾਸਮਨ', 'ਸੁਪਨਿਆਂ ਦੀ ਪਰਵਾਜ਼','ਆਪਣਾ ਮੂਲ ਪਛਾਣ' ਅਤੇ 'ਸਰਘੀ ਦੇ ਫੁੱਲ' ਦੇ ਵਿਚ ਆਪਣੀਆਂ ਰਚਨਾਵਾਂ ਛਪਵਾਈਆਂ ਹਨ।

ਪੰਜਾਬੀ ਭਾਸ਼ਾ ਨੂੰ ਸਮਰਪਿਤ ਇਹ ਪ੍ਰੋਗਰਾਮ ਨਿਊਜ਼ੀਲੈਂਡ ਪੰਜਾਬੀ ਮਲਟੀਮੀਡੀਆ ਟ੍ਰਸਟ ਦੇ ਸਹਿਯੋਗ ਨਾਲ ਔਕਲੈਂਡ ਕੌਂਸਿਲ ਲਾਇਬ੍ਰੇਰੀਅਨ ਸ੍ਰੀਮਤੀ ਸੁਨੀਤਾ ਵਿੱਜ ਵੱਲੋਂ ਕਰਵਾਇਆ ਜਾ ਰਿਹਾ ਹੈ ਅਤੇ ਇਸ ਵਿਚ ਕੋਈ ਵੀ ਭਾਗ ਲੈ ਸਕਦਾ ਹੈ। ਆਸ ਹੈ ਕਿ ਭਵਿੱਖ ਦੇ ਵਿਚ ਇਸ ਤਰ੍ਹਾਂ ਦੇ ਹੋਰ ਸਮਾਗਮ ਵੀ ਹੁੰਦੇ ਰਹਿਣਗੇ ਅਤੇ ਹੋਰ ਪੰਜਾਬੀ ਲੇਖਕ ਵੀ ਇਨ੍ਹਾਂ ਵਿਚ ਸ਼ਾਮਿਲ ਹੋਣਗੇ।

# ਬਲਾਕ ਸਿੱਖਿਆ ਅਫਸਰ ਬਣਨ ਤੇ ਕੀਤਾ ਸਟਾਫ ਨੇ ਕੀਤਾ ਸਨਮਾਨ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)**-ਇਲਾਕੇ ਦੀ ਨਾਮਵਰ ਸ਼ਖਸ਼ੀਅਤ ਅਤੇ ਵੱਖ ਵੱਖ ਸਕੂਲਾਂ ਚ ਡਿਊਟੀ ਨਿਭਾ ਚੁੱਕੇ ਅਧਿਆਪਕ ਗੁਰਪਾਲ ਸਿੰਘ ਪੁਆਰੀ ਨੂੰ ਸੂਬਾ ਸਰਕਾਰ ਵਲੋਂ ਉਸ ਦੀਆਂ ਸਿਖਿਆ ਪ੍ਰਤੀ ਪ੍ਰਾਪਤੀਆਂ ਨੂੰ ਦੇਖਦੇ ਹੋਏ ਬਲਾਕ ਸਿਖਿਆ ਅਫਸਰ ਬਣਾਇਆ ਗਿਆ ਜਿਸ ਨੂੰ ਮੁੱਖ ਰੱਖਦੇ ਹੋਏ ਸਰਕਾਰੀ ਪ੍ਰਾਇਮਰੀ ਸਕੂ.ਲ ਸਟਾਫ ਰਾਏਪੁਰ ਰਾਈਆਂ ਵਲੋਂ ਗੁਰਪਾਲ ਪੁਆਰੀ ਦਾ ਵਿਸੇਸ਼ ਸਨਮਾਨ ਕੀਤਾ ਗਿਆ ਇਸ ਸਾਦੇ ਜਿਹੇ ਸਨਮਾਨ ਸਮਾਰੋ ਦੋਰਾਨ ਸ੍ਰੀ ਸੁਰਿੰਦਰ ਪੁਆਰੀ ਗੋਰਮਿੰਟ ਟੀਚਰਜ ਯੂਨੀਅਨ ਸੂਬਾ ਪ੍ਰਧਾਨ, ਮਾਸਟਰ ਮੰਗਲ ਦਾਸ ਲਸਾੜਾ ਨੇ ਆਪਣੇ ਸੰਬੋਧਨ ਚ ਵਧਾਈ ਦਿੰਦਿਆਂ ਆਖਿਆ ਕਿ ਗੁਰਪਾਲ ਪੁਆਰੀ ਇੱਕ ਮਿਹਨਤੀ ਤੇ ਇਮਾਨਦਾਰੀ ਨਾਲ ਬੱਚਿਆਂ ਨੂੰ ਸਿਖਿਆ ਪ੍ਰਦਾਨ ਕਰ ਰਹੇ ਹਨ ਤੇ ਇਹ ਸਭ ਦੇਖਦੇ ਹੋਏ ਸਰਕਾਰ ਵਲੋਂ ਉਸ ਪਦਉੱਨਤ ਕੀਤਾ ਜੋ ਨਵਾਂ ਸ਼ਹਿਰ ਦੇ ਬਲਾਕ ਔੜ ਵਿਖੇ ਬਤੋਰ ਸਿਖਿਆ ਅਫਸਰ ਦਾ ਅਹੁਦਾ ਸੰਭਾਲ ਰਹੇ ਹਨ ਉਨਾਂ ਗੁਰਪਾਲ ਪੁਆਰੀ ਨੂੰ ਤਰੱਕੀ ਹੋਣ ਤੇ ਮੁਬਾਰਕਬਾਦ ਦਿਤੀ ਇਸ ਮੋਕੇ ਗੁਰਪਾਲ ਪੁਆਰੀ ਦਾ ਫੁੱਲਾ ਦਾ ਬੁੱਕਾ ਦੇਕੇ ਵਿਸੇਸ਼ ਸਨਮਾਨ ਕੀਤਾ ਗਿਆ ਇਸ ਮੋਕੇ ਗੁਰਪਾਲ ਸਿੰਘ ਪੁਆਰੀ ਬਲਾਕ ਸਿਖਿਆਂ ਅਫਸਰ ਔੜ ਨੇ ਆਖਿਆ ਕਿ ਮੈਂ ਸੂਬਾ ਸਰਕਾਰ ਦਾ ਧੰਨਵਾਦ ਕਰਦਾ ਹਾਂ ਜਿਨਾਂ ਨੇ ਮੈਨੂੰ ਤਰੱਕੀ ਦੇ ਕੇ ਮੇਰਾ ਹੋਸਲਾ ਵਧਾਇਆ ਤੇ ਮੈਂ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਂਵਾਗਾ ਉਨਾ ਸਨਮਾਨ ਕਰਨ ਤੇ ਸਾਰੇ ਪਤਵੰਤਿਆ ਅਤੇ ਸਕੁ.ਲ ਸਟਾਫ ਦਾ ਤਹਿ ਦਿਲੋਂ ਧੰਨਵਾਦ ਕੀਤਾ ਇਸ ਮੋਕੇ ਜਸਵੀਰ ਸਿੰਘ ਬੀਪੀਈਓ ਫਿਲੋਰ, ਸਲਵਿੰਦਰ ਜੱਸੀ ਜਿਲਾ ਪ੍ਰਧਾਨ, ਦੀਪਕ ਕੁਮਾਰ, ਸ਼੍ਰੀ ਮੱਖਣ ਰੱਤੂ ਤੇ ਹੋਰ ਅਧਿਆਪਕ ਸਹਿਬਾਨ ਤੇ ਪਿੰਡ ਵਾਸੀ ਹਾਜਰ ਸਨ।









# ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਬੀਬੀਐਮਬੀ ਦਾ ਨੋਟੀਫਿਕੇਸ਼ਨ ਰੱਦ ਕਰਨ ਦੀ ਕੀਤੀ ਮੰਗ

**ਨਿਊਯਾਰਕ/ਰੋਪੜ (ਰਾਜ ਗੋਗਨਾ)**– ਸ੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਲੋਕ ਸਭਾ ਵਿੱਚ ਮਤਾ ਪੇਸ਼ ਕਰਕੇ ਬੀਬੀਐਮਬੀ ਦੇ ਨੋਟੀਫਿਕੇਸ਼ਨ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ, ਜਿਸ ਨੂੰ ਉਨ੍ਹਾਂ ਨੇ ਪੰਜਾਬ ਨਾਲ ਪੱਖਪਾਤ ਕਰਾਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਐਮਪੀ ਤਿਵਾੜੀ ਵੱਲੋਂ ਇਸ ਮਾਮਲੇ ਚ ਕੇਂਦਰੀ ਬਿਜਲੀ ਮੰਤਰੀ ਆਰ ਪੀ ਸਿੰਘ ਨੂੰ ਚਿੱਠੀ ਲਿਖੀ ਗਈ ਸੀ । ਜਿਸ ਨੋਟੀਫਿਕੇਸ਼ਨ ਰਾਹੀਂ ਬੋਰਡ ਦੇ ਮੈਂਬਰਾਂ ਅਤੇ ਚੇਅਰਮੈਨਾਂ ਦੀਆਂ ਯੋਗਤਾਵਾਂ ਵਿੱਚ ਵਾਧਾ ਕਰਨ ਸਮੇਤ ਇੱਕ ਖੋਜ-ਕਮ-ਚੋਣ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ। ਇਸ ਤੋਂ ਪਹਿਲਾਂ, ਡੈਮ ਤੋਂ ਪੈਦਾ ਹੋਣ ਵਾਲੀ ਬਿਜਲੀ ਦਾ ਜ਼ਿਆਦਾਤਰ ਹਿੱਸਾ ਪੰਜਾਬ ਅਤੇ ਹਰਿਆਣਾ ਨੂੰ ਦਿੱਤਾ ਜਾਂਦਾ ਹੈ, ਜਿਸ ਵਿੱਚੋਂ ਮੈਂਬਰ (ਪਾਵਰ) ਅਤੇ ਮੈਂਬਰ (ਸਿੰਚਾਈ) ਦੀਆਂ ਅਸਾਮੀਆਂ ਕ੍ਰਮਵਾਰ ਦੋਵਾਂ ਰਾਜਾਂ ਦੇ ਨੁਮਾਇੰਦਿਆਂ ਵੱਲੋਂ ਭਰੀਆਂ ਜਾਂਦੀਆਂ ਰਹੀਆਂ ਹਨ। ਜਦੋਂ ਕਿ ਨਿਯਮਾਂ ਵਿੱਚ ਤਬਦੀਲੀ ਨਾਲ ਅਜਿਹਾ ਕੋਈ ਜ਼ਿਕਰ ਨਹੀਂ ਕੀਤਾ ਗਿਆ।ਉਹਨਾਂ ਵੱਲੋ ਇਕ ਲਿਖਤੀ ਬਿਆਨ ਜਾਰੀ ਕਰਦਿਆਂ, ਇਸ ਦਿਸ਼ਾ ਚ ਨੋਟੀਫਿਕੇਸ਼ਨ ਰਾਹੀਂ ਦਰਸਾਈਆਂ ਗਈਆਂ ਯੋਗਤਾਵਾਂ ਦੇ ਨਿਯਮ ਬਹੁਤ ਸਖ਼ਤ ਹਨ ਅਤੇ ਸੂਬਿਆਂ ਦੇ



ਬਿਜਲੀ ਬੋਰਡਾਂ ਦੇ ਜ਼ਿਆਦ-ਾਤਰ ਮੈਂਬਰ ਇਸ ਨੂੰ ਪੂਰਾ ਨਹੀਂ ਕਰਦੇ ਹਨ। ਜਿਸ ਕਾਰਨ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਅਤੇ ਹਰਿਆਣਾ ਨੂੰ ਕੋਈ ਪ੍ਰਤੀਨਿਧਤਾ ਨਹੀਂ ਮਿਲੇਗੀ। ਉਥੇ ਹੀ ਨੋਟੀਫਿਕੇਸ਼ਨ ਰਾਹੀਂ ਗਠਿਤ ਸਰਚ-ਕਮ-ਸਿਲੈਕਸ਼ਨ ਕਮੇਟੀ ਵਿੱਚ ਬਿਜਲੀ ਮੰਤਰਾਲੇ ਦੇ ਸਕੱਤਰ ਚੇਅਰਮੈਨ; ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਦੇ ਸਕੱਤਰ, ਮੈਂਬਰ; ਜਲ ਸ਼ਕਤੀ ਮੰਤਰਾਲੇ ਦੇ ਸਕੱਤਰ, ਮੈਂਬਰ; ਬਿਜਲੀ ਮੰਤਰਾਲੇ ਦੇ ਅਧੀਨ ਕੇਂਦਰੀ ਜਨਤਕ ਕੰਪਨੀ ਦਾ ਚੇਅਰਮੈਨ, ਬਿਜਲੀ ਮੰਤਰਾਲੇ ਦੁਆਰਾ ਨਾਮਜ਼ਦ ਕੀਤਾ ਜਾਣਾ; ਬਿਜਲੀ ਮੰਤਰਾਲਾ ਇੱਕ ਬਾਹਰੀ ਮਾਹਿਰ ਨਿਯੁਕਤ ਕਰਨਾ, ਸ਼ਾਮਲ ਹੋਣਗੇ। ਇਸ ਸਮੁੱਚੀ ਕਮੇਟੀ ਵਿੱਚ ਕੇਂਦਰ ਸਰਕਾਰ ਦੇ ਨੁਮਾਇੰਦੇ ਹੋਣਗੇ ਅਤੇ ਇਸ ਵਿੱਚ ਸੰਘੀ ਪ੍ਰਣਾਲੀ ਦੀ ਅਸਲ ਭਾਵਨਾ ਨਜ਼ਰ ਨਹੀਂ ਆ ਰਹੀ ਹੈ। ਜਦਕਿ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ-97 ਅਨੁਸਾਰ ਜਾਰੀ ਨੋਟੀਫਿਕੇਸ਼ਨ ਵਿਚ ਕਿਸੇ ਮੈਂਬਰ ਦੀ ਯੋਗਤਾ ਜਾਂ ਖੋਜ-ਕਮ-ਚੋਣ ਕਮੇਟੀ ਦੇ ਗਠਨ ਦਾ ਸਪੱਸ਼ਟ ਤੌਰ 'ਤੇ ਜ਼ਿਕਰ ਨਹੀਂ ਹੈ। ਇਸੇ ਤਰ੍ਹਾਂ, ਇਹ ਕਾਨੂੰਨ ਪੰਜਾਬ ਪੁਨਰਗਠਨ ਐਕਟ, 1966 ਦੀਆਂ ਧਾਰਾਵਾਂ 78 ਅਤੇ 79 ਦੀ ਭਾਵਨਾ ਦੇ ਵੀ ਵਿਰੁੱਧ ਹੈ।

# ਕੇਦਰੀ ਪੰਜਾਬੀ ਲੇਖਕ ਸਭਾ ਵਲੋਂ ਸ਼ਾਇਰ ਦੇਵ ਦਰਦ ਅਤੇ ਕਥਾਕਾਰ ਤਲਵਿੰਦਰ ਸਿੰਘ ਦੀ ਯਾਦ ਵਿੱਚ ਕਰਵਾਈ ਭਾਸ਼ਾ ਕਨਵੈਨਸ਼ਨ

**ਰਈਆ**— ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਅਰੰਭੀ ਭਾਸ਼ਾ ਕਨਵੈਨਸ਼ਨਾ ਦੀ ਲੜੀ ਤਹਿਤ ਮਾਝਾ ਜ਼ੋਨ ਦੀ ਭਾਸ਼ਾ ਕਨਵੈਨਸ਼ਨ ਮਾਝੇ ਖੇਤਰ ਦੀਆਂ ਸਮੁੱਚੀਆਂ ਸਾਹਿਤ ਸਭਾਵਾਂ ਦੇ ਸਹਿਯੋਗ ਨਾਲ ਸਥਾਨਕ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਕਰਵਾਈ ਗਈ। ਸ਼ਾਇਰ ਦੇਵ ਦਰਦ ਅਤੇ ਕਥਾਕਾਰ ਤਲਵਿੰਦਰ ਸਿੰਘ ਦੀ ਯਾਦ ਨੂੰ ਸਮਰਪਿਤ ਇਸ ਭਾਸ਼ਾ ਕਨ-ਵੈਨਸ਼ਨ ਵਿੱਚ ਵਿਦਵਾਨਾਂ ਨੇ ਸਾਂਝੇ ਤੌਰ ਤੇ ਰਾਏ ਉਸਾਰੀ ਕਿ ਜਿਸ ਭਾਸ਼ਾ ਵਿਚ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ ਉਸ ਭਾਸ਼ਾ ਵਿਚ ਪੜਾਇਆ ਵੀ ਜਾ ਸਕਦਾ ਹੈ। ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਦੇ ਸਵਾਗਤੀ ਸਬਦਾਂ ਨਾਲ ਸ਼ੁਰੂ ਹੋਈ ਇਸ ਭਾਸ਼ਾ ਕਨਵੈਨਸ਼ਨ ਦੇ ਕਨਵੀਨਰ ਦੀਪ ਦੇਵਿੰਦਰ ਸਿੰਘ ਨੇ ਸਮਾਗਮ ਨੂੰ ਤਰਤੀਬ ਦਿੱਤੀ ਜਦਕਿ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ ਲਖਵਿੰਦਰ ਜੌਹਲ ਨੇ ਕੀਤੀ।

"ਉਚੇਰੀ ਸਿੱਖਿਆ ਅਤੇ ਮਾਤ ਭਾਸ਼ਾ " ਵਿਸ਼ੇ ਤੇ ਗਲ ਕਰਦਿਆਂ ਪੰਜਾਬੀ ਵਿਦਵਾਨ ਡਾ ਪਰਮਿੰਦਰ, ਡਾ ਸਰਬ-ਜੀਤ ਛੀਨਾ, ਡਾ ਹਰਜਿੰਦਰ ਅਟਵਾਲ, ਸੁਸ਼ੀਲ ਦੁਸਾਂਝ, ਡਾ ਸਿਆਮ ਸੁੰਦਰ ਦੀਪਤੀ, ਪ੍ਰਿੰ ਡਾ ਸੁਖਬੀਰ ਕੌਰ ਮਾਹਲ, ਡਾ ਸੀਮਾ ਗਰੇਵਾਲ, ਡਾ ਮੋਹਨ, ਡਾ ਭੁਪਿੰਦਰ ਸਿੰਘ ਫੇਰੂਮਾਨ , ਮੱਖਣ ਕੁਹਾੜ, ਸੁਲੱਖਣ ਸਰਹੱਦੀ, ਐਡਵੋਕੇਟ ਵਿਸ਼ਾਲ ਸ਼ਰਮਾ ਅਤੇ ਸੁਰਿੰਦਰ ਸੁੰਨੜ ਆਦਿਨੇ ਉਚੇਰੀ ਸਿੱਖਿਆ ਸਿੱਖਿਆ ਦੇ ਹਵਾਲੇ ਨਾਲ ਕਿਹਾ ਕਿ ਸਾਇੰਸ, ਇਕਨਾਮਿਕਸ, ਕਨੂੰਨ ਅਤੇ ਤਕਨੀਕੀ ਸਿੱਖਿਆ ਵਰਗੇ ਵਿਸ਼ਿਆਂ ਦੀ ਪੜ੍ਹਾਈ ਮਾਤ ਭਾਸ਼ਾ ਵਿਚ ਕਰਨ ਲਈ ਸਰਕਾਰਾਂ ਨੂੰ ਪੜ੍ਹਨ ਸਮੱਗਰੀ ਦਾ ਬੰਦੋਬਸਤ ਪਹਿਲ ਦੇ ਆਧਾਰ ਤੇ ਕਰਨਾ ਚਾਹੀਦਾ ਹੈ ਉਹਨਾਂ ਇਹ ਵੀ ਕਿਹਾ ਕਿ ਸਰਕਾਰਾਂ ਨੂੰ ਸਿਖਿਆ ਨੀਤੀ ਤੇ ਵਾਰ ਵਾਰ ਤਜਰਬੇ ਕਰਨ ਦੀ ਬਜਾਏ ਮਾਤ ਭਾਸ਼ਾ ਨੂੰ ਰੁਜ਼ਗਾਰ ਮੁਖੀ ਬਣਾਉਣ ਲਈ ਵਸੀਲੇ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਨੌਜਵਾਨ ਪੀੜ੍ਹੀ ਪੜ੍ਹ ਲਿਖ ਕੇ ਆਪਣੇ ਸੂਬੇ ਵਿਚ ਹੀ ਰੋਜੀ ਰੋਟੀ ਕਮਾ ਸਕੇ। ਪ੍ਰਧਾਨਗੀ ਭਾਸ਼ਣ ਦੇਂਦਿਆਂ ਡਾ ਲਖਵਿੰਦਰ ਜੌਹਲ ਨੇ ਸਮਾਗਮ ਦੀ ਸ਼ਲਾਘਾ ਕਰਦਿਆਂ ਕਿਹਾ ਇਸੇ ਤਰਜ ਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੀ ਪੰਜਾਬੀ ਵਿਦਵਾਨਾਂ ਕੋਲੋਂ ਮੈਡੀਕਲ ਸਾਇੰਸ ਦੇ ਸਬਦਾਂ ਦਾ ਪੰਜਾਬੀਕਰਣ ਕਰਵਾ ਰਹੀ ਹੈ। ਕੇਂਦਰੀ ਸਭਾ ਦੇ ਮੀਤ ਪ੍ਰਧਾਨ ਵਰਗਸ ਸਲਾਮਤ ਅਤੇ ਮੈਂਬਰ ਕਾਰਜਕਾਰਨੀ ਸ਼ੈਲਿੰਦਰਜੀਤ ਰਾਜਨ ਨੇ ਸਭ ਦਾ ਧੰਨਵਾਦ ਕੀਤਾ ।

ਹੋਰਨਾਂ ਤੋਂ ਇਲਾਵਾ ਪ੍ਰਿੰ ਅੰਕਿਤ ਸਹਿਦੇਵ, ਹਰਜੀਤ ਸੰਧੂ, ਸੁਮੀਤ ਸਿੰਘ, ਪ੍ਰਤੀਕ ਸਹਿਦੇਵ, ਗੁਰਮੀਤ ਬਾਜਵਾ, ਪ੍ਰਿੰ: ਰਘਬੀਰ ਸਿੰਘ ਸੋਹਲ, ਸੰਤੋਖ ਸਿੰਘ ਗੁਰਾਇਆ, ਡਾ: ਪਰਮਜੀਤ ਸਿੰਘ ਬਾਠ, ਮੱਖਣ ਸਿੰਘ ਭੈਣੀਵਾਲਾ, ਮੁਖਤਾਰ ਸਿੰਘ ਗਿੱਲ, ਸਤਰਾਜ ਸਿੰਘ ਜਲਾਲਾਂਬਾਦੀ, ਦਿਲਰਾਜ ਸਿੰਘ ਦਰਦੀ, ਸਕੱਤਰ ਸਿੰਘ ਪੁਰੇਵਾਲ, ਅਜੈਬ ਸਿੰਘ ਬੋਦੇਵਾਲ, ਰਾਜਦਵਿੰਦਰ ਸਿੰਘ ਵੜੈਚ, ਅਮਨਪ੍ਰੀਤ ਸਿੰਘ ਅਠੌਲਾ, ਰਾਜਵਿੰਦਰ ਕੌਰ ਰਾਜ, ਨਵਜੋਤ ਕੌਰ ਨਵੂ ਭੁੱਲਰ, ਮਨਪ੍ਰੀਤ ਕੌਰ ਮਨ ਗੁਰਜੀਤ ਕੌਰ ਅਜਨਾਲਾ, ਹਰਭਜਨ ਖੇਮਕਰਨੀ, ਮੋਹਿਤ ਸਹਿਦੇਵ, ਕੋਮਲ ਸਹਿਦੇਵ, ਰਜਿੰਦਰ ਰਿਖੀ, ਨਵਜੋਤ ਭੁੱਲਰ, ਵਜੀਰ ਸਿੰਘ ਰੰਧਾਵਾ, ਗੁਰਪ੍ਰੀਤ ਰੰਗੀਲਪੁਰ,ਕਰਮ ਸਿੰਘ ਹੁੰਦਲ, ਬਰਕਤ ਵੋਹਰਾ, ਅਮ੍ਰਿਤ ਲਾਲ ਮੰਨਣ, ਬਲਜਦਰ ਮਾਂਗਟ, ਵਿਜੇ ਅਗਨੀਹੋਤਰੀ, ਸੁਖਵੰਤ ਚੇਤਨਪੁਰੀ, ਸੁੱਚਾ ਸਿੰਘ ਪਸਨਾਵਾਲ, ਗੁਲਜ਼ਾਰ ਸਿੰਘ ਖੇੜਾ, ਅਵਤਾਰ ਸਿੰਘ ਗੋਇੰਦਵਾਲ, ਪਰਤਾਪ ਕਠਾਣੀਆ, ਭਗਤ ਨਾਰਾਇਣ, ਓਮ ਪ੍ਰਕਾਸ਼ ਭਗਤ, ਜਾਨੂੰ ਰਾਜ ਕੁਮਾਰ ਰਾਜ, ਡਾ ਜਿੰਦਰ, ਪਰਮਜੀਤ ਕੌਰ, ਪੂਨਮ ਸ਼ਰਮਾ, ਮੀਨਾਕਸ਼ੀ ਅਤੇ ਗੀਤਾ ਭਗਤ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਾਹਿਤਕਾਰ ਅਤੇ ਅਧਿਆਪਕ ਹਾਜਰ ਸਨ।

**– ਕਮਲਜੀਤ ਸੋਨੂੰ**

# ਅਧਿਆਪਕਾਂ ਦੇ ਸੈਮੀਨਾਰ ਵਿੱਚ ਭਾਰਤੀ ਚਿੱਤਰਕਾਰ ਅਤੇ ਅਧਿਆਪਕ ਆਰ ਐਮ ਸਿੰਘ ਵਿਸ਼ੇਸ਼ ਤੌਰ ਤੇ ਪੁੱਜੇ, ਅਧਿਆਪਕਾਂ ਨੂੰ ਕੀਤਾ ਪ੍ਰੇਰਿਤ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)**– ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਮੀਨੀ ਵਿਖੇ ਅੰਗਰੇਜ਼ੀ ਅਤੇ ਸਮਾਜਿਕ ਵਿਸ਼ੇ ਦੇ ਅਧਿਆਪਕਾਂ ਦੇ ਚੱਲ ਰਹੇ ਸੈਮੀਨਾਰਾਂ ਵਿੱਚ ਭਾਰਤੀ ਚਿੱਤਰਕਾਰ ਅਤੇ ਅਧਿਆਪਕ ਆਰ ਐਮ ਸਿੰਘ ਉਰਫ਼ ਰਾਹੀ ਮਹਿੰਦਰ ਸਿੰਘ ਵਿਸ਼ੇਸ਼ ਤੌਰ ਤੇ ਪੁੱਜੇ ਜਿਨ੍ਹਾਂ ਨੂੰ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਾਜੇਸ਼ਵਰ ਸਲਾਰੀਆ, ਡੀ ਐਮ ਅੰਗਰੇਜ਼ੀ ਸੁਮੀਰ ਸ਼ਰਮਾਂ ਅਤੇ ਸਮੂਹ ਸੈਮੀਨੇਰੀਅਨ ਨੇ ਜੀ ਆਇਆ ਕਿਹਾ।

ਇਸ ਮੌਕੇ ਚਿੱਤਰਕਾਰ ਆਰ। ਐਮ ਸਿੰਘ ਵੱਲੋਂ ਆਪਣੇ ਪ੍ਰੇਰਨਾਦਾਇਕ ਦੌਰੇ ਤੇ ਅਧਿਆਪਕਾਂ ਨੂੰ ਆਪਣਾ ਕੰਮ ਪੂਰੀ ਤਨਦੇਹੀ ਨਾਲ ਕਰਦੇ ਹੋਏ ਬੱਚਿਆਂ ਦਾ ਭਵਿੱਖ ਸਵਾਰਨ ਦਾ ਸੱਦਾ ਦਿੱਤਾ ਹਾਜ਼ਰ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਾਜੇਸ਼ਵਰ ਸਲਾਰੀਆ ਨੇ ਚਿੱਤਰਕਾਰ ਆਰ ਐਮ ਸਿੰਘ ਵੱਲੋਂ ਭਾਰਤ ਵਿੱਚ ਕੀਤੀ ਗਈ ਵਿਸ਼ੇਸ਼ ਚਿੱਤਰਕਾਰੀ ਬਾਰੇ ਗਿਆਨ ਭਰਪੂਰ ਚਾਨਣਾ ਪਾਇਆ।

ਇਸ ਮੌਕੇ ਪ੍ਰਸਿੱਧ ਚਿੱਤਰਕਾਰ ਆਰ ਐਮ ਸਿੰਘ



ਵੱਲੋਂ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ ਗਿਆ ਕਿ ਉਹ ਸੈਮੀਨਾਰ ਦੌਰਾਨ ਪ੍ਰਾਪਤ ਕੀਤੀਆਂ ਆਧੁਨਿਕ ਤਕਨੀਕਾਂ ਨਾਲ ਵਿਦਿਆਰਥੀ ਵਰਗ ਨੂੰ ਪੜ੍ਹਾਉਣ। ਇਸ ਮੌਕੇ ਅਧਿਆਪਕਾਂ ਨੂੰ ਅੰਗਰੇਜ਼ੀ ਅਤੇ ਸਮਾਜਿਕ ਵਿਸ਼ੇ ਨੂੰ ਪੜ੍ਹਾਉਣ ਦੇ ਢੰਗ ਬਾਰੇ, ਪੀਟੀਐਮ, ਕੈਨਵਾ ਐਪ ਦੇ ਪ੍ਰਯੋਗ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਡੀ ਐਮ ਅੰਗਰੇਜ਼ੀ ਸੁਮੀਰ ਸ਼ਰਮਾਂ ਨੇ ਦਸਿਆ ਕਿ ਸੈਮੀਨਾਰ ਦਾ ਮੁੱਖ ਮਕਸਦ ਐਕਟੀਵਿਟੀ, ਚਾਰਟ, ਮਾਡਲ ਰਾਹੀਂ ਅੰਗਰੇਜ਼ੀ ਅਤੇ ਸਮਾਜਿਕ ਵਿਸ਼ੇ ਨੂੰ ਬੱਚਿਆਂ ਲਈ ਰੋਚਕ ਬਣਾਉਣਾ ਹੈ। ਅਧਿਆਪਕਾਂ ਨੇ ਸੈਮੀਨਾਰ ਨੂੰ ਬੜੀ ਹੀ ਰੋਚਕਤਾ ਨਾਲ ਲਿਆ ਅਤੇ ਅੰਗਰੇਜ਼ੀ ਸਮਾਜਿਕ ਵਿਸ਼ੇ ਨਾਲ ਸਬੰਧਤ ਬਣਾਏ ਚਾਰਟ ਮਾਡਲਾਂ ਦੀ ਪੇਸ਼ਕਾਰੀ ਵੀ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੀ ਅਤੇ ਆਪਣੇ ਅਨੁਭਵਾਂ ਨੂੰ ਸਾਂਝਾ ਕੀਤਾ। ਇਸ ਮੌਕੇ ਤੇ ਬੀ ਐਮ ਰਾਮ ਪ੍ਰਕਾਸ਼, ਵਿਦਿਆ ਸਾਗਰ, ਆਰਤੀ ਨੇ ਰਿਸੋਰਸ ਅਧਿਆਪਕ ਦੀ ਭੂਮਿਕਾ ਨਿਭਾਈ।


## ‘ਦੇਸ਼ ਦੁਆਬਾ’

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਮਾਂ ਦਾ ਦੁੱਧ ਬੱਚੇ ਦੀ ਤੰਦਰੁਸਤੀ ਲਈ ਬੇਹੱਦ ਜ਼ਰੂਰੀ - ਡਾ ਕਮਲ ਕਿਸ਼ੋਰ

**ਫਗਵਾੜਾ (ਬੀਕੇ ਰੱਤੂ)** ਸਿਵਲ ਸਰਜਨ ਕਪੂਰਥਲਾ ਡਾ ਗੁਰਿੰਦਰਬੀਰ ਕੋਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਸਿਵਲ ਹਸਪਤਾਲ ਫਗਵਾੜਾ ਡਾ ਕਮਲ ਕਿਸ਼ੋਰ ਦੀ ਯੋਗ ਅਗਵਾਈ ਅਤੇ ਔਰਤ ਰੋਗਾ ਦੇ ਮਾਹਿਰ ਡਾ ਸਿਮ-ਰਦੀਪ ਕੋਰ ਦੀ ਸੁੱਚਜੀ ਦੇਖ-ਰੇਖ ਹੇਠ ਸਮੂਚੀਆ ਸਰਕਾਰੀ ਸਿਹਤ ਸੰਸਥਾਵਾਂ ਵਲੋਂ ਅਗਸਤ ਤੋਂ 7 ਅਗਸਤ ਤੱਕ ਵਿਸਵ ਸਤਨਪਾਨ ਹਫ਼ਤਾ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸਿਵਲ ਹਸਪਤਾਲ ਫਗਵਾੜਾ ਦੇ ਨਿਊ ਨੈਂਟਲ ਵਾਰਡ ਵਿਖੇ ਇਸ ਹਫਤੇ ਨੂੰ ਮਨਾਉਣ ਦੀ ਸ਼ੁਰੂਆਤ ਕੀਤੀ ਗਈ। ਇਸ ਸਬੰਧ ' ਚ ਜਾਣਕਾਰੀ ਦਿੰਦਿਆਂ ਐਸ ਐਮ ਓ ਡਾ।ਕਮਲ ਕਿਸ਼ੋਰ ਨੇ ਦੱਸਿਆ ਕਿ ਇਸ ਹਫ਼ਤੇ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਆਉਣ ਵਾਲੇ ਮਰੀਜ਼ਾਂ ਖ਼ਾਸਕਰ ਗਰਭਵਤੀ ਔਰਤਾਂ ਨੂੰ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਉਚੇਚੇ ਤੌਰ ' ਤੇ ਜਾਣਕਾਰੀ ਦਿੱਤੀ ਜਾਵੇਗੀ । ਉਨ੍ਹਾਂ ਦੱਸਿਆ ਕਿ ਇਹ ਹਫ਼ਤਾ ਹਰ ਸਾਲ ਮਨਾਇਆ ਜਾਂਦਾ ਹੈ ਅਤੇ ਇਸ ਵਾਰ ਇਸ ਦਾ ਵਿਸ਼ਾ ‘ਸਤਨਪਾਨ ਲਈ ਕਦਮ ਵਧਾਉ ’ ਹੈ। ਮਾਂ ਦਾ ਦੁੱਧ ਬੱਚੇ ਦੀ ਤੰਦਰੁਸਤੀ ਲਈ ਬੇਹੱਦ ਜ਼ਰੂਰੀ ਹੈ ਕਿਉਂਕਿ ਇਹ ਕਈ ਬੀਮਾਰੀਆਂ ਤੋਂ ਬਚਾਅ ਕਰਦਾ ਹੈ। ਇਸ ਲਈ ਹਰ ਮਾਂ ਨੂੰ ਬੱਚੇ ਦੇ ਜਨਮ ਤੋਂ ਬਾਅਦ ਛੇ ਮਹੀਨੇ ਤਕ ਉਸ ਨੂੰ ਅਪਣਾ ਦੁੱਧ ਪਿਲਾਉਣਾ ਚਾਹੀਦਾ ਹੈ । ਉਨ੍ਹਾਂ ਕਿਹਾ ਕਿ ਮਾਂ ਦੇ ਦੁੱਧ ਨਾਲ ਨਵਜਨਮੇ ਬੱਚਿਆਂ ਦੀਆਂ ਮੌਤਾਂ ਨੂੰ 20 ਫ਼ੀਸਦੀ ਤਕ ਘਟਾਇਆ ਜਾ ਸਕਦਾ ਹੈ। ਮਾਂ ਦਾ ਦੁੱਧ ਬੱਚੇ ਲਈ ਕੁਦਰਤੀ ਅਤੇ ਸੰਪੂਰਨ ਖ਼ੁਰਾਕ ਹੈ , ਇਸ ਲਈ ਬੱਚੇ ਨੂੰ ਹੋਰ ਕਿਸੇ ਤਰ੍ਹਾਂ ਦੇ ਦੁੱਧ, ਪਾਣੀ ਜਾਂ ਹੋਰ ਕਿਸੇ ਖ਼ੁਰਾਕ ਦੀ ਲੋੜ ਨਹੀਂ । ਉਨ੍ਹਾਂ ਕਿਹਾ ਕਿ ਅਪਣੇ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਯਾਨੀ ਇੱਕ



ਘੰਟੇ ਦੇ ਅੰਦਰ - ਅੰਦਰ ਅਪਣਾ ਦੁੱਧ ਪਿਲਾਉਣਾ ਚਾਹੀਦਾ ਹੈ ਉਨ੍ਹਾਂ ਕਿਹਾ ਕਿ ਮਾਂ ਦਾ ਦੁੱਧ ਬੱਚੇ ਲਈ ਪਹਿਲੀ ’ ਗੁੜ੍ਹਤੀ ਹੁੰਦਾ ਹੈ। ਇਸ ਮੌਕੇ ਔਰਤ ਰੋਗਾ ਦੇ ਮਾਹਿਰ ਡਾ ਸਿਮਰਦੀਪ ਕੋਰ ਨੇ ਦੱਸਿਆ ਕਿ ਮਾਂ ਅਪਣੇ ਬੱਚੇ ਦੇ ਜਨਮ ਦੇ ਪਹਿਲੇ ਦੋ ਤਿੰਨ ਦਿਨਾਂ ਦੌਰਾਨ ਅਪਣਾ ਪਹਿਲਾ ਗਾੜ੍ਹਾ ਜਾਂ ਪੀਲੇ ਰੰਗ ਦਾ ਦੁੱਧ ਜ਼ਰੂਰ ਪਿਲਾਵੇ। ਜਨਮ ਤੋਂ ਬਾਅਦ ਬੱਚੇ ਨੂੰ ਦੁੱਧ ਤੋਂ ਇਲਾਵਾ ਹੋਰ ਕੋਈ ਚੀਜ਼ ਨਹੀਂ ਦੇਣੀ ਚਾਹੀਦੀ। ਜੋ ਔਰਤਾਂ ਬੀਮਾਰ ਹਨ ਤਾਂ ਵੀ ਅਪਣੇ ਬੱਚੇ ਨੂੰ ਬਿਨਾਂ ਕਿਸੇ ਡਰ - ਭੈਅ ਦੁੱਧ ਪਿਲਾਉਣਾ ਜਾਰੀ ਰੱਖ ਸਕਦੀਆਂ ਹਨ। ਮਾਂ ਵਰ੍ਹਿਆਂ ਤਕ ਜਾਂ ਉਸ ਤੋਂ ਬਾਅਦ ਵੀ ਬੱਚੇ ਨੂੰ ਦੁੱਧ ਪਿਲਾ ਸਕਦੀ ਹੈ ।

# ਗਿਲੇ, ਸ਼ਿਕਵੇ , ਨਫਰਤ ਨੂੰ ਛੱਡ ਪਿਆਰ ਦੇ ਬੂਹੇ ਖੋਲਣ ਵਾਲਾ ਅੰਤਰ ਰਾਸ਼ਟਰੀ ਕਵੀ ਦਰਬਾਰ ਜ਼ੂਮ ਰਾਹੀਂ ਪੁੰਗਰਦੇ ਹਰਫ (ਵਿਸ਼ਵ ਕਾਵਿ-ਮਹਿਫਲ) ਵੱਲੋਂ

ਪੰਜ ਦਰਿਆਵਾਂ ਨੂੰ ਸਿਜਦਾ ਕਰਦਿਆਂ ਪੰਜ ਸਮੁੰਦਰਾਂ ਨੂੰ ਆਪਣੇ ਕਲਾਵੇ 'ਚ ਲਈ ਬੈਠੀ ਮਾਂ ਬੋਲੀ ਪੰਜਾਬੀ ਦੀਆਂ ਬੁਲੰਦੀਆਂ ਨੂੰ ਹੋਰ ਉਚਾਈਆਂ ਦੇਣ ਦੇ ਉਪਰਾਲਿਆਂ ਦੀ ਲੜੀ ਵਿੱਚ, ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਸਹਿਯੋਗ ਨਾਲ, ਪੁੰਗਰਦੇ ਹਰਫ (ਵਿਸ਼ਵ ਕਾਵਿ-ਮਹਿਫਲ) ਵੱਲੋਂ ਤੀਆਂ ਦੇ ਰੰਗਲੇ ਸਾਉਣ ਮਹੀਨੇ 2022 ਸਾਲ ਵਿੱਚ ਜ਼ੂਮ ਰਾਹੀਂ ਅੰਤਰ ਰਾਸ਼ਟਰੀ ਕਵੀ ਦਰਬਾਰ ਕਰਵਾਇਆ ਗਿਆ। ਭਾਰਤ, ਕੈਨੇਡਾ, ਅਮਰੀਕਾ, ਇਟਲੀ, ਕੋਰੀਆ,ਯੂ।ਕੇ ਬੈਠੇ ਕਵੀ ਕਵਿੱਤਰੀਆਂ, ਸਾਹਿਤਕ ਵਿਦਵਾਨਾਂ ਨੇ ਇਕ ਦੂਜੇ ਤੋਂ ਦੂਰ ਬੈਠਿਆਂ ਵੀ ਆਪਣੇ ਮਨਾਂ 'ਚ ਉਠੇ ਵਲਵਲਿਆਂ ਨੂੰ ਖੂਬਸੂਰਤ ਸ਼ਬਦਾਂ ਦਾ ਜਾਮਾ ਪਹਿਨਾ ਕੇ ਸਾਂਝਾ ਕੀਤਾ। ਅੱਜ ਦੇ ਪ੍ਰੋਗਰਾਮ ਦੀ ਮੁੱਖ-ਮਹਿਮਾਨਾਂ, ਕਈ ਪੁਸਤਕਾਂ ਦੀ ਅਤੇ ਅਸ਼ਰਫੀਆਂ ਵਰਗੇ ਚਰਚਿਤ ਗ਼ਜ਼ਲ ਸੰਗ੍ਰਹਿ ਦੀ ਰਚੇਤਾ, ਮਾਣਯੋਗ ਰਾਸ਼ਟਰਪਤੀ ਸ਼੍ਰੀ ਏਪੀ।ਜੇ ਅਬਦੁੱਲ ਕਲਾਮ ਜੀ ਦੇ ਕਰ ਕਮਲਾਂ ਨਾਲ ਨੈਸ਼ਨਲ ਅਵਾਰਡ ਨਾਲ ਸਨਮਾਨਿਤ ਅਤੇ ਸੱਭ ਤੋਂ ਵਧੀਆ ਅਧਿਆਪਕ ਹੋਣ ਲਈ ਮੁੱਖ ਮੰਤਰੀ ਜੀ ਤੋਂ ਸਟੇਟ ਐਵਾਰਡ ਪ੍ਰਾਪਤੀ ਅਤੇ ਹੋਰ ਅਨੇਕਾਂ ਮਾਣ ਸਨਮਾਨ ਪ੍ਰਾਪਤ, ਜੱਥੇਬੰਦਕ ਕੰਮਾਂ ਵਿੱਚ ਮੋਹਰੀ, ਉਘੀ ਵਿਦਵਾਨ ਕਵਿੱਤਰੀ ਡਾ।ਗੁਰਚਰਨ ਕੌਰ ਕੋਚਰ ਜੀ ਸਨ ਜਦੋਂ ਕਿ ਡਾ ਰਵਿੰਦਰ ਕੌਰ ਭਾਟੀਆ ਅਤੇ ਫਿਲਮਸ਼ਾਜ ਪੰਮੀ ਸਿਧੂ ਸੰਧੂ ਨੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਅਤੇ ਕੁਲਵੰਤ ਕੌਰ ਢਿਲੋਂ ਯੂਕੇ ਨੇ ਮੁੱਖ ਸਲਾਹਕਾਰ ਵਜੋਂ ਸ਼ਿਰਕਤ ਕੀਤੀ। ਹਰਫਾਂ ਦੇ ਨਾਲ ਇਕ ਦੂਜੇ ਦੀ ਸਾਂਝ-ਭਿਆਲੀ ਪਾਉਣ ਦੇ ਇਸ਼ਕ ਦੀਵਾਨੇ ਅਤੇ ਪ੍ਰੋਗਰਾਮ ਦੇ ਪ੍ਰਬੰਧਕ ਅਮਨਬੀਰ ਸਿੰਘ ਧਾਮੀ (ਸਾਊਥ ਕੋਰੀਆ) ਅਤੇ ਸ਼ਬਦਾਂ ਵਿੱਚ ਜਾਨ ਪਾਉਣ ਅਤੇ ਮਿਠਾਸ ਭਰਨ ਦੀ ਇੰਜਨੀਅਰ ਅੰਜੂ ਅਮਨਦੀਪ ਗਰੋਵਰ ਨੇ ਆਏ ਸਾਰੇ ਮਹਿਮਾਨਾਂ ਨੂੰ ਸੁਆਗਤੀ ਸ਼ਬਦ ਕਹੇ। ਨਵ-ਉਭਰਦੀ ਕਵਿੱਤਰੀ ਜੋਬਨਰੂਪ ਛੀਨਾ ਨੇ ਲਫਜ਼ਾਂ ਦੀ ਸਾਂਝ ਕੁਝ ਇਸ ਤਰ੍ਹਾਂ ਪਾਈ, 'ਚੱਲ ਅੱਜ ਰਾਤੀਂ ਇਕੱਠੇ ਹੋਕੇ ਅੰਬਰੀਂ ਪੀਘਾਂ ਪਾਵਾਂਗੇ'। ਇਸ ਉਪਰੰਤ ਕਾਵਿ ਦੀ ਵਹਿੰਦੀ ਧਾਰਾ ਵਿੱਚ ਹਿੰਦੀ ਅਤੇ ਪੰਜਾਬੀ ਦੀ ਸ਼ਾਇਰਾ ਡਾ ਰਵਿੰਦਰ ਕੌਰ ਭਾਟੀਆ ਨੇ (ਕਵਿਤਾ-ਭਰਮ ਅਤੇ 'ਚੰਨਾ ਤੇਰੀ ਯਾਦ ਵਿੱਚ ਨੈਣ ਕਦੋਂ ਸੌਣਗੇ') ਪਰਜਿੰਦਰ ਕੌਰ ਕਲੇਰ (ਸੌ ਗੱਲਾਂ ਦੀ ਇਕੋ ਗੱਲ ਕੀ ਮੇਰੇ ਨਾਲ ਖਲੋਵੇਂਗਾ, ਜੇ ਸਾਰੀ ਤੇਰੀ ਹੋ ਜਾਵਾਂ ਤਾਂ ਕਿੰਨਾ ਕੁ ਮੇਰਾ ਹੋਵੇਂਗਾ।) ਯਾਰੀ ਜੱਟ ਦੀ, ਫਿਲਮ ਨਾਲ, ਆਪਣੀ ਪਹਿਚਾਣ ਬਣਾ ਚੁੱਕੀ ਪੰਮੀ ਸਿਧੂ ਸੰਧੂ (ਸੌਣ ਮਹੀਨਾ ਚੜ ਗਿਆ, ਚੜੀਆਂ ਨਾਲ ਘਟਾਵਾਂ), ਤਿੰਨ ਗ਼ਜ਼ਲਾਂ ਦੀਆਂ ਕਿਤਾਬਾਂ




ਦੇ ਰਚੇਤਾ ਡਾ। ਰਾਕੇਸ਼ ਤਿਲਕ ਰਾਜ (ਖੁੱਲੀ ਕਵਿਤਾ- ਮੈਂ ਜਦ ਵੀ ਲਿਖਣ ਬੈਠਦਾ ਹਾਂ, ਉਹ ਕਹਿੰਦੀ, ਖੁੱਲੀ ਕਵਿਤਾ ਲਿਖਿਆ ਕਰ ਮੇਰੇ ਵਾਂਗ'), ਵਿਜੇਤਾ ਭਾਰਦਵਾਜ ਵਿਅੰਗ ਕਵਿਤਾ (ਦੋ ਚਿਹਰੇ ਇਕ ਆਪਣਾ ਤੇ ਇਕ ਵਿਖਾਵੇ ਦਾ, ਅਤੇ ਤਰੰਨਮ ਵਿੱਚ- ਜ਼ਰਾ ਪਿਆਰ ਦਾ ਝੱਖੜ ਝੁਲਾ ਲੈਣ ਦੇ, ਦਿਲਾਂ ਨੂੰ ਦਿਲ ਦੇ ਨਾਲ ਮਿਲਾ ਲੈਣ ਦੇ), ਸ਼ਾਇਰ ਦਿਲਬੀਰ ਨਿੱਝਰ ਕੈਲੇਫੋਰਨੀਆ (ਪਿਆਸ ਹੰਝੂਆਂ ਨਾਲ ਵੀ ਨਹੀਂ ਬੁਝਦੀ, ਪਤਾ ਹੈ। ਨਦੀ ਸਾਗਰ ਤੱਕ ਨਹੀਂ ਪੁੱਜਦੀ, ਪਤਾ ਹੈ) ਵਿਅੰਗਕਾਰ ਅਤੇ ਸੰਪਾਦਕ ਸ਼ਬਦ ਤ੍ਰਿੰਜਣ ਮੰਗਤ ਕੁਲਜਿੰਦ (ਮੈਂ ਫਿਰਦਾ ਅਮਰੀਕਾ ਸਾਉਣ ਮਹੀਨੇ ਦੀਆਂ ਰੌਣਕਾਂ ਦੀ ਗੱਲ ਕਰਦੀ ਕਵਿਤਾ) ਅਤੇ ਪੰਜਾਬ ਦੇ ਚਰਚਿਤ ਅਤੇ ਨੌਜਵਾਨ ਸ਼ਾਇਰ, ਸ਼ਾਇਰ ਭੱਟੀ (ਕਹਿਰ ਕਰਨ ਵਾਲੋਂ ਪੇ ਕੋਈ ਕਹਿਰ ਨਹੀਂ ਕਰਤਾ। ਇਸ ਲਈ ਜ਼ਹਿਰੀਲੇ ਲੋਗੋਂ ਪੇ ਜ਼ਹਿਰ ਅਸਰ ਨਹੀਂ ਕਰਤਾ।), ਕੁਲਵੰਤ ਕੌਰ ਢਿਲੋਂ ਯੂਕੇ (ਲਹਿੰਦੇ ਪੰਜਾਬ ਦੀਆਂ ਬੋਲੀਆਂ, ਭਰਾ ਦੇ ਪਿਆਰਾਂ ਦੀ ਗੱਲ ਅਤੇ ਕਵਿਤਾ-ਸਾਥੋਂ ਸੱਚੀਆਂ ਮੁਹੱਬਤਾਂ ਛੁਪਾਈਆਂ ਵੀ ਨਾ ਗਈਆਂ ਹੰਢਾਈਆਂ ਵੀ ਨਾ ਗਈਆਂ) ਆਦਿ ਸਾਰਿਆਂ ਨੇ ਤਰੰਨਮ 'ਚ ਜਾਂ ਉਚਾਰ ਕੇ ਆਪਣੇ ਕਲਾਮ ਪੇਸ਼ ਕੀਤੇ ਭਾਵੇਂ ਅੱਜ ਦੇ ਕਾਵਿ ਦਾ ਵਿਸ਼ਾ ਪਿਆਰ-ਮੁਹੱਬਤ, ਪੰਜਾਬੀ ਵਿਰਸਾ-ਸੱਭਿਆਚਾਰ ਹੀ ਸੀ ਪਰ ਵਿਲੱਖਣਤਾ ਤਾਂ ਸ਼ਬਦਾਂ ਦੀ, ਵਿਚਾਰਾਂ ਦੀ, ਸੋਚ ਦੀ ਜਾਂ ਪੇਸ਼ਕ-ਾਰੀ ਦੀ ਸੀ ਜਿਵੇਂ ਡਾ ਕੋਚਰ ਜੀ ਨੇ ਸ਼ਹੀਦਾਂ ਦੀ ਸ਼ਹਾਦਤ ਨੂੰ ਯਾਦ ਕੀਤਾ ਅਤੇ ਆਪਣੇ ਕਾਵਿ ਰਾਹੀਂ ਸਾਵਣ ਦੇ ਵੱਖ ਵੱਖ ਰੂਪਾਂ ਨੂੰ ਰੰਗਤ ਦਿੱਤੀ (ਮਾਰੂਥਲ ਲਈ ਹੁੰਦੀ ਹੈ ਇਕ ਸੌਗਾਤ ਸਾਵਣ ਦੀ, ਜਿੰਨਾਂ ਦੇ ਕੋਠੇ ਢਹਿ ਜਾਵਣ, ਬਾਲ ਨਾ ਰੱਜ ਕੇ ਰੋਟੀ ਖਾਵਣ)। ਉਹਨਾਂ ਨੂੰ ਅੱਜ ਪੇਸ਼ ਸਾਰੇ ਕਵੀਆਂ ਅਤੇ ਸਾਹਿਤਕਾਰਾਂ ਵਿੱਚ ਮਾਂ ਬੋਲੀ ਦੇ ਸੁਨਹਿਰੀ ਭਵਿੱਖ ਨੂੰ ਸਿਰਜਣ ਦੀ ਆਸ ਦਿਸ ਰਹੀ ਸੀ ਉਥੇ ਇਟਲੀ ਵੱਸਦੇ ਪੰਜਾਬੀ,ਪੰਜਾਬ, ਪੰਜਾਬੀਅਤ ਦੇ ਘੇਰੇ ਨੂੰ ਵਿਸ਼ਾਲ ਕਰਨ ਵਿੱਚ ਰੁੱਝੇ, ਪ੍ਰਬੰਧਕੀ ਕਾਰਜਾਂ ਦੇ ਨਾਲ ਨਾਲ ਸਿਰਜਣਾਤਮਕ ਕੰਮ ਕਰ ਰਹੇ ਦਲਜਿੰਦਰ ਰੀਹਲ ਨੂੰ ਪੰਜ ਦਰਿਆਵਾਂ ਦੇ ਪੰਜਾਬ ਦਾ ਅਕਸ ਪੰਜ ਸਮੁੰਦਰਾਂ ਵਿੱਚ ਨਜ਼ਰ ਆ ਰਿਹਾ ਸੀ।ਅਮਨਬੀਰ ਧਾਮੀ ਨੂੰ ਸੱਚਾ ਸੁੱਚਾ, ਪਵਿੱਤਰ, ਬਿਨਾਂ ਕਿਸੇ ਦਾਅ ਪੇਚ ਵਾਲਾ ਇਸ਼ਕ ਦਾ ਰੂਪ ਲੱਗ ਰਿਹਾ ਸੀ ਅਤੇ ਸੰਚਾਲਿਕਾ ਅੰਜੂ ਅਮਨਦੀਪ ਗਰੋਵਰ ਨੂੰ ਗਿਲੇ ਸ਼ਿਕਵੇ ਨਫਰਤ ਛੱਡ, ਪਿਆਰ ਦੇ ਬੂਹੇ ਖੋਲ, ਦਿਲ ਦੇ ਵਰਕੇ ਫੋਲਣ ਦਾ ਢੰਗ ਲੱਗ ਰਿਹਾ ਸੀ।ਇਸ ਮੰਚ ਦੇ ਚੇਅਰਮੈਨ ਅਤੇ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਮੀਤ ਪ੍ਰਧਾਨ ਬਲਿਹਾਰ ਸਿੰਘ ਲੇਹਲ ਨੇ ਸਮਾਗਮ ਵਿੱਚ ਸ਼ਿਰਕਤ ਕਰ ਰਹੇ ਮਹਿਮਾਨਾਂ ਨੂੰ ਅੱਖਾਂ ਤੇ ਬਿਠਾਇਆ ਅਤੇ ਸਮਾਗਮ ਨੂੰ ਦੁਨੀਆ ਦੇ ਕੋਨੇ ਕੋਨੇ 'ਚ ਪਹੁੰਚਾਉਣ ਲਈ ਤਕਨੀਕੀ ਸਹਾਇਤਾ ਕੀਤੀ ਅਤੇ ਪ੍ਰੋਗਰਾਮ ਸੰਬੰਧੀ ਆਪਣੇ ਵਿਚਾਰਾਂ ਨੂੰ ਸੁੰਦਰ ਸ਼ਬਦਾਂ ਵਿੱਚ ਪ੍ਰੋਸਿਆ।ਇਸ ਪ੍ਰਭਾਵਸ਼ਾਲੀ ਪ੍ਰੋਗਰਾਮ ਵਿੱਚ, ਸਾਧੂ ਸਿੰਘ ਝੱਜ ਮੀਤ ਸਕੱਤਰ ਪੰਜਾਬੀ ਲਿਖਾਰੀ ਸਭਾ ਸਿਆਟਲ, ਸਤਬੀਰ ਰਾਜੇਆਣਾ ਵਿਨੀਪੈਗ, ਸਿਮਰਜੀਤ ਕੌਰ ਸਿਮਰ,ਸਤਿੰਦਰ ਕੌਰ ਕਾਹਲੋਂ, ਹਰਮਨ ਪਿਆਰੇ ਸਾਹਿਤਕਾਰ ਪ੍ਰੇਮਪਾਲ ਸਿੰਘ ਇਟਲੀ ਦੀ ਹਾਜ਼ਰੀ, ਪ੍ਰੋਗਰਾਮ ਦੀ ਸ਼ੋਭਾ ਨੂੰ ਚਾਰ ਚੰਨ ਲਾ ਰਹੀ ਸੀ। ਇਸ ਗਰੁਪ ਦੀ ਬਿਹਤਰੀ ਲਈ ਨਿਰੰਤਰ ਯਤਨਾਂ ਵਿੱਚ ਲੱਗੀ ਇਸ ਗਰੁੱਪ ਦੀ ਪ੍ਰਧਾਨਾ ਰਮਨਦੀਪ ਕੋਰ ਰੰਮੀ ਭਾਵੇਂ ਅੱਜ ਵਿਅਕਤੀਗਤ ਤੌਰ ਤੇ ਕੁਝ ਨਾ-ਟਾਲੇ ਜਾ ਸਕਣ ਵਾਲੇ ਰੁਝੇਵਿਆਂ ਕਰਕੇ ਹਾਜ਼ਰੀ ਨਹੀਂ ਲਵਾ ਸਕੀ ਪਰ ਫਿਰ ਵੀ ਬਲਿਹਾਰ ਜੀ ਵੱਲੋਂ ਉਹਨਾਂ ਦੇ ਸ਼ਬਦਾਂ 'ਚ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਇਸ ਪ੍ਰੋਗਰਾਮ ਦਾ ਪੰਜਾਬੀ ਲਿਖਾਰੀ ਸਭਾ ਸਿਆਟਲ ਅਤੇ ਪੁੰਗਰਦੇ ਹਰਫ਼ ਦੇ ਫੇਸਬੁੱਕ ਪੇਜ ਉੱਤੇ, ਅਤੇ ਯੂ-ਟਿਊਬ ਉਤੇ ਸਿੱਧਾ ਪ੍ਰਸਾਰਣ ਵੀ ਚੱਲਿਆ ਜੋ ਕਿ ਹੁਣ ਵੀ ਵੇਖਿਆ ਜਾ ਸਕਦਾ ਹੈ।

**ਮੰਗਤ ਕੁਲਜਿੰਦ ਪ੍ਰੈ।ਸਕੱ। (ਪੰਲਿਸ ਸਿਆਟਲ),**
**ਮੋ ਅਤੇ ਵੱਟਸ +1 425 286 0163**

# ਵਿਰਸੇ ਨਾਲ ਜੋੜਦੇ ਹਨ ਤੀਆਂ ਦੇ ਮੇਲੇ-ਸਰਪੰਚ ਅੰਜਨਾ





**ਲਸਾੜਾ/ਉੜਾਪੜ–** ਸਾਡੇ ਪੰਜਾਬੀ ਸੱਭਿਆਚਾਰਕ ਵਿਰਸੇ ਵਿੱਚ ਤੀਆਂ ਦਾ ਤਿਉਹਾਰ ਬਹੁਤ ਮਹੱਤਵ ਰੱਖਦਾ ਹੈ ਤੇ ਤੀਆਂ ਦੇ ਮੇਲੇ ਬੇਸ਼ੱਕ ਮਹਿਲਾਵਾਂ ਨਾਲ ਸਬੰਧਤ ਹਨ ਪਰ ਇਹ ਤੀਆਂ ਦਾ ਤਿਓਹਾਰ ਆਪਣੀ ਵੱਖਰੀ ਪਹਿਚਾਣ ਵੀ ਰੱਖਦਾ ਹੈ ਅਗਰ ਪਹਿਰਾਵੇ ਵੱਲ ਨਜਰ ਮਾਰੀਏ ਤਾਂ ਅੱਜ ਦੀ ਨੋਜਵਾਨ ਪੀੜੀ ਪੰਜਾਬੀ ਅਤੇ ਰਵਾਇਤੀ ਪਹਿਰਾਵੇ ਤੋਂ ਹੱਟ ਕੇ ਪੱਛਮੀ ਪਹਿਰਾਵੇ,ਗੀਤ ਆਦਿ ਨੂੰ ਤਰਜੀਹ ਦੇ ਰਹੀ ਹੈ ਪਰ ਜਦੋਂ ਪਿੰਡਾਂ ਜਾਂ ਸ਼ਹਿਰਾਂ ਵਿੱਚ ਸਾਉਣ ਮਹੀਨੇ 'ਚ ਤੀਆਂ ਦੇ ਮੇਲੇ ਲੱਗਣ ਤਾਂ ਇਨਾਂ ਮੇਲਿਆਂ ਨਾਲ ਨੋ-ਜਵਾਨਾਂ ਅਤੇ ਬੱਚਿਆਂ ਵਿੱਚ ਜਾਗਰੁਕਤਾ ਪੈਦਾ ਹੁੰਦੀ ਹੈ ਤੇ ਇਸ ਤਰਾਂ ਦੇ ਰਵਾਇਤੀ ਤਿਓਹੁਾਰ ਤੀਆਂ ਦੇ ਮੇਲੇ ਸਾਨੂੰ ਆਪਣੇ ਵਿਰਸੇ ਨਾਲ ਜੋੜੀ ਰੱਖਦੇ ਹਨ ਸਾਨੂੰ ਇਸ ਤਰਾਂ ਦੇ ਮੇਲੇ ਪਿੰਡ ਪੱਧਰ ਤੇ ਮਨਾਉਣੇ ਚਾਹੀਦੇ ਹਨ, ਜਿਨਾ ਆਪਸੀ ਭਾਈਚਾਰਕ ਸਾਂਝ ਅਤੇ ਪਿਆਰ ਬਣਿਆ ਰਹਿੰਦਾ ਹੈ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਪਿੰਡ ਚੱਕਦਾਨਾ ਦੀ ਸਰਪੰਚ ਅੰਜਨਾ ਕੈਰੋਂ ਨੇ ਪਿੰਡ ਚੱਕਦਾਨਾ ਦੇ ਕੰਮਿਊਨਟੀ ਹਾਲ ਸਮੂੰਹ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਦੇ ਸਹਿਜੋਗ ਨਾਲ ਕਰਵਾਏ ਗਏ ਤੀਆਂ ਦੇ ਮੇਲੇ ਚ ਸੰਬੋਧਨ ਕਰਦਿਆ ਕੀਤਾ ਉਨਾ ਕਿਹਾ ਕਿ ਇਹ ਮੇਲੇ ਸਾਡੇ ਪੰਜਾਬੀ ਸੱਭਿਆਚਾਰ ਦੀ ਨਿਸ਼ਾਨੀ ਹੈ ਸਾਨੂੰ ਹਰ ਸਾਲ ਸਾਉਣ ਦੇ ਮਹੀਨੇ ਜਰੂਰ ਕਰਵਾਉਣੇ ਚਾਹੀਦੇ ਹਨ।

ਇਸ ਤੀਆਂ ਦੇ ਮੇਲੇ ਦੋਰਾਨ ਲੜਕੀਆਂ ਤੇਟ ਮਹਿਲਾਵਾਂ ਵਲੋਂ ਗਿੱਧਾ, ਭੰਗੜਾਂ, ਬੋਲੀਆਂ ਪਾਈਆਂ ਤੇ ਬੱਚਿਆਂ ਨੇ ਪੀਘਾਂ ਤੇ ਝੂਟੇ ਲਏ ਇਸ ਮੇਲੇ ਚ ਆਪਣੇ ਵਿਰਾਸਤੀ ਚੀਜਾਂ, ਚਰਖੇ, ਮਧਾਣੀਆਂ, ਲਾਲਟੈਣਾਂ, ਪੱਖੀਆਂ, ਚਾਟੀਆਂ ਆਦਿ ਸਟੇਜ ਤੇ ਵਿਸੇਸ਼ ਤੋਰ ਤੇ ਸਜਾਏ ਗਏ ਤੇ ਤੀਆਂ ਦੇ ਮੇਲੇ ਖਾਸ ਖਾਣਾ ਖੀਰ ਅਤੇ ਪੂੜਿਆ ਦਾ ਲੰਗਰ ਵੀ ਅਤੁੱਟ ਵਰਤਾਇਆ ਗਿਆ ਇਸ ਮੋਕੇ ਸਾ.ਸਰਪੰਚ ਮਨਜੀਤ ਸਿੰਘ ਅਤੇ ਗੁਰਮੀਤ ਕੋਰ ਵਲੋਂ ਸਹਿਜੋਗੀਆਂ ਤੇ ਮਹਿਲਾਵਾਂ ਦਾ ਧੰਨਵਾਦ ਕੀਤਾ ਤੇ ਇਸ ਮੇਲੇ ਦੀ ਤਾਰੀਫ ਕੀਤੀ ਗਈ। ਇਸ ਤੀਆਂ ਦੇ ਮੇਲੇ ਚ ਵੱਡੀ ਗਿਣਤੀ ਚ ਔਰਤਾਂ, ਕੁੜੀਆਂ, ਸਕੂਲਾਂ ਦੇ ਬੱਚੇ ਹਾਜਰ ਹੋਏ ਇਸ ਮੋਕੇ ਸਰਬਜੀਤ ਕੋਰ ਪੰਚ, ਇਕਬਾਲ ਕੋਰ, ਕੇਵਲ ਸਿੰਘ, ਮੈਡਮ ਗੁਰਪ੍ਰੀਤ ਕੋਰ ਆਦਿ ਹਾਜਰ ਸਨ।

**- ਬੱਗਾ ਸੇਲਕੀਆਣਾ**

# ਹਾਈ ਕੋਰਟ ਨੇ ਨਸ਼ਿਆਂ ਨਾਲ ਸਬੰਧਤ ਕੇਸ 'ਚ ਬਿਕਰਮ ਮਜੀਠੀਆ ਨੂੰ ਜ਼ਮਾਨਤ ਦਿੱਤੀ

**ਚੰਡੀਗੜ੍ਹ–** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਅੱਜ ਨਸ਼ਿਆਂ ਨਾਲ ਸਬੰਧਤ ਕੇਸ ਵਿੱਚ ਨਿਯਮਤ ਜ਼ਮਾਨਤ ਦੇ ਦਿੱਤੀ ਹੈ। ਜਸਟਿਸ ਐੱਮਐੱਸ ਰਾਮਚੰਦਰ ਰਾਓ ਅਤੇ ਜਸਟਿਸ ਸੁਰੇਸ਼ਵਰ ਠਾਕੁਰ ਦੀ ਬੈਂਚ ਨੇ ਪੰਦਰਵਾੜੇ ਤੋਂ ਵੀ ਘੱਟ ਸਮਾਂ ਪਹਿਲਾਂ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਮਜੀਠੀਆ ਨੇ ਪਿਛਲੇ ਸਾਲ 20 ਦਸੰਬਰ ਨੂੰ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ ਦੀਆਂ ਧਾਰਾਵਾਂ ਤਹਿਤ ਦਰਜ ਕੀਤੇ ਗਏ ਕੇਸ ਵਿੱਚ ਰੈਗੂਲਰ ਜ਼ਮਾਨਤ ਲਈ ਹਾਈ ਕੋਰਟ ਦਾ ਰੁਖ਼ ਕੀਤਾ ਸੀ। ਮਜੀਠੀਆ ਨੇ ਆਪਣੀ ਪਟੀਸ਼ਨ ਵਿੱਚ ਦਲੀਲ ਦਿੱਤੀ ਸੀ ਕਿ ਸੂਬੇ ਦੀ ਤਤਕਾਲੀ ਕਾਂਗਰਸ ਸਰਕਾਰ ਨੇ ਆਪਣੇ ਸਿਆਸੀ ਵਿਰੋਧੀਆਂ ਵਿਰੁੱਧ ਬਦਲਾ ਲੈਣ ਲਈ ਆਪਣੀ ਤਾਕਤ ਅਤੇ ਅਹੁਦੇ ਦੀ ਦੁਰਵਰਤੋਂ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਅਤੇ ਪਟੀਸ਼ਨਰ ਉਸ ਦੇ ਨਿਸ਼ਾਨੇ 'ਤੇ ਸੀ।



# 93 ਸਾਲ ਦੀ ਉਮਰ 'ਚ ਜਹਾਜ਼ ਦੇ ਉੱਪਰ ਬੈਠ ਕੇ ਭਰੀ ਉਡਾਣ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਗਾਇਕ ਗੁਰਦਾਸ ਮਾਨ ਦਾ ਗੀਤ "ਦਿਲ ਹੋਣਾ ਚਾਹੀਦਾ ਜਵਾਨ,




ਉਮਰਾਂ 'ਚ ਕਈ ਰੱਖਿਆ" ਆਪ ਮੁਹਾਰੇ ਬੁੱਲ੍ਹਾਂ 'ਤੇ ਆ ਜਾਂਦਾ ਹੈ ਜਦੋਂ ਹੌਸਲੇ ਦੀ ਮਿਸਾਲ ਕਾਇਮ ਕਰਦਿਆਂ 93 ਸਾਲ ਦੀ ਬੈਟੀ ਬ੍ਰੋਮੇਜ ਦੀ ਖਬਰ ਸਾਹਮਣੇ ਆਉਂਦੀ ਹੈ। ਗਲੌਸਟਰਸ਼ਾਇਰ ਦੇ ਚੈਲਟਨਹੈਮ ਦੀ ਵਸਨੀਕ ਬੈਟੀ ਬ੍ਰੋਮੇਜ ਨੇ ਬਾਈਪਲੇਨ ਦੇ ਪਰਾਂ 'ਤੇ ਪੰਜਵੀਂ ਵਾਰ ਵਿੰਗ ਵਾਕ ਕੀਤੀ ਅਤੇ ਆਕਾਸ਼ ਵਿਚ ਗੋਤਾ ਵੀ ਲਗਾਇਆ। ਇਸ ਮਗਰੋਂ ਉਹਨਾਂ ਦਾ ਨਾਮ ਗਿਨੀਜ਼ ਵਰਲਡ ਰਿਕਾਰਡ ਵਿਚ ਦਰਜ ਕੀਤਾ ਗਿਆ ਹੈ। ਇਹ ਉਸਦੀ ਹੁਣ ਤੱਕ ਦੀ ਪੰਜਵੀਂ ਵਿੰਗ ਵਾਕ ਸੀ। ਖ਼ਾਸ ਗੱਲ ਇਹ ਹੈ ਕਿ ਚੈਰਿਟੀ ਲਈ ਉਹਨਾਂ ਨੇ ਇਹ ਕਾਰਨਾਮਾ ਉਦੋਂ ਕੀਤਾ ਹੈ ਜਦੋਂ ਇਕ ਸਾਲ ਪਹਿਲਾਂ ਹੀ ਉਹਨਾਂ ਦੀ ਹਾਰਟ ਸਰਜਰੀ ਹੋਈ ਹੈ ਅਤੇ ਪੇਸਮੇਕਰ ਲੱਗਾ ਹੈ। ਉਹ ਆਰਥਾਰਾਈਟਸ ਨਾਲ ਵੀ ਪੀੜਤ ਹੈ। ਬੈਟੀ ਦੱਸਦੀ ਹੈ ਕਿ ਉਹਨਾਂ ਨੂੰ ਇਸ ਤਰ੍ਹਾਂ ਦੀ ਉਡਾਣ ਦੀ ਸਭ ਤੋਂ ਪਹਿਲੀ ਪ੍ਰੇਰਣਾ ਇੱਕ ਚਾਕਲੇਟ ਟੀਵੀ ਐਡ ਦੇਖ ਕੇ ਆਈ ਸੀ। ਉਸ ਮੁਤਾਬਕ ਮੈਂ ਖੁਦ ਨੂੰ ਸਾਬਤ ਕਰਨਾ ਚਾਹੁੰਦੀ ਸੀ ਕਿ ਇਸ ਉਮਰ 'ਚ ਅਜਿਹਾ ਜੋਖਮ ਭਰਿਆ ਕੰਮ ਕਰ ਸਕਦੀ ਹਾਂ। ਇਸ ਤੋਂ ਪਹਿਲਾਂ ਬੈਟੀ ਆਈ।ਟੀ।ਵੀ। ਪਰਾਈਡ ਆਫ ਬ੍ਰਿਟੇਨ ਦਾ ਐਵਾਰਡ ਵੀ ਜਿੱਤ ਚੁੱਕੀ ਹੈ। ਵੱਖ ਵੱਖ ਚੈਰਿਟੀ ਸੰਸਥਾਵਾਂ ਲਈ £23000 ਪੌਂਡ ਵੀ ਇਕੱਤਰ ਕਰ ਚੁੱਕੀ ਹੈ। ਖਤਰਿਆਂ ਨਾਲ ਖੇਡਣ ਦਾ ਆਗਾਜ ਉਸਨੇ 87 ਸਾਲ ਦੀ ਉਮਰ ਵਿੱਚ ਕੀਤਾ ਸੀ। ਉਸਦਾ ਕਹਿਣਾ ਹੈ ਕਿ ਉਮਰ ਕਦੇ ਵੀ ਉਸ ਦੇ ਹੌਸਲੇ ਅੱਗੇ ਅੜਿੱਕਾ ਨਹੀਂ ਬਣੀ।

# ਪ੍ਰੈਸ ਕਲੱਬ ਔੜ ਵਲੋਂ ਡਾ.ਨਵਕਾਂਤ ਨਾਲ ਕੀਤਾ ਦੁੱਖ ਪ੍ਰਗਟਾਵਾ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਪ੍ਰੈਸ ਕਲੱਬ ਔੜ ਦੀ ਵਿਸੇਸ਼ ਮੀਟਿੰਗ ਮੋਰਲੈਂਡ ਪੈਲੇਸ ਚੱਕਦਾਨਾ ਵਿਖੇ ਪ੍ਰਧਾਨ ਸੁਖਦੇਵ ਸਿੰਘ ਉੜਾਪੜ ਦੀ ਪ੍ਰਧਾਨਗੀ ਹੇਠ ਹੋਈ ਇਸ ਵਿੱਚ ਕਰੀਬ ਸਾਰੇ ਹੀ ਮੈਂਬਰਾਂ ਨੇ ਸ਼ਿਰਕਤ ਕੀਤੀ। ਇਸ ਮੀਟਿੰਗ ਦੋਰਾਨ ਉਘੇ ਸਮਾਜ ਸੇਵੀ ਤੇ ਵੱਖ ਵੱਖ ਸੰਸਥਾਵਾਂ ਚ ਅਹੁਦੇਦਾਰ ਅਤੇ ਪੱਤਰਕਾਰ ਡਾ ਨਵਕਾਂਤ ਭਰੋਮਜਾਰਾ ਦੀ ਮਾਤਾ ਗੁਰਮੀਤ ਕੋਰ (70) ਧਰਮਪਤਨੀ ਸ਼੍ਰੀ ਸੀਤਲ ਰਾਮ ਵਾਸੀ ਭਰੋਮਜਾਰਾਜੋ ਪਿਛਲੇ ਲੰਬੇ ਸਮੇਂ ਤੋਂ ਬਿਮਾਰ ਸਨ ਜਿਨਾਂ ਦੀ ਪਿਛਲੇ ਦਿਨੀ ਮੋਤ ਹੋ ਗਈ ਉਸ ਮੋਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਹੋਰ ਵਿਚਾਰ ਵਟਾਂਦਰਾ ਕੀਤਾ ਗਿਆ ਉਸ ਦੇ ਪ੍ਰਿਵਾਰ ਨੂੰ ਭਾਣਾ ਮੰਨਣ ਅਤੇ ਵਾਹਿਗੁਰੂ ਮਾਤਾ ਗੁਰਮੀਤ ਕੋਰ ਨੂੰ ਆਪਣੇ ਚਰਨਾ ਨਿਵਾਸ ਦੇਣ ਲਈ ਅਰਦਾਸ ਬੇਨਤੀ ਕੀਤੀ ਤੇ ਮਾਤਾ ਗੁਰਮੀਤ ਕੋਰ ਦੀ ਆਤਮਿਕ ਸ਼ਾਂਤੀ ਲਈ ਪਾਠ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਸੱਤ ਅਗਸਤ ਨੂੰ ਉਨਾਂ ਦੇ ਗ੍ਰਹਿ ਪਿੰਡ ਭਰੋਮਜਾਰਾ ਨੇੜੇ ਬੰਗਾ ਵਿਖੇ ਪੈਣਗੇ ਤੇ ਸ਼ਰਧਾਜਲੀ ਸਮਾਗਮ ਹੋਵੇਗਾ ਇਸ ਦੁੱਖ ਦੀ ਘੜੀ 'ਚ ਸੁਖਦੇਵ ਸਿੰਘ ਉੜਾਪੜ, ਜਰਨੈਲ ਸਿੰਘ ਖੁਰਦ,ਛਿੰਝੀ ਲੜੋਆ, ਬੱਗਾ ਸੇਲਕੀਆਣਾ, ਲਖਵੀਰ ਸਿੰਘ ਖੁਰਦ, ਜਤਿੰਦਰ ਪੰਦਰਾਵਲ,


Late Smt Gurmeet Kaur

ਕੁਲਦੀਪ ਸਿੰਘ ਝਿੰਗੜ, ਤਾਰੀ ਲੋਧੀਪੁਰੀਆਂ, ਪਿਆਰੇ ਲਾਲ, ਰਵਿੰਦਰ ਸਿੰਘ, ਮਹਿੰਦਰ ਸਿੰਘ, ਭੱਟੀ ਉੜਾਪੜ ਆਦਿ ਹਾਜਰ ਸਨ।

# ਦੇਸ਼ ਭਗਤ ਯਾਦਗਾਰ ਹਾਲ ਮਿਊਜ਼ੀਅਮ ਵੇਖਣ ਪੁੱਜੇ ਵਿਦਿਆਰਥੀ- ਕਮੇਟੀ ਨੇ ਅਧਿਆਪਕਾ ਦਾ ਕੀਤਾ ਨਿੱਘਾ ਸਨਮਾਨ






**ਜਲੰਧਰ–** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨਸੂਰਪੁਰ (ਜਲੰਧਰ) ਦੇ ਵਿਦਿਆਰਥੀਆਂ ਅਤੇ ਨਾਟਕ ਗਰੁੱਪ ਨੇ ਅੰਗਰੇਜ਼ੀ ਦੇ ਲੈਕਚਰਾਰ ਸ੍ਰੀ ਪ੍ਰਦੀਪ ਸਿੰਘ ਦੀ ਅਗਵਾਈ ’ਚ ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬਰੇਰੀ, ਮਿਊਜ਼ੀਅਮ, ਵੱਖ-ਵੱਖ ਸੈਮੀਨਰ ਹਾਲ ਅਤੇ ਹੋਮ ਥੀਏਟਰ ਬਾਰੇ ਜਾਣਕਾਰੀ ਹਾਸਲ ਕਰਦਿਆਂ ਆਜ਼ਾਦੀ ਸੰਗਰਾਮ ਦੇ ਮਹਾਨ ਦੇਸ਼ ਭਗਤਾਂ ਨੂੰ ਸਿਜਦਾ ਕੀਤਾ। ਵਿਦਿਆਰਥੀਆਂ ਨੇ ਬਹੁਤ ਹੀ ਨੀਝ ਨਾਲ ਮਿਊਜ਼ੀਅਮ ਦੀਆਂ ਤਸਵੀਰਾਂ ਅਤੇ ਇਤਿਹਾਸਕ ਵਸਤਾਂ ਬਾਰੇ ਜਾਨਣ ਸਮਝਣ ’ਚ ਦਿਲਚਸਪੀ ਲਈ। ਸ੍ਰੀ ਪ੍ਰਦੀਪ ਸਿੰਘ, ਉਹਨਾਂ ਦੇ ਨਾਲ ਆਏ ਰਮਨ ਅਤੇ ਮਾਨਵਤਾ ਕਲਾ ਮੰਚ ਨਗਰ (ਪਲਸ ਮੰਚ) ਦੇ ਨਿਰਦੇਸ਼ਕ ਜਸਵਿੰਦਰ ਪੱਪੀ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕਿਤਾਬਾਂ ਦੇ ਸੈੱਟ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਨਾਲ ਵਿਚਾਰ-ਚਰਚਾ ਕਰਦਿਆਂ ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਲਾਇਬਰੇਰੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਗ਼ਦਰ ਪਾਰਟੀ ਦੇ ਇਤਿਹਾਸ, ਨਿਸ਼ਾਨਿਆਂ, ਕੁਰਬਾਨੀਆਂ ਅਤੇ ਪ੍ਰਸੰਗਕਤਾ ਉਪਰ ਚਾਨਣ ਪਾਇਆ। ਕਮੇਟੀ ਆਗੂਆਂ ਨੇ ਵਿਸ਼ੇਸ਼ ਕਰਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹਨਾਂ ਦਾ ਭਵਿੱਖ ਗੰਭੀਰ ਚੁਣੌਤੀਆਂ ਲੈ ਕੇ ਆ ਰਿਹਾ ਹੈ। ਇਸ ਲਈ ਆਪਣੇ ਮਹਾਨ ਇਤਿਹਾਸ ਤੋਂ ਰੌਸ਼ਨੀ ਲੈ ਕੇ ਉਹਨਾਂ ਦੇ ਅਧੂਰੇ ਕਾਜ਼ ਨੇਪਰੇ ਚਾੜ੍ਹਨ ਲਈ ਉਹਨਾਂ ਨੂੰ ਚੇਤਨ ਹੋਣ ਅਤੇ ਆਪਣੀ ਅਮੀਰ ਵਿਰਾਸਤ ਤੋਂ ਅੱਗੇ ਤੁਰਨ ਦੀ ਲੋੜ ਹੈ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਵਲੋਂ ਪੱਟੀ ਦੇ ਕੂਲਾ ਚੌਂਕ ਵਿੱਚ ਫੂਕਿਆ ਕੇਂਦਰ ਸਰਕਾਰ ਦਾ ਪੁਤਲੇ





**ਪੱਟੀ–** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਵੱਲੋ ਜਿੱਥੇ ਪੰਜਾਬ ਭਰ ਵਿੱਚ ਕੇਂਦਰ ਸਰਕਾਰ ਦੇ ਪੁਤਲੇ ਫੂਕੇ ਗਏ ਉੱਥੇ ਜਿਲ੍ਹੇ ਤਰਨ ਤਾਰਨ ਦੇ ਪੱਟੀ ਜੌਨ ਨੇ ਵੀ ਹਰੀਕੇ ਤੇ ਪੱਟੀ ਕੂਲੇ ਚੌਂਕ ਵਿੱਚ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਜਿਸ ਦੀ ਪ੍ਰਧਾਨਗੀ ਰੂਪ ਸਿੰਘ ਸੈਦੋ ਤੇ ਸਵਰਨ ਸਿੰਘ ਹਰੀਕੇ ਨੇ ਕੀਤੀ। ਆਗੂਆਂ ਨੇ ਜਾਣਕਾਰੀ ਦਿੰਦਿਆ ਕਿਹਾ ਕੇ ਦੇਸ਼ ਦੇ ਹਰ ਵਰਗ ਵੱਲੋਂ ਦਿੱਲੀ ਦੇ ਬਾਰਡਰਾ ਤੇ ਸੰਘਰਸ਼ ਕਰਕੇ ਮੋਦੀ ਸਰਕਾਰ ਵੱਲੋ ਧੱਕੇ ਨਾਲ ਲੋਕਾ ਦੇ ਥੋਪੇ ਜਾ ਰਹੇ ਕਨੂੰਨ ਰੱਦ ਕਰਵਾਏ ਪਰ ਕੇਂਦਰ ਸਰਕਾਰ ਦੇਸ਼ ਦੇ ਲੋਕਾ ਨਾਲ ਫਿਰ ਵਿਸ਼ਵਾਸ਼ ਘਾਤ ਕਰ ਰਹੀ ਹੈ ਕੇਂਦਰ ਸਰਕਾਰ ਵੱਲੋ ਬਿਜਲੀ ਸੋਧ ਬਿੱਲ 2020 ਨੂੰ 2022 ਦੀ ਪਾਰਲੀਮੈਂਟ ਵਿੱਚ ਲਿਆ ਕੇ ਪਾਸ ਕਰਨਾ ਇਹ ਦੇਸ਼ ਦੇ ਲੋਕਾ ਨਾਲ ਵੱਡਾ ਧੋਖਾ ਹੈ ਕਿਸਾਨ ਆਗੂਆ ਨੇ ਕਿਹਾ ਕੇ ਦਿੱਲੀ ਅੰਦੋਲਨ ਕੇਂਦਰ ਸਰਕਾਰ ਵੱਲੋ ਵਿਸ਼ਵਾਸ ਦਿਵਾਉਣ ਤੇ ਰੱਦ ਕੀਤਾ ਸੀ ਅਤੇ ਕੇਂਦਰ ਸਰਕਾਰ ਨੇ ਬਿਜਲੀ ਸੋਧ ਬਿੱਲ ਲਿਆਉਣ ਲਈ ਦੇਸ਼ ਦੀਆ ਜਥੇਬੰਦੀਆ ਅਤੇ ਸੂਬਿਆ ਦੇ



ਤਸਵੀਰਾਂ- ਜਸਪਾਲ ਆਜਾਦ

ਜਿੰਮੇਵਾਰ ਅਧਿਆਰਿਆ ਨਾਲ ਸਲਾਹ ਕੀਤੀ ਜਾਵੇਗੀ ਅਤੇ ਬਿਜਲੀ ਸੋਧ ਬਿੱਲ ਨਾ ਲਿਆਉਣ ਦੀ ਗੱਲ ਕਹੀ ਸੀ ਪਰ ਹੁਣ ਕਿਸੇ ਨੂੰ ਪੁੱਛਿਆ ਨਹੀ ਅਤੇ ਪਾਰਲੀਮੈਂਟ ਵਿੱਚ ਬਿਜਲੀ ਸੋਧ ਬਿੱਲ ਪਾਸ ਕਰਕੇ ਆਪਣੀ ਨੀਤੀ ਜੱਗ ਜਾਹਰ ਕੀਤੀ ਹੈ ਕਿਸਾਨ ਆਗੂਆ ਨੇ ਕੇਂਦਰ ਸਰਕਾਰ ਦੇ ਇਸ ਫੈਸਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਹਰਜਿੰਦਰ ਸਿੰਘ ਪੱਟੀ ਨੇ ਲਿਖਤੀ ਪ੍ਰੈਸ ਨੋਟ ਜਾਰੀ ਕਰਦਿਆ ਕਿਹਾ ਕੇ ਜੋ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋ 9 ਅਗਸਤ ਨੂੰ ਸੂਬਾ ਕੋਰ ਕਮੇਟੀ ਦੀ ਮੀਟਿੰਗ ਸੱਦੀ ਗਈ ਹੈ ਉਸ ਵਿੱਚ ਸੂਬੇ ਦੇ ਆਗੂ ਜੋ ਵੀ ਫੈਸਲਾ ਲੈਣਗੇ ਉਸ ਦਾ ਪੱਟੀ ਜੌਨ ਵਲੋਂ ਪੂਰਾ ਸਹਿਯੋਗ ਕੀਤਾ ਜਾਵੇਗਾ ਹੋ ਸਕਦਾ ਹੈ ਕਿ ਜਿਸ ਵਿੱਚ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ ਜੋ ਕੇਂਦਰ ਸਰਕਾਰ ਲਈ ਮੁਸੀਬਤਾ ਲੈ ਕੇ ਆਵੇਗਾਂ ਅਤੇ ਕਿਸੇ ਵੀ ਹਾਲਤ ਵਿੱਚ ਕਾਰਪੋਰੇਟ ਜਗਤ ਨੂੰ ਕਿਸੇ ਵੀ ਅਧਾਰੇ ਤੇ ਕਾਬਜ ਨਹੀ ਹੋਣ ਦਿੱਤਾ ਜਾਵੇਗਾ ਬਿਜਲੀ ਸੋਧ ਬਿੱਲ ਪਾਸ ਕਰਨ ਦੇ ਰੋਸ ਵਿਚ ਨਿਸ਼ਾਨ ਸਿੰਘ ਪੱਟੀ, ਰੇਸਮ ਸਿੰਘ ਸੈਦੋ ਪ੍ਰਧਾਨ ਮਹਾਵੀਰ ਸਿੰਘ ਠੱਰਪੁਰਾ ਗੁਰਜੱਟ ਸਿੰਘ ਭੱਗੂਪੁਰ ਬਲਜੀਤ ਸਿੰਘ ਪ੍ਰੈਸ ਸੱਕਤਰ ਭੱਗੂਪੁਰ ਬਾਜ ਸਿੰਘ ਤੰਗ ਗੁਰਚਰਨ ਸਿੰਘ ਆਸਲ ਮਨਿੰਦਰ ਸਿੰਘ ਆਸਲ ਗਜਣ ਸਿੰਘ ਨਿਸਾਨ ਸਿੰਘ ਪੱਟੀ, ਸੁਖਵੰਤ ਸਿੰਘ ਚੱਠੂ, ਭੁਪਿੰਦਰ ਸਿੰਘ, ਬੀਰਦਵਿੰਦਰ ਸਿੰਘ ਸੋਨਾ, ਪ੍ਰਧਾਨ ਸੁਖਚੈਨ ਸਿੰਘ, ਮੰਗਲ ਸਿੰਘ ਪੱਟੀ, ਸੁੱਖਬੀਰ ਸਿੰਘ ਪ੍ਰਧਾਨ ਪੱਟੀ ਸੁਖਵੀਰ ਸਿੰਘ ਢਿੱਲੋਂ ਆਦਿ ਹਾਜ਼ਰ ਹੋਏ।

**– ਹਰਜਿੰਦਰ ਸਿੰਘ ਪੱਟੀ**

# ਕਿਸਾਨ ਜਥੇਬੰਦੀਆਂ ਵਲੋਂ ਅਣਮਿੱਥੇ ਸਮੇ ਲਈ ਧਰਨਾ ਲਗਾਇਆ




**ਫਗਵਾੜਾ (ਬੀ ਕੇ ਰੱਤੂ)–** ਫਗਵਾੜਾ ਦੀ ਗੰਨਾ ਮਿੱਲ ਮਾਲਕਾਂ ਤੋਂ ਗੰਨੇ ਦੀ ਬਕਾਇਆ ਰਾਸ਼ੀ ਨਾ ਮਿਲਣ ਦੇ ਚਲਦਿਆਂ ਕਿਸਾਨ ਜਥੇਬੰਦੀਆਂ ਵਲੋਂ ਅਣਮਿੱਥੇ ਸਮੇ ਲਈ ਧਰਨਾ ਲਗਾ ਕੇ ਸ਼ੂਗਰ ਮਿੱਲ ਚੋਂਕ ਕੌਮੀ ਰਾਜ ਮਾਰਗ ਨੂੰ ਪੱਕੇ ਤੌਰ ਤੇ ਬੰਦ ਕਰ ਦਿਤਾ ਗਿਆ। ਇਸ ਸਬੰਧੀ ਗਲਬਾਤ ਕਰਦਿਆਂ ਕਿਸਾਨ ਆਗੂ ਸਤਨਾਮ ਸਿੰਘ ਸਾਹਨੀ ਨੇ ਦੱਸਿਆ ਕਿ ਫਗਵਾੜਾ ਸ਼ੂਗਰ ਮਿੱਲ ਵਿਚ ਕਿਸਾਨਾਂ ਵਲੋਂ ਮਿੱਲ ਚ ਸੁੱਟੇ ਗੰਨੇ ਦਾ ਪਿਛਲੇ ਕਾਫੀ ਸਮੇਂ ਤੋਂ ਜੋ 72 ਕਰੋੜ ਰੁਪਏ ਦਾ ਬਕਾਇਆ ਰਹਿੰਦਾ ਹੈ ।ਜਿਸ ਸਬੰਧੀ ਕਈ ਵਾਰ ਪ੍ਰਸ਼ਾਸ਼ਨ ਅਤੇ ਮਿੱਲ ਮਾਲਕਾਂ ਨਾਲ ਮੀਟਿੰਗਾਂ ਵੀ ਹੋ ਚੁੱਕੀਆਂ ਹਨ । ਪਰ ਕੋਈ ਵੀ ਹੱਲ ਨਹੀਂ ਨਿਕਲਿਆ,ਜਿਸ ਦੇ ਚਲਦਿਆਂ ਕਿਸਾਨ ਜਥੇਬੰਦੀਆਂ ਵਲੋਂ ਸ਼ੂਗਰ ਮਿੱਲ ਚੋਂਕ ਉੱਪਰ ਅਣਮਿੱਥੇ ਸਮੇ ਲਈ ਧਰਨਾ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਕੌਮੀ ਰਾਜ ਮਾਰਗ ਦੀ ਇਕ ਸਾਈਡ ਨੂੰ ਬੰਦ ਕੀਤਾ ਗਿਆ ਹੈ, ਐਂਬੂਲੈਂਸ ਲਈ ਇਕ ਰਾਸਤਾ ਛੱਡਿਆ ਹੈ ਉਸੇ ਤਰਾਂ ਸਕੂਲ ਦੇ ਬੱਚਿਆਂ ਲਈ ਵੀ ਰਸਤਾ ਛਡਿਆ ਗਿਆ ਹੈ ਤਾ ਜੋ ਵਿਦਿਆਰਥੀ ਅਤੇ ਮਰੀਜ਼ਾਂ ਨੂੰ ਕੋਈ ਪਰੇਸ਼ਾਨੀ ਨਾ ਹੋਵੇ।

# ਮਹਾਨ ਸ਼ਹੀਦ “ਗ਼ਦਰੀ ਬਾਬੇ” ਟਰੈਕ ਦੀ ਸ਼ੂਟਿੰਗ ਹੋਈ ਮੁਕੰਮਲ



**ਨਿਊਯਾਰਕ (ਰਾਜ ਗੋਗਨਾ)—** ਪ੍ਰਸਿੱਧ ਲੋਕ ਗਾਇਕ ਬਲਵੀਰ ਸ਼ੇਰਪੁਰੀ ਇਸ ਵਾਰ ਆਜ਼ਾਦੀ ਦਿਵਸ ਤੇ ਆਜ਼ਾਦੀ ਘੁਲਾਟੀਏ, ਮਹਾਨ ਸ਼ਹੀਦਾਂ , ਗਦਰੀ ਬਾਬਿਆਂ ਨੂੰ ਆਪਣੇ "ਗ਼ਦਰੀ ਬਾਬੇ " ਦੇ ਨਵੇਂ ਟਰੈਕ ਰਾਹੀਂ ਸ਼ਰਧਾਂਜਲੀ ਭੇਂਟ ਕਰਨਗੇ। ਗਾਇਕ ਸ਼ੇਰਪੁਰੀ ਦੇ ਨਾਲ ਫ਼ੋਨ ਵਾਰਤਾ ਤੇ ਜਾਣਕਾਰੀ ਦੇ ਮੁਤਾਬਕ ਉਹਨਾਂ ਦੱਸਿਆ ਕਿ ਇਸ ਟਰੈਕ ਨੂੰ ਪ੍ਰਸਿੱਧ ਗੀਤਕਾਰ ਨਿਰਵੈਲ ਮਾਲੂਪੁਰੀ ਜੀ ਨੇ ਬਹੁਤ ਹੀ ਖੂਬਸੂਰਤ ਲਿਖਿਆ ਅਤੇ ਪ੍ਰਸਿੱਧ ਸੰਗੀਤਕਾਰ ਹਰੀ ਅਮਿਤ ਨੇ ਮਿਊਜ਼ਿਕ ਦੀਆਂ ਮਿੱਠੀਆਂ ਧੁਨਾਂ ਨਾਲ ਸ਼ਿੰਗਾਰਿਆ ਹੈ। ਇਸ ਟ੍ਰੈਕ ਨੂੰ ਵੀਡੀਓ ਡਾਇਰੈਕਟਰ ਐਡੀਟਰ ਕੁਲਦੀਪ ਸਿੰਘ ਸ਼ਾਹਕੋਟ ਵੱਲੋਂ ਕੈਮਰਾਮੈਨ ਗੁਰਜੀਤ ਖੋਖਰ ਦੀ ਮਿਹਨਤ ਸਦਕਾ ਸ਼ੂਟ ਤੇ ਐਡਿਟ ਕੀਤਾ ਜਾ ਰਿਹਾ ਹੈ। ਸ਼ੂਟਿੰਗ ਦੌਰਾਨ ਗਾਇਕ ਬਲਵੀਰ ਸ਼ੇਰਪੁਰੀ, ਵੀਡੀਓ ਡਾਇਰੈਕਟਰ ਐਡੀਟਰ ਕੁਲਦੀਪ ਸਿੰਘ, ਕੈਮਰਾਮੈਨ ਗੁਰਜੀਤ ਖੋਖਰ, ਵੈਦ ਗੁਰਮੇਜ ਸਿੰਘ ਕੁਹਾੜ, ਰਣਜੀਤ ਦੋਧਰ, ਸੁਖਰਾਜ ਸੁੱਖਾ, ਆਦਿ ਮੌਜੂਦ ਸਨ। ਇਹ ਟਰੈਕ ਨਿਰਵੈਲ ਮਾਲੂਪੁਰੀ ਜੀ ਦੀ ਪੇਸ਼ਕਾਰੀ ਅਤੇ ਸਾਂਝਾ ਟੀਵੀ ਕੈਨੇਡਾ ਦੇ ਬੈਨਰ ਹੇਠ ਯੂ ਟਿਊਬ ਸੋਸ਼ਲ ਮੀਡੀਆ ਤੇ ਜਲਦੀ ਰੀਲੀਜ਼ ਕੀਤਾ ਜਾਵੇਗਾ। ਏਥੇ ਇਹ ਵੀ ਜ਼ਿਕਰਯੋਗ ਹੈ ਕਿ ਗਾਇਕ ਬਲਵੀਰ ਸ਼ੇਰਪੁਰੀ "ਬਚਾ ਲਓ ਵਾਤਾਵਰਨ", ਹਾਲਾਤ ਏ ਪੰਜਾਬ ਅਤੇ ਪੱਗ ਆਦਿ ਸਿੰਗਲ ਟ੍ਰੈਕਾਂ ਨਾਲ ਪੂਰੀ ਚਰਚਾ ਵਿਚ ਹੈ।

# 22 ਸੋਨ, 16 ਚਾਂਦੀ ਅਤੇ 23 ਕਾਂਸੀ ਦੇ ਤਗਮਿਆਂ ਨਾਲ ਭਾਰਤ ਨੇ ਰਾਸ਼ਟਰਮੰਡਲ ਖੇਡਾਂ 2022 ਦੀ ਕੀਤੀ ਸਮਾਪਤੀ









ਰਾਸ਼ਟਰਮੰਡਲ ਖੇਡਾਂ 2022 ਵਿੱਚ, ਭਾਰਤੀ ਅਥਲੀਟਾਂ ਨੇ ਕੁੱਲ 61 ਤਗਮੇ ਆਪਣੇ ਝੋਲੇ ਵਿੱਚ ਪਾਏ ਅਤੇ ਚੌਥਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ 61 ਤਗਮਿਆਂ ਵਿੱਚ 22 ਸੋਨ, 16 ਚਾਂਦੀ ਅਤੇ 23 ਕਾਂਸੀ ਦੇ ਤਗਮੇ ਸ਼ਾਮਲ ਹਨ। ਹਾਲਾਂਕਿ, ਪਿਛਲੀਆਂ ਰਾਸ਼ਟਰਮੰਡਲ ਖੇਡਾਂ ਯਾਨੀ 2018 ਵਿੱਚ, ਭਾਰਤ ਨੇ ਗੋਲਡ ਕੋਸਟ ਵਿੱਚ ਕੁੱਲ 66 ਤਗਮੇ ਜਿੱਤੇ ਸਨ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ ਸੀ। ਰਾਸ਼ਟਰਮੰਡਲ ਖੇਡਾਂ ਦੇ ਇਤਿਹਾਸ ਵਿੱਚ ਇਸ ਵਾਰ ਭਾਰਤੀ ਟੀਮ ਨੇ ਬਰਮਿੰਘਮ ਵਿੱਚ ਆਪਣਾ ਪੰਜਵਾਂ ਸਰਵੋਤਮ ਪ੍ਰਦਰਸ਼ਨ ਕੀਤਾ। ਭਾਰਤ ਦਾ ਹੁਣ ਤੱਕ ਦਾ ਸਭ ਤੋਂ ਵਧੀਆ ਪ੍ਰਦਰਸ਼ਨ 2010 ਦੀਆਂ ਦਿੱਲੀ ਰਾਸ਼ਟਰ-ਮੰਡਲ ਖੇਡਾਂ ਵਿੱਚ ਸੀ ਜਿੱਥੇ ਘਰੇਲੂ ਪੱਧਰ 'ਤੇ ਭਾਰਤੀ ਅਥਲੀਟਾਂ ਨੇ ਕੁੱਲ 101 ਤਗਮੇ ਜਿੱਤੇ ਅਤੇ ਇਸ ਸਾਲ ਦੂਜੇ ਸਥਾਨ 'ਤੇ ਰਹੇ।

ਭਾਰਤ ਨੇ 22 ਸੋਨ, 16 ਚਾਂਦੀ ਅਤੇ 23 ਕਾਂਸੀ ਸਮੇਤ ਕੁੱਲ 61 ਤਗਮੇ ਜਿੱਤੇ।

ਰਾਸ਼ਟਰਮੰਡਲ ਖੇਡਾਂ 2022 ਵਿੱਚ ਭਾਰਤ ਚੌਥੇ ਸਥਾਨ 'ਤੇ ਹੈ



-ਭਾਰਤੀ ਪਹਿਲਵਾਨਾਂ ਨੇ ਸਭ ਤੋਂ ਵੱਧ 12 ਤਗਮੇ ਜਿੱਤੇ

-ਭਾਰਤੀ ਮਹਿਲਾ ਕ੍ਰਿਕਟ ਟੀਮ ਨੂੰ ਚਾਂਦੀ ਦਾ ਤਗਮਾ ਮਿਲਿਆ ਹੈ

-ਭਾਰਤੀ ਪੁਰਸ਼ ਅਥਲੀਟਾਂ ਨੇ 35 ਤਗਮੇ ਜਿੱਤੇ

-ਮਹਿਲਾ ਅਥਲੀਟਾਂ ਨੇ 23 ਤਗਮੇ ਜਿੱਤੇ

ਭਾਰਤੀ ਪਹਿਲਵਾਨਾਂ ਨੇ ਸਭ ਤੋਂ ਵੱਧ ਮੈਡਲ ਜਿੱਤੇ, ਦੂਜੇ ਨੰਬਰ ਦਾ ਵੇਟਲਿਫਟਰ

ਰਾਸ਼ਟਰਮੰਡਲ ਖੇਡਾਂ 2022 ਯਾਨੀ 22ਵੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਕੁੱਲ 210 ਐਥਲੀਟਾਂ ਨੇ 16 ਖੇਡਾਂ ਵਿੱਚ ਭਾਗ ਲਿਆ। ਇਨ੍ਹਾਂ ਵਿੱਚੋਂ ਸਭ ਤੋਂ ਵਧੀਆ ਪ੍ਰਦਰਸ਼ਨ ਭਾਰਤੀ ਪਹਿਲਵਾਨਾਂ ਦਾ ਰਿਹਾ ਜਿਨ੍ਹਾਂ ਨੇ 6 ਸੋਨ, 1 ਚਾਂਦੀ ਅਤੇ 5 ਕਾਂਸੀ ਸਮੇਤ ਕੁੱਲ 12 ਤਗਮੇ ਜਿੱਤੇ। ਵੇਟਲਿਫਟਰ ਪਹਿਲਵਾਨਾਂ ਤੋਂ ਬਾਅਦ ਦੂਜਾ ਸਰਵੋਤਮ ਪ੍ਰਦਰਸ਼ਨ ਕਰਨ ਵਾਲਾ ਸੀ ਅਤੇ ਉਸਨੇ 3 ਸੋਨੇ, 3 ਚਾਂਦੀ ਅਤੇ 4 ਕਾਂਸੀ ਸਮੇਤ 10 ਤਗਮੇ ਜਿੱਤੇ। ਇਸ ਦੇ ਨਾਲ ਹੀ ਐਥਲੈਟਿਕਸ ਵਿੱਚ ਭਾਰਤ ਨੂੰ 1 ਸੋਨ, 4 ਚਾਂਦੀ ਅਤੇ 3 ਕਾਂਸੀ ਦੇ ਤਗਮਿਆਂ ਸਮੇਤ ਕੁੱਲ 8 ਤਗਮੇ ਮਿਲੇ ਹਨ।

ਹੋਰ ਖੇਡਾਂ ਦੀ ਗੱਲ ਕਰੀਏ ਤਾਂ ਭਾਰਤ ਨੇ ਟੇਬਲ ਟੈਨਿਸ ਵਿੱਚ 4 ਗੋਲਡ, 1 ਸਿਲਵਰ ਅਤੇ 2 ਕਾਂਸੀ ਸਮੇਤ 7 ਮੈਡਲ ਜਿੱਤੇ। ਮੁੱਕੇਬਾਜ਼ੀ ਵਿੱਚ ਭਾਰਤ ਨੂੰ 3 ਸੋਨ, 1 ਚਾਂਦੀ ਅਤੇ 3 ਕਾਂਸੀ ਸਮੇਤ ਕੁੱਲ 7 ਤਗਮੇ ਮਿਲੇ ਹਨ ਜਦਕਿ ਬੈਡਮਿੰਟਨ ਵਿੱਚ ਭਾਰਤ ਨੂੰ 3 ਸੋਨ, 1 ਚਾਂਦੀ ਅਤੇ 2 ਕਾਂਸੀ ਦੇ ਤਗਮੇ ਮਿਲੇ ਹਨ। ਬੈਡਮਿੰਟਨ ਵਿੱਚ ਵੀ ਭਾਰਤ ਦਾ ਪ੍ਰਦਰਸ਼ਨ ਜ਼ਬਰਦਸਤ ਰਿਹਾ ਅਤੇ ਇਸ ਟੀਮ ਨੇ 3 ਸੋਨ, 1 ਚਾਂਦੀ ਅਤੇ 2 ਕਾਂਸੀ ਦੇ ਤਗਮਿਆਂ ਸਮੇਤ 6 ਤਗਮੇ ਜਿੱਤੇ। ਲੈਨ ਬਾਲ ਵਿੱਚ ਭਾਰਤ ਨੇ ਇੱਕ ਸੋਨ ਅਤੇ ਇੱਕ ਚਾਂਦੀ ਦਾ ਤਗ਼ਮਾ ਜਿੱਤ ਕੇ ਇਤਿਹਾਸ ਰਚਿਆ। ਪੈਰਾ ਪਾਵਰਲਿਫਟਿੰਗ ਵਿੱਚ ਭਾਰਤ ਨੂੰ ਸੋਨ ਤਗਮਾ ਮਿਲਿਆ ਹੈ। ਜੂਡੋ ਵਿੱਚ ਭਾਰਤ ਨੇ ਇੱਕ ਚਾਂਦੀ ਅਤੇ ਦੋ ਕਾਂਸੀ ਦੇ ਤਗਮੇ ਜਿੱਤੇ ਜਦਕਿ ਹਾਕੀ ਵਿੱਚ ਭਾਰਤ ਨੇ ਇੱਕ ਚਾਂਦੀ ਅਤੇ ਇੱਕ ਕਾਂਸੀ ਦਾ ਤਗਮਾ ਜਿੱਤਿਆ। ਰਾਸ਼ਟਰਮੰਡਲ ਖੇਡਾਂ ਵਿੱਚ ਪਹਿਲੀ ਵਾਰ ਕ੍ਰਿਕਟ ਨੂੰ ਸ਼ਾਮਲ ਕੀਤਾ ਗਿਆ ਸੀ ਅਤੇ ਭਾਰਤ ਨੇ ਇਸ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ ਸੀ। ਜਦੋਂਕਿ ਸਕੁਐਸ਼ ਵਿੱਚ ਭਾਰਤ ਨੂੰ 2 ਕਾਂਸੀ ਦੇ ਤਗਮੇ ਮਿਲੇ ਹਨ।

**ਭਾਰਤ ਦਾ ਪ੍ਰਦਰਸ਼ਨ**

| ਖੇਡਾਂ- | ਸੋਨਾ, | ਚਾਂਦੀ, | ਕਾਂਸੀ, | ਕੁੱਲ |
|---|---|---|---|---|
| ਕੁਸ਼ਤੀ - | 6, | 1, | 5 | -12 |
| ਟੇਬਲ ਟੈਨਿਸ - | 4, | 1, | 2 - | - 7 |
| ਲਿਫਟਿੰਗ - | 3, | 3, | 4 | - 10 |
| ਮੁੱਕੇਬਾਜ਼ੀ - | 3, | 1, | 3 | - 7 |
| ਬੈਡਮਿੰਟਨ - | 3, | 1, | 2 | - 6 |
| ਅਥਲੈਟਿਕਸ - | 1, | 4, | 3 | - 8 |
| ਲਾਅਨ ਬਾਊਲਜ਼ - | 1, | 1, | 0 | - 2 |
| ਪੈਰਾ ਪਾਵਰਲਿਫਟਿੰਗ- | 1, | 0, | 0 | - 1 |
| ਜੂਡੋ - | 0, | 2, | 1 | - 3 |
| ਹਾਕੀ - | 0, | 1, | 1 | - 2 |
| ਕ੍ਰਿਕਟ - | 0, | 1, | 0 | - 1 |
| ਸਕੁਐਸ਼ - | 0, | 0, | 2 | - 2 |

ਰਾਸ਼ਟਰਮੰਡਲ ਖੇਡਾਂ ਵਿੱਚ ਭਾਰਤ ਦਾ ਛੇ ਸਰਵੋਤਮ ਪ੍ਰਦਰਸ਼ਨ-

| ਕੁੱਲ ਮੈਡਲ, | ਸਾਲ, | ਸ਼ਹਿਰ, | ਸੋਨਾ, | ਚਾਂਦੀ, | ਕਾਂਸੀ, | ਸਥਾਨ |
|---|---|---|---|---|---|---|
| 101, | 2010, | ਨਵੀਂ ਦਿੱਲੀ, | 38, | 27, | 36, | 2 |
| 69, | 2002, | ਮਾਨਚੈਸਟਰ, | 30, | 22, | 17, | 4 |
| 66, | 2018, | ਗੋਲਡ ਕੋਸਟ, | 26, | 20, | 20, | 3 |
| 64, | 2014, | ਗਲਾਸਗੋ, | 15, | 30, | 19, | 5 |
| 61, | 2022, | ਬਰਮਿੰਘਮ, | 22, | 16, | 23, | 4 |
| 50, | 2006, | ਮੈਲਬੌਰਨ, | 22, | 17, | 11, | 4 |

## ਮੁੱਕੇਬਾਜ਼ ਨਿਕਹਤ ਜ਼ਰੀਨ ਨੂੰ ਸੋਨਾ

**ਬਰਮਿੰਘਮ-** ਇੱਥੇ ਹੋ ਰਹੀਆਂ ਰਾਸ਼ਟਰਮੰਡਲ ਖੇਡਾਂ ਚ ਨਿਕਹਤ ਜ਼ਰੀਨ ਨੇ ਮਹਿਲਾਵਾਂ ਦੇ 50 ਕਿਲੋਗ੍ਰਾਮ ਵਰਗ ਦੇ ਫਾਈਨਲ 'ਚ ਜਿੱਤ ਦਰਜ ਕਰਦਿਆਂ ਭਾਰਤ ਨੂੰ ਤੀਜਾ ਸੋਨ ਤਮਗਾ ਦਿਵਾਇਆ ਹੈ। ਜ਼ਰੀਨ ਨੇ ਉੱਤਰੀ ਆਇਰਲੈਂਡ ਦੀ ਕਾਰਲੀ ਨੂੰ ਹਰਾਇਆ। ਇਸ ਤੋਂ ਪਹਿਲਾਂ ਮੁੱਕੇਬਾਜ਼ੀ 'ਚ ਔਰਤਾਂ ਦੇ 48 ਕਿਲੋਗ੍ਰਾਮ ਵਰਗ 'ਚ ਨੀਤੂ ਅਤੇ ਪੁਰਸ਼ਾਂ ਦੇ 51 ਕਿਲੋਗ੍ਰਾਮ ਵਰਗ 'ਚ ਅਮਿਤ ਪੰਘਾਲ ਨੇ ਭਾਰਤ ਲਈ ਸੋਨ ਤਮਗਾ ਜਿੱਤਿਆ ਸੀ। ਇਸ ਨਾਲ ਭਾਰਤ ਦੇ ਕੁੱਲ ਤਮਗਿਆਂ ਦੀ ਗਿਣਤੀ 48 ਹੋ ਗਈ ਹੈ। ਜ਼ਰੀਨ ਨੇ ਸ਼ੁਰੂਆਤ ਤੋਂ ਹੀ ਸ਼ਾਨਦਾਰ ਖੇਡੀ ਅਤੇ ਪੂਰੇ ਜੋਸ਼ ਅਤੇ ਸਮਝਦਾਰੀ ਨਾਲ ਕਾਰਲੀ 'ਤੇ ਦਬਦਬਾ ਬਣਾਇਆ। ਉਨ੍ਹਾਂ ਨੇ ਪਹਿਲੇ ਦੌਰ ਤੋਂ ਬਾਅਦ ਸਰਬਸੰਮਤੀ ਨਾਲ ਬੜ੍ਹਤ ਬਣਾ ਲਈ ਅਤੇ ਸਕੋਰ




10-9 ਨਾਲ ਉਨ੍ਹਾਂ ਦੇ ਹੱਕ ਵਿੱਚ ਰਿਹਾ। ਦੂਜੇ ਦੌਰ ਵਿੱਚ ਵੀ ਜ਼ਰੀਨ ਨੇ ਆਪਣਾ ਦਬਦਬਾ ਕਾਇਮ ਰੱਖਿਆ ਜੋ ਤੀਜੇ ਦੌਰ ਤੱਕ ਕਾਇਮ ਰਿਹਾ। ਉਸ ਨੇ ਦੂਜੇ ਅਤੇ ਤੀਜੇ ਰਾਊਂਡ ਵਿੱਚ ਵੀ 10-9 ਦਾ ਸਕੋਰ ਕੀਤਾ। ਇਸ ਨਾਲ ਉਸ ਨੇ ਜਿੱਤ ਆਪਣੇ ਨਾਂ ਕਰ ਲਈ। ਨਿਕਹਤ ਜ਼ਰੀਨ ਸ਼ੁਰੂਆਤ ਤੋਂ ਹੀ ਸ਼ਾਨਦਾਰ ਖੇਡੀ ਅਤੇ ਪੂਰੇ ਜੋਸ਼ ਅਤੇ ਸਮਝਦਾਰੀ ਨਾਲ ਕਾਰਲੀ 'ਤੇ ਦਬਦਬਾ ਬਣਾਇਆ। ਉਸ ਨੇ ਪਹਿਲੇ ਦੌਰ ਤੋਂ ਬਾਅਦ ਸਰਬਸੰਮਤੀ ਨਾਲ ਬੜ੍ਹਤ ਬਣਾ ਲਈ ਅਤੇ ਸਕੋਰ 10-9 ਨਾਲ ਉਸ ਦੇ ਹੱਕ 'ਚ ਰਿਹਾ। ਦੂਜੇ ਦੌਰ 'ਚ ਵੀ ਜ਼ਰੀਨ ਨੇ ਆਪਣਾ ਦਬਦਬਾ ਕਾਇਮ ਰੱਖਿਆ, ਜੋ ਤੀਜੇ ਦੌਰ ਤੱਕ ਕਾਇਮ ਰਿਹਾ। ਉਸ ਨੇ ਦੂਜੇ ਅਤੇ ਤੀਜੇ ਰਾਊਂਡ 'ਚ ਵੀ 10-9 ਦਾ ਸਕੋਰ ਕੀਤਾ। ਇਸ ਨਾਲ ਉਸ ਨੇ ਜਿੱਤ ਆਪਣੇ ਨਾਂ ਕਰ ਲਈ।

## ਸੋਸ਼ਲ ਮੀਡੀਆ ਖਤਮ ਕਰ ਦੇਵੇਗਾ ਸਭ ਖੇਡਾਂ



ਕ੍ਰਿਕਟ ਪਿਛਲੇ ਦਹਾਕਿਆਂ ਤੋਂ ਸਾਡੇ ਦੇਸ਼ ਵਿਚ ਬਹੁਤ ਜ਼ਿਆਦਾ ਲੋਕਪ੍ਰਿਆ ਖੇਡ ਮੰਨੀ ਜਾਂਦੀ ਰਹੀ ਹੈ। ਇਸ ਦਾ ਨਸ਼ਾ ਲੋਕਾਂ ਦੇ ਸਿਰ ਚੜ੍ਹ ਬੋਲ ਰਿਹਾ ਹੈ। ਲੋਕ ਹੈਰਾਨ ਹੋਣਗੇ ਕਿ ਇਸ ਖੇਡ ਨੇ ਭਾਰਤ ਨੂੰ ਦੀਵਾਨਾ ਕੀਤਾ ਹੋਇਆ ਸੀ, ਅੱਜ ਉਹ ਵੀ ਆਪਣੀ ਲੋਕਪ੍ਰਿਅਤਾ ਦਿਨੋ-ਦਿਨ ਗੁਆਈ ਜਾ ਰਹੀ ਹੈ। ਕ੍ਰਿਕਟ ਨੂੰ ਸਾਡੇ ਦੇਸ਼ ਵਿਚ ਕਿਸੇ ਖੇਡ ਨੇ ਪਿੱਛੇ ਨਹੀਂ ਪਾਇਆ ਸਗੋਂ ਸੋਸ਼ਲ ਮੀਡੀਏ ਦੀ ਹਰਮਨ-ਪਿਆਰਤਾ ਨੇ, ਇਸ ਵਲੋਂ ਨੌਜਵਾਨ ਪੀੜ੍ਹੀ ਦਾ ਧਿਆਨ ਥੋੜ੍ਹਾ ਘੱਟ ਕੀਤਾ ਹੈ। ਜੇ ਇਸ ਖੇਡ ਦਾ ਇਹ ਹਾਲ ਹੈ ਤਾਂ ਬਾਕੀ ਖੇਡਾਂ ਜਿਵੇਂ ਹਾਕੀ, ਫੁੱਟਬਾਲ, ਵਾਲੀਬਾਲ, ਬਾਸਕਟਬਾਲ, ਐਥਲੈਟਿਕਸ ਆਦਿ ਦਾ ਕੀ ਹਾਲ ਹੋਵੇਗਾ। ਨੌਜਵਾਨ ਪੀੜ੍ਹੀ ਲਈ ਫੇਸਬੁੱਕ, ਵਟਸਐਪ, ਇੰਸਟਾਗ੍ਰਾਮ, ਸਿਗਨਲ, ਟਵਿੱਟਰ, ਟਿਕਟੋਕ, ਸਨੈਪ ਚੈਟ ਆਦਿ ਹੀ ਹੁਣ ਅਸਲੀ ਮੈਦਾਨ ਬਣ ਕੇ ਰਹਿ ਗਏ ਹਨ, ਜਿਥੇ ਉਹ ਦੂਜਿਆਂ ਨੂੰ, ਸਾਥੀ ਮਿੱਤਰਾਂ ਨੂੰ ਪ੍ਰਭਾਵਿਤ ਕਰਨ ਤੇ ਲੱਗੇ ਹੋਏ ਹਨ। ਘੰਟਿਆਂਬੱਧੀ ਉਹ ਆਪਣਾ ਵਕਤ ਇਥੇ ਹੀ ਗਵਾਈ ਜਾ ਰਹੇ ਹਨ। ਯੂ-ਟਿਊਬ ਇਕ ਬਹੁਤ ਹੀ ਪ੍ਰਭਾਵਸ਼ਾਲੀ ਬਹੁਤ ਗਿਆਨ ਦੇਣ ਵਾਲਾ ਸਰੋਤ ਹੈ, ਪਰ ਇਸ ਦੀ ਵਰਤੋਂ ਵੀ ਨੌਜਵਾਨ ਪੀੜ੍ਹੀ, ਨਾਕਾਰਤਮਿਕ ਸੋਚ ਨੂੰ ਬੜ੍ਹਾਵਾ ਦੇਣ ਵਾਲੀਆਂ ਚੀਜ਼ਾਂ ਲਈ ਕਰ ਰਹੀ ਹੈ। ਜੇ ਬਹੁਤ ਡੂੰਘੀ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਯੂ-ਟਿਊਬ ਤੇ ਬਹੁਤ ਸਾਰੇ ਸਪੋਰਟਸ ਚੈਨਲ ਵੀ ਹਨ, ਜਿਥੋਂ ਸਾਡੇ ਨੌਜਵਾਨਾਂ ਖਿਡਾਰੀ ਖੇਡਾਂ ਦਾ ਅਭਿਆਸ ਸਿੱਖ ਸਕਦੇ ਹਨ। ਖੇਡਾਂ ਲਈ ਪ੍ਰੇਰਿਤ ਹੋ ਸਕਦੇ ਹਨ। ਪਰ ਸਾਡੀ ਨੌਜਵਾਨ ਪੀੜ੍ਹੀ ਇਸ ਸਭ ਕਾਸੇ ਤੋਂ ਮੁੱਖ ਮੋੜਦੀ ਨਜ਼ਰ ਆ ਰਹੀ ਹੈ।

**ਪਰਮਜੀਤ ਸਿੰਘ**

ਕੋਈ ਜ਼ਮਾਨਾ ਸੀ ਕਿ ਸਕੂਲੀ ਬੱਚਿਆਂ ਨੂੰ ਸਵੇਰੇ-ਸ਼ਾਮ ਖੇਡ ਮੈਦਾਨ 'ਚ ਜਾਣ ਦਾ ਚਾਅ ਹੁੰਦਾ ਸੀ। ਪਰ ਹੁਣ ਬਸ ਉਨ੍ਹਾਂ ਦੇ ਦਿਲਾਂ 'ਚ ਜੇ ਕੋਈ ਚਾਅ ਰਹਿ ਗਿਆ ਹੈ ਤਾਂ ਉਹ ਬਸ ਫੇਸਬੁੱਕ, ਇੰਸਟਾਗ੍ਰਾਮ 'ਤੇ ਕੋਈ ਨਵੀਂ ਸਟੋਰੀ ਪਾਉਣ ਦਾ ਹੀ ਹੈ। ਵਟਸਐਪ 'ਤੇ ਸਹੇਲੀਆਂ-ਮਿੱਤਰਾਂ ਨਾਲ ਚੈਟ ਕਰਨ ਦੀ, ਖੁਸ਼ੀ ਉਨ੍ਹਾਂ ਨੂੰ ਖੇਡ ਮੈਦਾਨ ਤੋਂ ਕਿਤੇ ਵੱਧ ਮਿਲ ਰਹੀ ਹੈ। ਹੁਣ ਰਨ ਬਣਾਉਣ, ਗੋਲ ਕਰਨ ਨਾਲੋਂ ਆਪਣੀ ਪੋਸਟ ਤੇ ਕਿੰਨੇ ਲਾਈਕ ਮਿਲੇ ਹਨ, ਇਸ ਬਾਰੇ ਨੌਜਵਾਨਾਂ ਜ਼ਿਆਦਾ ਸੰਜੀਦਾ ਹਨ।

ਖੇਡ ਮੈਦਾਨ 'ਚ ਜਾਣ ਵਾਲੇ ਸਮੇਂ 'ਚ, ਉਹ ਪਾਰਕਾਂ, ਮਾਲਾਂ 'ਚ ਜਾ ਕੇ ਦਿਲਕੁਸ਼ ਅੰਦਾਜ਼ 'ਚ ਤਸਵੀਰਾਂ ਖਿਚਵਾ ਰਹੇ ਹਨ। ਟਿਕਟੋਕ ਲਈ ਵੀਡੀਓ ਕਲਿੱਪ ਬਣਾ ਰਹੇ ਹਨ, ਕਿਸੇ ਖੇਡ ਨਾਲ ਪਿਆਰ ਪਾਉਣ ਦੀ ਬਜਾਏ ਹੁਣ ਨੌਜਵਾਨਾਂ ਨੂੰ ਫੇਸਬੁਕ 'ਤੇ ਨਵੀਆਂ ਦੋਸਤੀਆਂ ਦੀ ਤਲਾਸ਼ ਰਹਿੰਦੀ ਹੈ ਤੇ ਫਿਰ ਇਸ ਦੋਸਤੀ ਦੀ ਖੇਡ 'ਚ ਹੀ ਉਹ ਉਲਝ ਜਾਂਦੇ ਹਨ। ਨੌਜਵਾਨਾਂ ਵਿਚ ਰਾਜਨੀਤੀ 'ਚ ਦਿਲਚਸਪੀ ਦਾ ਵਧਣਾ ਵੀ ਉਨ੍ਹਾਂ ਨੂੰ ਖੇਡਾਂ ਪੱਖੋਂ ਰੁਝਾਨ ਨੂੰ ਘੱਟ ਕਰ ਰਿਹਾ ਹੈ। ਟੀਵੀ ਚੈਨਲ ਵੀ ਜਿਹੜੇ ਕ੍ਰਿਕਟ ਪਰੋਸਦੇ ਰਹੇ ਹਨ, ਹੁਣ ਅਜਿਹਾ ਕੁਝ ਪੇਸ਼ ਕਰ ਰਹੇ ਹਨ ਕਿ ਨੌਜਵਾਨ ਪੀੜ੍ਹੀ, ਬਿਨਾਂ ਗੱਲੋਂ ਹੀ ਰਾਜਨੀਤਕ ਮਸਲਿਆਂ ਵਿਚ ਉਲਝਦੀ ਜਾ ਰਹੀ ਹੈ। ਸੋਸ਼ਲ ਮੀਡੀਆ ਵੀ ਪ੍ਰਭਾਵਿਤ ਹੋ ਰਿਹਾ ਹੈ।

ਅਜਿਹਾ ਰੁਝਾਨ ਜੇਕਰ ਸੋਸ਼ਲ ਮੀਡੀਆ 'ਤੇ ਇੰਜ ਹੀ ਵਧਦਾ ਗਿਆ ਤਾਂ ਉਹ ਦਿਨ ਦੂਰ ਨਹੀਂ ਕਿ ਸਿਰਫ਼ ਏਅਰ ਕੰਡੀਸ਼ਨ ਬੰਦ ਕਮਰਿਆਂ ਵਿਚ ਸਾਡੀ ਨੌਜਵਾਨ ਪੀੜ੍ਹੀ ਸਿਰਫ਼ ਸੋਸ਼ਲ ਮੀਡੀਏ ਸਾਈਟਾਂ ਤੱਕ ਹੀ ਸੀਮਤ ਰਹਿ ਜਾਵੇਗੀ। ਸਿਹਤ ਦਾ ਖਿਆਲ ਕਿਸ ਨੂੰ ਹੈ, ਧਿਆਨ ਤਾਂ ਆਪਣੀ ਸਟੋਰੀ, ਆਪਣੇ ਸਟੇਟਸ, ਆਪਣੀ ਪੋਸਟ ਤੇ ਵੱਧ ਤੋਂ ਵੱਧ ਕੁਮੈਂਟਸ, ਲਾਈਕ ਲੈਣ ਦੀ ਹੈ।

ਇਸ ਲਾਈਕ ਕੁਮੈਂਟ ਦੀ ਖੇਡ ਵਿਚ ਨੌਜਵਾਨਾਂ ਨੂੰ ਕਢਣ ਦੀ ਲੋੜ ਹੈ। ਵੇਲਾ ਹੈ ਕਿ ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ 'ਚ ਇਸ ਵਿਸ਼ੇ 'ਤੇ ਸੈਮੀਨਾਰ ਹੋਣ, ਲੈਕਚਰ ਹੋਣ ਅਤੇ ਅਧਿਆਪਕ ਵੀ ਬੱਚਿਆਂ ਦੀ ਰਹਿਨੁਮਾਈ ਕਰਨ, ਨੌਜਵਾਨਾਂ ਦੇ ਲੋੜ ਤੋਂ ਵੱਧ ਮੋਬਾਈਲ ਦੀ ਵਰਤੋਂ 'ਤੇ ਘਰਦਿਆਂ ਵਲੋਂ ਵੀ ਕੁਝ ਪਾਬੰਦੀ ਲਾਈ ਜਾਵੇ। ਸਾਰੀਆਂ ਸੋਸ਼ਲ ਮੀਡੀਆ ਸਾਈਟਸ ਦਾ ਆਪਣਾ-ਆਪਣਾ ਮਹੱਤਵ ਹੈ ਪਰ ਨੌਜਵਾਨ ਪੀੜ੍ਹੀ ਉਨ੍ਹਾਂ ਦੀ ਦੁਰਵਰਤੋਂ ਤੋਂ ਗੁਰੇਜ਼ ਕਰੇ। ਆਓ, ਇਕ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਇਸ ਪੀੜ੍ਹੀ ਨੂੰ ਖੇਡ ਦੇ ਮੈਦਾਨਾਂ ਵੱਲ ਤੋਰੀਏ।

# ਪਹਿਲੀ ਆਦਿਵਾਸੀ ਰਾਸ਼ਟਰਪਤੀ ਉਮੀਦਾਂ ਬਹੁਤ, ਚੁਣੌਤੀਆਂ ਵੀ ਘੱਟ ਨਹੀਂ



ਕੇ. ਸੀ. ਸੁਲੇਖ
0172-4623503

ਇਕ ਆਦਿਵਾਸੀ ਅਤੇ ਉਹ ਵੀ ਉਹ ਇਸਤਰੀ ਦਾ ਭਾਰਤ ਵਰਗੇ ਮਹਾਨ ਲੋਕਤੰਤਰੀ ਦੇਸ਼ ਦਾ ਰਾਸ਼ਟਰਪਤੀ ਚੁਣੇ ਜਾਣਾ ਨਾ ਕੇਵਲ ਸਬੰਧਤ ਵਰਗ ਲਈ ਅਤਿਅੰਤ ਖੁਸ਼ੀ ਦਾ ਮੁਕਾਮ ਹੈ, ਸਗੋਂ ਇਹ ਚੋਣ ਬਿਨਾਂ ਪਾਰਟੀ ਬੰਧਨਾਂ ਵਿਚ ਫਸੇ ਸਮੁੱਚੇ ਭਾਰਤੀ ਸਮਾਜ ਲਈ ਸਨਮਾਨ ਦੀ ਗੱਲ ਹੋਣੀ ਚਾਹੀਦੀ ਹੈ, ਜਿਸ ਦੇ ਬਹੁਤ ਕਾਰਨ ਹੋ ਸਕਦੇ ਹਨ। ਜੇ ਭਾਰਤ ਦੇਸ਼ ਦੇ ਅਤੀਤ ’ਤੇ ਨਜ਼ਰ ਮਾਰਦੇ ਹਾਂ, ਉਸ ਵਿਚ ਸਿਵਾਏ ਹਿੰਦੂ ਰਾਜ, ਹਿੰਦੂ ਰਾਜਿਆਂ ਦੇ ਕਿੱਸੇ ਕਹਾਣੀਆਂ ਅਤੇ ਹਿੰਦੂ ਸਭਿਅਤਾ ਦੀਆਂ ਕਲਾਕਾਰੀਆਂ ਤੋਂ ਹੋਰ ਕੁਝ ਨਹੀਂ ਨਜ਼ਰ ਆਵੇਗਾ। ਅੱਜ ਦੇ ਅਖੌਤੀ ਇਤਿਹਾਸਕਾਰ/ ਸਾਹਿਤਕਾਰ ਆਰੀਆਂ ਦੇ ਭਾਰਤ ਉੱਤੇ ਹਮਲਿਆਂ ਅਤੇ ਇੱਥੋਂ ਦੇ ਆਦਿਵਾਸੀ ਲੋਕਾਂ ਬਾਰੇ ਕੁਝ ਵੀ ਲਿਖਣ ਜਾਂ ਬੋਲਣ ਪਰ ਕਰੋੜਾਂ ਦੀ ਗਿਣਤੀ ’ਚ ਜੰਗਲਾਂ ਵਿਚ ਜਾਨਵਰਾਂ ਦੀ ਤਰ੍ਹਾਂ ਰਹਿ ਰਿਹਾ ਜਨ ਸਮੂਹ ਦੀ ਹੋਂਦ ਉਹਨਾਂ ਦੀ ਬੋਲਤੀ ਬੰਦ ਕਰਨ ਲਈ ਜਿਊਂਦਾ ਜਾਗਦਾ ਸਬੂਤ ਹੈ ਕਿਉਂਕਿ ਇਹਨਾਂ ਲੋਕਾਂ ਨੂੰ ਆਰੀਅਨ ਧਾੜਵੀਆਂ ਦੇ ਕਹਿਰ ਤੋਂ ਬਚਣ ਲਈ ਜੰਗਲਾਂ ’ਚ ਲੁਕਣ ਛਿਪਣ ਦਾ ਸਹਾਰਾ ਲੈਣਾ ਪਿਆ, ਜਿੱਥੇ ਉਹ ਹਾਲੇ ਤੱਕ ਉਸ ਹਾਲਤ ਵਿਚ ਜ਼ਿੰਦਗੀ ਗੁਜ਼ਾਰ ਰਹੇ ਹਨ। ਸਿਤਮ ਦੀ ਗੱਲ ਇਹ ਹੈ ਕਿ ਕਿਸੇ ਹਕੂਮਤ ਨੇ ਵੀ ਇਹਨਾਂ ਦੀ ਹਾਲਤ ਸੁਧਾਰਨ ਵੱਲ ਕੋਈ ਧਿਆਨ ਨਹੀਂ ਦਿੱਤਾ।

ਭਾਰਤ ਦੇ ਇਸ ਦੁਖਦਾਈ ਵਰਤਾਰੇ ਤੋਂ ਪੀੜਤ ਹੋ ਕੇ ਬਾਬਾ ਸਾਹਿਬ ਅੰਬੇਡਕਰ ਆਪਣੀ ਖੋਜੀ ਪੁਸਤਕ ’ਅਛੂਤ ਕੌਣ ਅਤੇ ਕਿਉਂ?’ (1946) ਵਿਚ ਲਿਖਦੇ ਹਨ: ਸ਼ੂਦਰਾਂ ਤੋਂ ਇਲਾਵਾ ਹਿੰਦੂ ਸਭਿਅਤਾ ਨੇ ਤਿੰਨ ਨੇ ਹੋਰ ਸਮਾਜਿਕ ਸ਼੍ਰੇਣੀਆਂ ਨੂੰ ਜਨਮ ਦਿੱਤਾ, ਜਿਹਨਾਂ ਦੇ ਜੀਵਨ ਨੂੰ ਨਰਕ ਸਮਾਨ ਬਣਾਇਆ। ਉਹ ਹਨ ਜਰਾਇਮ ਪੇਸ਼ਾ ਸ਼੍ਰੇਣੀ, ਦੂਜੇ ਆਦਿਵਾਸੀ ਸ਼੍ਰੇਣੀ ਅਤੇ ਤੀਜੇ ਅਛੂਤ। ਇਹਨਾਂ ਸ਼੍ਰੇਣੀਆਂ ਦਾ ਹੋਣਾ ਹੀ ਉਹਨਾਂ ਲਈ ਅਸ਼ੁਭ ਅਤੇ ਘ੍ਰਿਣਾਯੋਗ ਮੰਨਿਆ ਗਿਆ। ਇਹਨਾਂ ਸ਼੍ਰੇਣੀਆਂ ਦੇ ਜੀਵਨ ਨੂੰ ਦੇਖਦਿਆਂ ਅਜਿਹੀ ਵਿਵਸਥਾ ਨੂੰ ਸਭਿਅਤਾ ਨਹੀਂ ਬਲਕਿ ਸਭਿਅਤਾ ਦੇ ਨਾਂ ’ਤੇ ਕਲੰਕ ਕਹਿਣਾ ਜ਼ਿਆਦਾ ਉਚਿਤ ਹੋਵੇਗਾ। ਇਕ ਸ਼੍ਰੇਣੀ ਨੂੰ ਜ਼ੁਰਮ (ਠੱਗੀ ਚੋਰੀ ਡਿਕੈਤੀ) ਕਰਕੇ ਰੋਟੀ ਕਮਾਉਣ ਦੀ ਸਿੱਖਿਆ ਦਿੱਤੀ ਗਈ। ਦੂਜੀ ਨੂੰ ਭਰਪੂਰ ਜੰਗਲਾਂ ’ਚ ਪ੍ਰੀਐਮਟਿਵ ਹਾਲਤ ਵਿਚ (ਆਦਿਕਾਲ ਦੇ ਨੰਗੇ ਧੜੰਗੇ) ਇਨਸਾਨੀ ਜ਼ਿੰਦਗੀ ਗੁਜ਼ਾਰਨ ਤੇ ਮਜਬੂਰ ਕੀਤਾ ਗਿਆ- ਆਧੁਨਿਕ ਸਭਿਆ ਦੁਨੀਆਂ ਦੀ ਚਮਕ ਦਮਕ ਤੋਂ ਦੂਰ। ਅਤੇ ਤੀਜੀ ਨੂੰ ਅਜਿਹੀ ਸ਼ੈਅ ਬਣਾ ਦਿੱਤਾ ਗਿਆ, ਜਿਸ ਦਾ ਬਾਕੀ ਸਮਾਜ ਨਾਲ ਮਿਲਣਾ ਜੁਲਣਾ ਕਤਈ ਵਰਜਿਤ, ਜਿਸ ਦੀ ਮਾਤਰ ਛੂਹ ਦੂਜੇ ਨੂੰ ਭ੍ਰਿਸ਼ਟ ਅਪਵਿੱਤਰ ਕਰ ਦੇਵੇ।

ਸਾਡੇ ਨਵੇਂ ਬਣੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੂਜੀ ਸ਼੍ਰੇਣੀ ਆਦਿਵਾਸੀ ਨਾਲ ਸਬੰਧ ਰੱਖਦੇ ਹਨ ਜੋ ਉੜੀਸਾ ਦੇ ਸੰਥਾਲ ਕਬੀਲੇ ਦੀ ਜੰਮਪਲ ਹੈ, ਜੋ ਆਪਣੀ ਸਖ਼ਤ ਮਿਹਨਤ ਅਤੇ ਦ੍ਰਿੜ੍ਹ ਇੱਛਾ ਸ਼ਕਤੀ ਸਦਕੇ ਅਤਿ ਗੁਰਬਤ ਅਤੇ ਬੇਚਾਰਗੀ ਦੀ ਹਾਲਤ ’ਚੋਂ ਲੰਘ ਕੇ ਰਾਜਨੀਤੀ ਦੇ ਮੈਦਾਨ ਵਿਚ ਪਹਿਲਾਂ 9 ਸਾਲ ਵਿਧਾਇਕ, ਦੋ ਸਾਲ ਮੰਤਰੀ ਫਿਰ ਦੋ ਸਾਲ ਝਾਰਖੰਡ ਦੇ ਗਵਰਨਰ ਬਣਨ ਤੋਂ ਬਾਅਦ ਦੇਸ਼ ਦੇ ਉੱਚਤਮ ਪਦ ਰਾਸ਼ਟਰਪਤੀ ’ਤੇ ਪਹੁੰਚ ਗਏ ਹਨ। ਇੰਨੇ ਮੁਸ਼ਕਿਲ ਭਰੇ ਜੀਵਨ ਨੂੰ ਦੇਖ ਕੇ ਅੰਦਾਜ਼ਾ ਲਗਾਣਾ ਮੁਸ਼ਕਿਲ ਨਹੀਂ ਹੋਵੇਗਾ ਕਿ ਉੱਚਤਮ ਪਦਵੀ ਤੱਕ ਪਹੁੰਚਦਿਆਂ ਉਹਨਾਂ ਨੂੰ ਕਿੰਨੀਆਂ ਦੁਸ਼ਵਾਰੀਆਂ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੋਵੇਗਾ। ਉਤੋਂ ਦੀ ਉਹਨਾਂ ਦੇ ਘਰੇਲੂ ਜੀਵਨ ਨੂੰ ਪਤੀ ਅਤੇ ਬੱਚਿਆਂ ਦੀ ਮੌਤ ਹੋਰ ਦਰਦਨਾਕ ਬਣਾ ਦਿੰਦੀ ਹੈ। ਮੁਸ਼ਕਿਲਾਂ ਨਾਲ ਜੂਝਦੀ ਅਤੇ ਕਾਮਯਾਬੀ ਦੀਆਂ ਉਚਾਈਆਂ ਨੂੰ ਛੂੰਹਦੀ ਅਜਿਹੀ ਸ਼ਖਸੀਅਤ ਨੂੰ ਜੇ ਪੈਰਵੀਯੋਗ ਮਿਸਾਲ ਕਹਿ ਦਿੱਤਾ ਜਾਵੇ ਤਾਂ ਇਹ ਗਲਤ ਨਹੀਂ ਹੋਵੇਗਾ। ਕੀ ਅਜਿਹਾ ਚਮਤਕਾਰ ਬ੍ਰਾਹਮਣਵਾਦੀ ਵਰਣ ਵਿਵਸਥਾ ਵਿਚ ਹੋਣਾ ਸੰਭਵ ਸੀ? ਹਿਸ ਅਸਚਰਜ ਜਨਕ ਪਲਟੇ ਦਾ ਕ੍ਰੈਡਿਟ (ਸਿਹਰਾ) ਵੀ ਉਹਨਾਂ ਨੇ ਆਪਣੇ ਸੰਬੋਧਨ ਵਿਚ ਠੀਕ ਹੀ ਲੋਕਤੰਤਰੀ ਵਿਵਸਥਾ ਨੂੰ ਦਿੱਤਾ ਅਤੇ ਅਜਿਹੀ ਵਿਵਸਥਾ ਦੇ ਮਹਾਂਨਾਇਕ ਬਾਬਾ ਸਾਹਿਬ ਅੰਬੇਡਕਰ ਦਾ ਜ਼ਿਕਰ ਕਰਕੇ ਠੀਕ ਦਿਸ਼ਾ ਦਾ ਸੰਕੇਤ ਵੀ ਦੇ ਦਿੱਤਾ। ਸ੍ਰੀਮਤੀ ਦ੍ਰੋਪਦੀ ਮੁਰਮੂ ਪਹਿਲੀ ਇਸਤਰੀ ਰਾਸ਼ਟਰਪਤੀ ਨਹੀਂ ਉਹਨਾਂ ਦੀ ਚੋਣ ਮਹੱਤਵਪੂਰਨ ਇਸ ਲਈ ਹੈ ਕਿ ਉਹ ਦੇਸ਼ ਦੀ ਸਭ ਤੋਂ ਵੱਧ ਵੰਚਿਤ ਅਤੇ ਘ੍ਰਿਣਾਯੋਗ ਠਹਿਰਾਏ ਗਏ ਵਰਗ ਨਾਲ ਸਬੰਧ ਰੱਖਦੀ ਹੈ। ਇਸੇ ਕਾਰਨ ਇਸ ਚੋਣ ਨੂੰ ਕ੍ਰਾਂਤੀਕਾਰੀ ਸੁਧਾਰਵਾਦੀ ਕਦਮ ਕਹਿਣਾ ਜ਼ਿਆਦਾ ਉਚਿਤ ਹੋ ਸਕਦਾ ਹੈ। ਉਹਨਾਂ ਦੇ ਇਲੈਕਸ਼ਨ ਵਿਚ ਭਾਵੇਂ ਸੱਤਾਧਾਰੀ ਭਾਜਪਾ ਦੇ ਉਮੀਦਵਾਰ ਹੁੰਦੇ ਹੋਏ ਉਹਨਾਂ ਦਾ ਜਿੱਤਣਾ ਤਹਿ ਸੀ ਪਰ ਫਿਰ ਵੀ ਕਈ ਵਿਰੋਧੀ ਪਾਰਟੀਆਂ/ ਗੁੱਟਾਂ ਦਾ ਉਹਨਾਂ ਦੇ ਹੱਕ ਵਿਚ ਭੁਗਤਣਾ ਇਸ ਗੱਲ ਦਾ ਸਾਫ ਸਬੂਤ ਹੈ ਕਿ ਉਹਨਾਂ ਪਾਰਟੀ ਪੱਖ ਨਾਲੋਂ ਆਦਿਵਾਸੀ ਸਮੱਸਿਆ ਵੱਲ ਧਿਆਨ ਦੇਣਾ ਜ਼ਿਆਦਾ ਜ਼ਰੂਰੀ ਸਮਝਿਆ।

ਜ਼ਮਾਨੇ ਦੀ ਤਬਦੀਲੀ ਨਾਲ ਜਰਾਇਮ ਪੇਸ਼ਾ ਸ਼੍ਰੇਣੀ ਤਾਂ ਖਲਤ ਮਲਤ ਹੋ ਕੇ ਆਮ ਸ਼੍ਰੇਣੀ ਬਣ ਗਈ ਹੈ ਲੇਕਿਨ



ਕਬੀਲਾਈ ਅਤੇ ਅਛੂਤ ਸ਼੍ਰੇਣੀਆਂ ਹਾਲੇ ਤੱਕ ਕਾਇਮ ਹਨ। ਆਦਿਵਾਸੀ ਕਬੀਲੇ ਇਤਿਹਾਸਕ ਕਾਰਨਾਂ ਕਰਕੇ ਜੰਗਲਾਂ ਵਿਚ ਰਹਿਣ ਲਈ ਮਜਬੂਰ ਹਨ ਲੇਕਿਨ ਅਛੂਤ (ਦਲਿਤ) ਸ਼੍ਰੇਣੀ ਹਿੰਦੂ ਧਰਮ ਦੇ ਸ਼ਾਸਤਰਾਂ ਦੀ ਦੇਣ ਵਜੋਂ ਹਾਲ ਤੱਕ ਉਵੇਂ ਜਿਵੇਂ ਕਾਇਮ ਹੈ ਅਤੇ ਉਵੇਂ ਜਿਵੇਂ ਨੀਵੇਂ ਦਰਜੇ ਦੀ ਗਿਣੀ ਜਾਂਦੀ ਹੈ। ਉੱਚ ਸਮਾਜ ਦੇ ਕੀਤੇ ਜਾ ਰਹੇ ਜਾਤਿ ਉਤਪੀੜਨ, ਨਫਰਤ ਅਤੇ ਵਿਤਕਰੇ ਦੇ ਕਾਰਨ ਇਹਨਾਂ ਦੋਹਾਂ ਸ਼੍ਰੇਣੀਆਂ ਨੂੰ ਸੰਵਿਧਾਨ ਰਾਹੀਂ ਕੁਝ ਵਿਸ਼ੇਸ਼ ਸਹੂਲਤਾਂ ਅਤੇ ਅਧਿਕਾਰ ਦਿੱਤੇ ਗਏ ਹਨ, ਜਿਹਨਾਂ ਨੂੰ ਅਮਲੀ ਰੂਪ ਦੇਣ ਲਈ ਘੱਟ ਪਰ ਕਾਗਜ਼ੀ ਪ੍ਰਚਾਰ ਲਈ ਜ਼ਿਆਦਾ ਵਰਤਿਆ ਜਾ ਰਿਹਾ ਹੈ। ਨੌਕਰੀਆਂ ਵਿਚ ਰਿਜ਼ਰਵੇਸ਼ਨ ਦੇ ਕਾਰਨ ਜੋ ਸ਼ੁਰੂ-ਸ਼ੁਰੂ ਵਿਚ ਕੁਝ ਰਾਹਤ ਮਿਲੀ ਉਹ ਸਰਕਾਰ ਦੀ ਨਿੱਜੀਕਰਨ ਦੀ ਨੀਤੀ ਤਹਿਤ ਖਤਮ ਹੁੰਦੀ ਜਾ ਰਹੀ ਹੈ ਪਰ ਰਾਜਨੀਤਿਕ ਰਿਜ਼ਰਵੇਸ਼ਨ ਨੂੰ ਇਸ ਲਈ ਬੰਦ ਨਹੀਂ ਕੀਤਾ ਜਾ ਰਿਹਾ ਕਿਉਂਕਿ ਇਹ ਪਾਲਸੀ ਹਾਕਮ ਜਮਾਤਾਂ ਲਈ ਸੋਨੇ ਦੀ ਖਾਣ ਦਾ ਕੰਮ ਕਰ ਰਹੀ ਹੈ। ਇਸੇ ਨੀਤੀ/ਰਣਨੀਤੀ ਤਹਿਤ ਹਾਕਮ ਜਮਾਤਾਂ ਨੇ ਅਨੁਸੂਚਿਤ ਜਾਤੀ ਦੇ ਦੋ ਰਾਸ਼ਟਰਪਤੀ ਵੀ ਬਣਾਏ- ਕਾਂਗਰਸ ਪਾਰਟੀ ਨੇ 1997 ਵਿਚ ਡਾ. ਕੇ. ਆਰ. ਨਰਾਇਣਨ ਅਤੇ 2017 ਵਿਚ ਭਾਜਪਾ ਨੇ ਸ੍ਰੀ ਰਾਮਨਾਥ ਕੋਵਿੰਦ ਨੂੰ, ਜੇ ਇਹਨਾਂ ਦੋਹਾਂ ਮਹਾਂਪੁਰਸ਼ਾਂ ਦੇ ਕੰਮਾਂ ਅਤੇ ਉਹਨਾਂ ਦੇ ਕਾਰਜਕਾਲ ਵਿਚ ਹੋਈਆਂ ਘਟਨਾਵਾਂ ਉੱਤੇ ਸਰਸਰੀ ਨਜ਼ਰ ਮਾਰਦੇ ਹਾਂ, ਜਿੱਥੋਂ ਤੱਕ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਦੀ ਰਖਵਾਲੀ ਦਾ ਸਬੰਧ ਹੈ ਤਾਂ ਸਾਨੂੰ ਜ਼ਮੀਨ ਅਸਮਾਨ ਦਾ ਫਰਕ ਹੀ ਦਿੱਸੇਗਾ, ਇਕ ਨੇ ਅਟਲ ਬਿਹਾਰੀ ਵਾਜਪਾਈ ਦੀ ਭਾਜਪਾ ਹਕੂਮਤ ਦੇ ਦੌਰਾਨ ਦੂਜਾ ਸੰਵਿਧਾਨ ਨੂੰ ਖਤਮ ਕਰਕੇ ਉਸ ਦੀ ਥਾਂ ਤੇ ਮਨੂੰਵਾਦੀ ਵਿਧਾਨ ਆਉਣ ਦੇ ਛੜਯੰਤਰ ਦੀਵਾ ਗੁੱਲ ਕਰ ਦਿੱਤਾ ਜਦ ਸਰਕਾਰ ਵੱਲੋਂ ਸੰਵਿਧਾਨ ਸਮੀਖਿਆ ਕਮਿਸ਼ਨ ਬਣਾ ਕੇ ਮੌਜੂਦਾ ਸੰਵਿਧਾਨ ਨੂੰ ਬਦਲਣ ਦੀਆਂ ਪੂਰੀਆਂ ਤਿਆਰੀਆਂ ਹੋ ਚੁੱਕੀਆਂ ਸਨ। ਦੂਜੇ ਪਾਸੇ ਰਾਮਨਾਥ ਕੋਵਿੰਦ ਜੀ ਨੇ ਮੋਦੀ ਜੀ ਦੇ ਬਣਾਏ ਕਾਨੂੰਨਾਂ ਉੱਤੇ ਫਟਾਫਟ ਮੋਹਰ ਲਗਾ ਕੇ ਕੇਵਲ ਰਬੜ ਸਟੈਂਪ ਰਾਸ਼ਟਰਪਤੀ ਦਾ ਹੀ ਕੰਮ ਕੀਤਾ। ਡਾ. ਨਰਾਇਣਨ ਤੋਂ ਜਦ ਉਹਨਾਂ ਦੇ ਰਾਸ਼ਟਰਪਤੀ ਚੁਣੇ ਜਾਣ ਤੋਂ ਇਕ ਮੀਡੀਆ ਰਿਪੋਰਟਰ ਨੇ ਸਵਾਲ ਪੁੱਛਿਆ ਕਿ ’ਤੁਸੀਂ ਪਹਿਲੇ ਦਲਿਤ ਪ੍ਰੈਜ਼ੀਡੈਂਟ ਚੁਣੇ ਜਾਣ ’ਤੇ ਕਿਵੇਂ ਮਹਿਸੂਸ ਕਰ ਰਹੇ ਹੋ? ਤਾਂ ਉਹਨਾਂ ਦਾ ਫੱਟ ਮੁੜਵਾਂ ਜਵਾਬ ਸੀ, ਦਲਿਤ ਪ੍ਰੈਜ਼ੀਡੈਂਟ ਕੀ ਹੁੰਦਾ ਹੇ? ਮੈਂ ਕੇਵਲ ਪ੍ਰੈਜ਼ੀਡੈਂਟ ਹਾਂ। ਦੂਜੇ ਪਾਸੇ ਜਦ ਰਾਮ-ਨਾਥ ਕੋਵਿੰਦ ਜੀ ਪੁਸ਼ਕਰ (ਰਾਜਸਥਾਨ) ਸਥਿਤ ਬ੍ਰਹਮਾ ਮੰਦਰ ਵਿਚ ਪਰਿਵਾਰ ਸਮੇਤ ਪੂਜਾ ਕਰਨ ਲਈ ਗਏ, ਉਹਨਾਂ ਨੂੰ ਮੰਦਰ ’ਚ ਵੜਨ ਦੀ ਇਜਾਜ਼ਤ ਹੀ ਨਹੀਂ ਦਿੱਤੀ ਗਈ ਕਿਉਂਕਿ ਉਹ ਅਛੂਤ ਸ਼੍ਰੇਣੀ ਦੇ ਅਪਵਿੱਤਰ ਬੰਦੇ ਸਨ। ਮਜਬੂਰਨ ਉਹਨਾਂ ਨੂੰ ਮੰਦਰ ਦੀਆਂ ਪੌੜੀਆਂ ’ਤੇ ਬੈਠ ਕੇ ਹੀ ਪੂਜਾ ਦੀ ਰਸਮ ਕਰਨੀ ਪਈ।

ਉਹਨਾਂ ਦੇ ਕਾਰਜਕਾਲ ਦੌਰਾਨ ਦੇਸ਼ ਵਿਚ ਕਈ ਦਿਲ ਕੰਬਾਊ ਦਲਿਤ ਵਿਰੋਧੀ ਘਟਨਾਵਾਂ ਵਾਪਰੀਆਂ। ਕੀ ਉਹਨਾਂ ਨੇ ਕਦੇ ਵੀ ਦੁੱਖ ਵਜੋਂ ਇਕ ਵੀ ਸ਼ਬਦ ਬੋਲਿਆ? ਉਹਨਾਂ ਦੇ ਆਪਣੇ ਸੂਬੇ ਯੂ. ਪੀ. ਵਿਚ ਇਕ ਦਲਿਤ ਲੜਕੀ ਦੇ ਗੈਂਗਰੇਪ ਉਪਰੰਤ ਉਸ ਦੀ ਲਾਸ਼ ਨੂੰ ਪੁਲਿਸ ਪ੍ਰਸ਼ਾਸਨ ਦੁਆਰਾ ਅੱਧੀ ਰਾਤ ਸਮੇਂ ਤੇਲ ਪਾ ਕੇ ਸਾੜ ਦਿੱਤਾ ਗਿਆ। ਸਾਰੀ ਦੁਨੀਆ ਕੰਬ ਉੱਠੀ ਪਰ ਕੀ ਕੋਵਿੰਦ ਜੀ ਨੇ ਇਸ ਘਿਨੌਣੇ ਕਾਂਡ ਬਾਰੇ ਕੁਝ ਕਿਹਾ ਜਾਂ ਕੀਤਾ? ਜਦਕਿ ਉੜੀਸਾ ਦੇ ਮਨੋਹਰਪੁਰਾ ਵਿਖੇ ਈਸਾਈ ਮਿਸ਼ਨਰੀ ਫਾਦਰ ਸਟੇਨਸ ਦੇ ਜੀਪ ਵਿਚ ਦੋ ਬੱਚਿਆਂ ਸਮੇਤ ਜਲਾਏ ਜਾਣ ਤੇ ਡਾ. ਨਰਾਇਣਨ ਨੇ ਇਸ ਨੂੰ ਵਹਿਸ਼ੀ ਕਰੂਰ ਜਿਹੇ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਕੇ ਸਬੰਧਤ ਸਰਕਾਰਾਂ ਅਤੇ ਦੁਨੀਆਂ ਦੇ ਕੰਨ ਖੋਲ੍ਹ ਦਿੱਤੇ। ਇਕ ਜਨਵਰੀ 2018 ਨੂੰ ਕੋਰੇਗਾਉਂ (ਮਹਾਂਰਾਸ਼ਟਰ) ਵਿਖੇ ਦਲਿਤਾਂ ਦੇ ਦੋ ਸੌ ਸਾਲਾ ਵਿਜੇ ਦਿਵਸ ਦੇ ਮੌਕੇ ’ਤੇ ਉਸ ਨੂੰ ਉੱਚ ਜਾਤੀਏ ਸੰਗਠਨਾਂ ਵੱਲੋਂ ਕੁਚਲਣ ਦੇ ਯਤਨ ਕੀਤੇ ਗਏ। ਲੱਖਾਂ ਦੇ ਜਨ ਸਮੂਹ ਉੱਤੇ ਗੋਲੀਆਂ ਚਲਾਈਆਂ ਗਈਆਂ, ਬੰਦੇ ਮਾਰੇ ਗਏ, ਦਲਿਤ ਲੋਕਾਂ ਨੇ ਸਾਰੇ ਦੇਸ਼ ਵਿਚ ਰੋਸ ਪ੍ਰਦਰਸ਼ਨ ਕੀਤੇ ਪਰ ਦਲਿਤ ਪ੍ਰੈਜ਼ੀਡੈਂਟ ਸਾਹਿਬ ਦੇ ਸਿਰ ’ਤੇ ਜੂੰ ਤੱਕ ਨਹੀਂ ਸਰਕੀ।

ਇਸ ਤੋਂ ਇਲਾਵਾ ਮੋਦੀ ਸਰਕਾਰ ਨੇ ਆਪਣੇ ਏਜੰਡੇ ਦੀ ਸਿੱਧੀ ਲਈ ਕਈ ਕਾਨੂੰਨ ਅਤੇ ਆਰਡੀਨੈਂਸ ਜਾਰੀ ਕੀਤੇ, ਜਿਹਨਾਂ ਵਿਚੋਂ ਕਈਆਂ ਨੂੰ ਪਬਲਿਕ ਵਿਰੋਧ ਕਾਰਨ ਵਾਪਸ ਵੀ ਲੈਣਾ ਪਿਆ ਪਰ ਕੀ ਪ੍ਰੈਜ਼ੀਡੈਂਟ ਸਾਹਿਬ ਨੇ ਲੋਕ ਰਾਏ ਅਤੇ ਲੋਕ ਭਾਵਨਾਵਾਂ ਨੂੰ ਮੁੱਖ ਰੱਖਦੇ ਹੋਏ ਆਪਣੀ ਸੁਤੰਤਰ ਬੁੱਧੀ ਵਿਵੇਕ ਵਰਤ ਕੇ ਕਦੇ ਕੋਈ ਬਿਲ ਜਾਂ ਆਰਡੀਨੈਂਸ ਕੈਬਨਿਟ ਨੂੰ ਪੁਨਰ ਵਿਚਾਰ ਲਈ ਵਾਪਸ ਵੀ ਕੀਤਾ? ਮੰਨਿਆ ਕ ਸੰਵਿਧਾਨਕ ਵਿਉਂਤ ਅਨੁਸਾਰ ਰਾਸ਼ਟਰਪਤੀ ਦੀ ਭੂਮਿਕਾ ਬਹੁਤ ਕਰਕੇ ਰਸਮੀ ਹੀ ਹੈ, ਜਿਸ ਕਾਰਨ ਉਸਨੂੰ ਮੰਤਰੀ ਮੰਡਲ ਦੀ ਸਲਾਹ ਅਤੇ ਸਹਾਇਤਾ ਨਾਲ ਕੰਮ ਕਰਨਾ ਪੈਂਦਾ ਹੈ ਪਰ ਇਹ ਵੀ ਤਾਂ ਉਨਾ ਹੀ ਸਟੀਕ ਸੰਵਿਧਾਨਕ ਤੱਥ ਹੈ ਕਿ ਸੰਵਿਧਾਨ ਦੀ ਰੱਖਿਆ ਕਰਨ, ਉਸ ਨੂੰ ਸੁਰੱਖਿਅਤ ਰੱਖਣ ਅਤੇ ਉਸ ਦਾ ਬਚਾਅ ਕਰਨ ਦੀ ਆਖਰੀ ਅੱਖਰਾਂ ਵਿਚ ਜ਼ਿੰਮੇਵਾਰੀ ਵੀ ਤਾਂ ਰਾਸ਼ਟਰਪਤੀ ਦੀ ਹੈ। ਆਖਿਰ ਸੰਵਿਧਾਨ ਨੂੰ ਸੁਰੱਖਿਅਤ ਰੱਖਣ ਅਤੇ ਉਸ ਦਾ ਬਚਾਅ ਕਰਨ ਦੇ ਮਾਅਨੇ ਕੀ ਹਨ? ਕਿਸ ਤੋਂ ਖਤਰਾ ਹੈ? ਜ਼ਾਹਿਰ ਹੈ ਕਿ ਇਸ ਸਵਾਲ ਦਾ ਜਵਾਬ ਲੱਭਣਾ ਵੀ ਇੰਨਾ ਔਖਾ ਨਹੀਂ ਹੈ। ਸੈਕੂਲਰਵਾਦ (ਧਰਮ ਨਿਰਪੱਖਤਾ) ਜਿਹਾ ਕਿ ਉਦੇਸ਼ਿਕਾ ਵਿਚ ਵੀ ਦਰਜ ਹੈ, ਸਾਰੇ ਸੰਵਿਧਾਨ ਦੀ ਆਤਮਾ ਹੈ ਲੇਕਿਨ ਜੇ ਆਤਮਾ ਨੂੰ ਹੀ ਕੁਚਲ ਦਿੱਤਾ ਜਾਵੇ ਤਾਂ ਬਾਕੀ ਸਰੀਰ ਵਿਚ ਕੀ ਰਹਿ ਜਾਂਦਾ ਹੈ। ਜਿਸ ਨੂੰ ਜੀਵਤ ਰੱਖਣ ਦੀ ਜ਼ਿੰਮੇਵਾਰੀ ਅਤੇ ਪਰਮ ਕਰਤੱਵ ਰਾਸ਼ਟਰਪਤੀ ਨੂੰ ਸੌਂਪਿਆ ਗਿਆ ਹੈ ਅਤੇ ਜਿੰਨਾ ਘਾਣ ਇਸ ਸਿਧਾਂਤ ਦਾ ਮੌਜੂਦਾ ਮੋਦੀ ਰਾਜ ਵਿਚ ਹੋਇਆ ਹੈ ਜਾਂ ਹੋ ਰਿਹਾ ਹੈ, ਉਸ ਨੇ ਪਿਛਲੇ ਸਭ ਰਿਕਾਰਡ ਤੋੜ ਦਿੱਤੇ ਹਨ। ਇਕ ਸਮੁਦਾਇ ਦੇ ਅਤਿ ਪੂਜਨੀਕ ਮਹਾਂਪੁਰਸ਼ ਦੇ ਖਿਲਾਫ ਘਟੀਆ ਅਪਸ਼ਬਦ ਬੋਲੇ ਜਾਂਦੇ ਹਨ। ਜਿਹਾ ਕਿ ਹੋਣਾ ਹੀ ਸੀ ਉਸ ਦੇ ਖਿਲਾਫ ਦੇਸ ਪ੍ਰਦੇਸ ਵਿਚ ਗੁੱਸੇ ਅਤੇ ਰੋਸ ਦੀ ਅੱਗ ਭੜਕ ਉੱਠਦੀ ਹੈ। ਤੂੰ ਤੂੰ, ਮੈਂ ਮੈਂ ਤੋਂ ਬਾਅਦ ਦੰਗੇ ਫਸਾਦ ਅਤੇ ਕਤਲ ਹੋਣ ਲੱਗ ਪੈਂਦੇ ਹਨ। ਹਨੂਮਾਨ ਚਾਲੀਸਾ, ਦੇਸ਼ ਧ੍ਰੋ ਦੇ ਮੁਕੱਦਮੇ, ਛਾਪੇ, ਗ੍ਰਿਫਤਾਰੀਆਂ ਦਾ ਚੱਕਰ- ਗੱਲ ਕੀ ਹਰ ਪਾਸੇ ਨਫਰਤ ਹੀ ਨਫਰਤ ਅਤੇ ਕੁੜੱਤਣ ਦੀ ਜ਼ਹਿਰ ਦੁਸ਼ਮਣੀ ’ਚ ਬਦਲ ਜਾਂਦੀ ਹੈ। ਅਤੇ ਦੁਖਦਾਈ ਸੱਚ ਇਹ ਹੈ ਕਿ ਇਸ ਦੇ ਖਤਮ ਹੋਣ ਦੇ ਵੀ ਕੋਈ ਲੱਛਣ ਨਜ਼ਰ ਨਹੀਂ ਆਉਂਦੇ। ’ਸਭਕਾ ਸਾਥ, ਸਭ ਕਾ ਵਿਸ਼ਵਾਸ’ ਦਾ ਨਾਅਰਾ ਹੋਰ ਫੂੰਕਾਰਿਆਂ ਵਾਂਗ ਜੁਮਲਾ ਬਣਕੇ ਰਹਿ ਜਾਂਦਾ ਹੈ।

ਕੁੱਲ ਮਿਲਾ ਕੇ ਇਸ ਸੰਪਰਦਾਇਕ ਜ਼ਹਿਰ ਦਾ ਨਤੀਜਾ ਜਿਸ ਨੂੰ ਕਿ ਮਾਣਯੋਗ ਸੁਪਰੀਮ ਕੋਰਟ ਦੇ ਜੱਜ ਸਾਹਿਬਾਨ ਦਾ ਵੀ ਮੰਨਣਾ ਹੈ ਕਿ ਦੇਸ਼ ਦੀ ਲੋਕਤੰਤਰੀ ਜ਼ਮੀਨ ਬਹੁਤ ਸੁੰਗੜ ਰਹੀ ਹੈ। ਜਿਸ ਦਾ ਸਾਫ ਮਤਲਬ ਹੈ ਕਿ ਦੇਸ਼ ਦਾ ਲੋਕਤੰਤਰ ਖੁਦ ਖ਼ਤਰੇ ਵਿਚ ਪੈ ਗਿਆ ਹੈ।

ਸਪਸ਼ਟ ਹੈ ਕਿ ਨਵੇਂ ਬਣੇ ਰਾਸ਼ਟਰਪਤੀ ਮੁਰਮੂ ਜੀ ਅੱਗੇ ਚੁਣੌਤੀਆਂ ਦਾ ਪਹਾੜ ਖੜ੍ਹਾ ਹੈ। ਉਹਨਾਂ ਦੇ ਆਪਣੇ ਵਰਗ ਆਦਿਵਾਸੀ ਦੀਆਂ ਢੇਰ ਸਾਰੀਆਂ ਸਮੱਸਿਆਵਾਂ ਦੇ ਨਾਲ ਨਾਲ ਦੇਸ਼ ਨੂੰ ਸੰਵਿਧਾਨ ਅਨੁਸਾਰ ਅਖੰਡ ਅਤੇ ਇੱਕਜੁਟ ਰੱਖਣ ਦੀ ਗੁਆਂਢੀ ਦੇਸ਼ ਸ੍ਰੀਲੰਕਾ ਦੀ ਆਰਥਿਕ ਬਦਹਾਲੀ ਅਤੇ ਅਰਾਜਕਤਾ ਨਾਲੋਂ ਵੀ ਵੱਡੀ ਚੁਣੌਤੀ ਹੈ। ਜੰਗਲਾਂ ਵਿਚ ਰਹਿ ਰਹੇ ਆਦਿਵਾਸੀ ਕਬੀਲਿਆਂ ਦੀ ਗਿਣਤੀ ਕਰੀਬ 700 ਹੈ ਅਤੇ ਆਬਾਦੀ ਕਰੀਬ 10 ਕਰੋੜ, ਜਿਹਨਾਂ ਦੀ ਵਿਦਿਅਕ, ਆਰਥਿਕ ਅਤੇ ਸਮਾਜਿਕ ਹਾਲਤ ਅਨੁਸੂਚਿਤ ਜਾਤੀਆਂ ਨਾਲੋਂ ਵੀ ਭੈੜੀ ਹੈ। ਇਹਨਾਂ ਦੀ ਜਾਇਦਾਦ ਅਤੇ ਰੋਜ਼ੀ ਰੋਟੀ ਦਾ ਇਕੋ ਇਕ ਸਾਧਨ ਜੰਗਲ ਅਤੇ ਜ਼ਮੀਨ ਹੈ।ਜੋ ਉਦਯੋਗਿਕ ਫੈਕਟਰੀਆਂ ਦੇ ਵਿਸਥਾਰ ਕਾਰਨ ਉਹਨਾਂ ਤੋਂ ਖੋਹੇ ਜਾ ਰਹੇ ਹਨ।

ਸਰਕਾਰ ਵੱਲੋਂ ਕੀਤੇ ਗਏ ਕਲਿਆਣਕਾਰੀ ਉਪਰਾਲੇ ਰਸਤੇ ਵਿਚ ਹੀ ਬਦਇੰਤਜ਼ਾਮੀ ਅਤੇ ਭ੍ਰਿਸ਼ਟਾਚਾਰ ਦੀ ਭੇਂਟ ਚੜ੍ਹ ਜਾਂਦੇ ਹਨ। ਸਭ ਤੋਂ ਵੱਧ ਜ਼ਰੂਰਤ ਜਿਹਾ ਕਿ ਖੁਦ ਮੁਰਮੂ ਜੀ ਨੇ ਵੀ ਆਪਣੇ ਸੰਬੋਧਨ ਵਿਚ ਕਿਹਾ, ਵਿਦਿਅਕ ਸਹੂਲਤਾਂ ਅਤੇ ਉੱਚ ਦਰਜੇ ਦੇ ਸਕੂਲਾਂ-ਕਾਲਜਾਂ ਦੀ ਹੈ, ਜਿਸਦੀ ਪਹਿਲਾਂ ਤੋਂ ਹੀ ਅਤੇ ਇਸ ਸਮੇਂ ਵੀ ਬਹੁਤ ਘਾਟ ਹੈ। ਉੱਚੀ ਅਤੇ ਅੱਛੀ ਪੜ੍ਹਾਈ ਇਸ ਤਬਕੇ ਦੇ ਜੀਵਨ ਵਿਚ ਇਨਕਲਾਬੀ ਤਬ-ਦੀਲੀਆਂ ਲਿਆਉਣ ਦੀ ਪ੍ਰਕਿਰਿਆ ਵਿਚ ਤੇਜ਼ੀ ਲਿਆ ਸਕਦੀ ਹੈ। ਜੋ ਉਨਤੀ ਅਤੇ ਵਿਕਾਸ ਦੀ ਵੀ ਪਹਿਲੀ ਪੌੜੀ ਕਹੀ ਜਾ ਸਕਦੀ ਹੈ।

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਉੱਚੇ ਇਰਾਦਿਆਂ ਅਤੇ ਦ੍ਰਿੜ੍ਹ ਇੱਛਾ ਸ਼ਕਤੀ ਨੂੰ ਦੇਖ ਕੇ ਆਸ ਕੀਤੀ ਜਾ ਸਕਦੀ ਹੈ ਕਿ ਉਹ ਦੇਸ਼ ਵਿਚ ਫਿਰ ਤੋਂ ਅਮਨ, ਚੈਨ, ਖੁਸ਼ਹਾਲੀ ਅਤੇ ਆਪਸੀ ਭਾਈਚਾਰੇ ਨੂੰ ਬਹਾਲ ਕਰਨ ਦੇ ਯਤਨਾਂ ਵਿਚ ਕਾਮਯਾਬ ਹੋਣਗੇ। ਸਾਡੀਆਂ ਸ਼ੁਭ ਕਾਮਨਾਵਾਂ।

## ਖੇਤ ਮਜ਼ਦੂਰਾਂ ਅਤੇ ਛੋਟੇ ਦੁਕਾਨਦਾਰਾਂ ਦੇ ਨੁਕਸਾਨ ਨੂੰ ਨਜ਼ਰਅੰਦਾਜ਼ ਨਾ ਕਰੇ ਸਰਕਾਰ: ਸਮਤਾ ਸੈਨਿਕ ਦਲ



**ਜਲੰਧਰ (ਪੱਤਰ ਪ੍ਰੇਰਕ):** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ) ਪੰਜਾਬ ਇਕਾਈ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਮੁੱਖ ਮੰਤਰੀ ਸਤਿਕਾਰਯੋਗ ਭਗਵੰਤ ਮਾਨ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਦਾ ਦੌਰਾ ਕੀਤਾ ਅਤੇ ਇਸ ਕੁ-ਦਰਤੀ ਕਰੋਪੀ ਨਾਲ ਕਿਸਾਨਾਂ ਦੀਆਂ ਫਸਲਾਂ ਨੂੰ ਹੋਏ ਨੁਕਸਾਨ ਦਾ ਅਨੁਮਾਨ ਲਗਾਇਆ ਹੈ। ਵਰਿਆਣਾ ਨੇ ਕਿਹਾ ਕਿ ਅਸੀਂ ਇਸ ਗੱਲ ਦੀ ਸ਼ਲਾਘਾ ਕਰਦੇ ਹਾਂ ਕਿ ਮੁੱਖ ਮੰਤਰੀ ਨੇ ਕਿਸਾਨਾਂ ਨੂੰ ਹੋਏ ਨੁਕਸਾਨ ਦੀ ਭਰਪਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਅੱਗੇ ਕਿਹਾ ਕਿ ਕੁਦਰਤੀ ਕਰੋਪੀ ਦੇ ਅਜਿਹੇ ਹਾਲਾਤਾਂ ਵਿੱਚ ਖੇਤ ਮਜ਼ਦੂਰ ਅਤੇ ਛੋਟੇ ਦੁਕਾਨਦਾਰ ਜੋ ਸਿਰਫ਼ ਖੇਤੀ ਮਜ਼ਦੂਰੀ 'ਤੇ ਨਿਰਭਰ ਹਨ, ਨੂੰ ਸਰਕਾਰ ਵੱਲੋਂ ਹਮੇਸ਼ਾ ਅਣਗੌਲਿਆ ਕੀਤਾ ਜਾਂਦਾ ਹੈ। ਕਿਸਾਨਾਂ ਦੇ ਇਸ ਨੁਕਸਾਨ ਨਾਲ ਖੇਤ ਮਜ਼ਦੂਰਾਂ ਅਤੇ ਛੋਟੇ ਦੁਕਾਨਦਾਰਾਂ ਦਾ ਵੀ ਨੁਕਸਾਨ ਹੁੰਦਾ ਹੈ। ਵਰਿਆਣਾ ਨੇ ਕਿਹਾ ਕਿ ਸਰਕਾਰ ਨੂੰ ਕਿਸਾਨਾਂ ਦੇ ਹੋਏ ਨੁਕਸਾਨ ਦੇ ਨਾਲ-ਨਾਲ ਖੇਤ ਮਜ਼ਦੂਰਾਂ ਅਤੇ ਛੋਟੇ ਦੁਕਾਨਦਾਰਾਂ ਤੱਕ ਵੀ ਪਹੁੰਚ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਮੁਆਵਜ਼ਾ ਦੇਣਾ ਚਾਹੀਦਾ ਹੈ।

‘ਦੇਸ਼ ਦੁਆਬਾ’
‘ਅੰਬੇਡਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 15 ਅਗਸਤ, 2022 ਲਈ ਅਜ਼ਾਦੀ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਇਸ ਸਾਲ ਅਜ਼ਾਦੀ ਦਿਵਸ 15 ਅਗਸਤ 2022 ਤੇ ਭਾਰਤ ਆਪਣੀ ਆਜ਼ਾਦੀ ਦੇ 75 ਸਾਲ ਪੂਰੇ ਕਰ ਰਿਹਾ ਹੈ। ਸਾਡਾ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ ਪਹਿਲਾਂ ਮੁਗਲਾਂ ਅਤੇ ਫਿਰ ਅੰਗਰੇਜਾਂ ਕੋਲ ਅਤੇ ਇਸਨੂੰ ਅਜ਼ਾਦ ਕਰਵਾਉਣ ਲਈ ਅਣਗਿਣਤ ਦੇਸ਼ਭਗਤਾਂ ਨੇ ਲੜਾਈਆਂ ਲੜੀਆਂ ਤੇ ਕੁਰਬਾਨੀਆਂ ਦਿਤੀਆਂ ਜਿਸਤੋਂ ਬਾਦ ਆਖਿਰ 15 ਅਗੱਸਤ 1947 ਨੂੰ ਸਾਨੂੰ ਅਜ਼ਾਦੀ ਹਾਸਲ ਹੋਈ। ਭਾਰਤ ਨੂੰ ਅੰਗਰੇਜ਼ਾਂ ਤੋਂ ਆਜ਼ਾਦੀ ਮਿਲਣ ਨੂੰ ਲੱਗਭੱਗ 200 ਸਾਲ ਲੱਗ ਗਏ। ਭਾਰਤ ਦੀ ਆਜ਼ਾਦੀ ਲਈ ਅਣਗਿਣਤ ਦੇਸ਼ਭਗਤਾਂ ਨੇ ਆਪਣੀਆਂ ਜਾਨਾਂ ਦਿੱਤੀਆਂ। ਆਜ਼ਾਦੀ ਤੋਂ ਪਹਿਲਾਂ ਪਾਕਿਸਤਾਨ ਭਾਰਤ ਦਾ ਹਿੱਸਾ ਹੁੰਦਾ ਸੀ। ਅੰਗਰੇਜ਼ਾਂ ਨੇ ਭਾਰਤ ਨੂੰ ਆਜ਼ਾਦੀ ਤਾਂ ਦਿੱਤੀ ਪਰ ਧਰਮ ਦੇ ਆਧਾਰ ਤੇ ਭਾਰਤ ਅਤੇ ਪਾਕਿਸਤਾਨ ਦੀ ਵੰਡ ਕਰਕੇ ਦਿਤੀ। ਵੰਡ ਤੋਂ ਬਾਅਦ ਦੋਹਾਂ ਦੇਸ਼ਾਂ ਵਿਚ ਹਿੰਸਕ ਦੰਗੇ ਹੋਏ ਅਤੇ ਫਿਰਕੂ ਹਿੰਸਾ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਜਿਨ੍ਹਾਂ ਵਿੱਚ ਵੱਡੇ ਪੱਧਰ ਤੇ ਜਾਨ-ਮਾਲ ਦਾ ਨੁਕਸਾਨ ਹੋਇਆ ਸੀ। ਇਤਿਹਾਸ ਵਿੱਚ ਕਦੇ ਵੀ ਕਿਸੇ ਵੀ ਮੁਲਕ ਦੀ ਵੰਡ ਕਾਰਨ ਇੰਨੀ ਵੱਡੀ ਗਿਣਤੀ ਵਿੱਚ ਲੋਕ ਨਹੀਂ ਉਜੜੇ ਹਨ। ਇਹ ਗਿਣਤੀ 1.45 ਕਰੋੜ ਦੇ ਕਰੀਬ ਸੀ। ਭਾਰਤ ਦੀ 1951 ਦੀ ਮਰਦਮਸ਼ੁਮਾਰੀ ਅਨੁਸਾਰ ਲੱਗਭੱਗ 72,49,000 ਹਿੰਦੂ ਅਤੇ ਸਿੱਖ ਪਾਕਿਸਤਾਨ ਛੱਡ ਕੇ ਭਾਰਤ ਚਲੇ ਗਏ ਅਤੇ ਲੱਗਭੱਗ 72,26,000 ਮੁਸਲਮਾਨ ਭਾਰਤ ਛੱਡ ਕੇ ਪਾਕਿਸਤਾਨ ਚਲੇ ਗਏ। ਅੱਜ ਅਸੀਂ ਪਿਛਲੇ 75 ਸਾਲਾਂ ਵਾਂਗ ਅਜ਼ਾਦੀ ਦਿਹਾੜਾ ਮਨਾ ਰਹੇ ਹਾਂ ਅਤੇ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਹਰ ਸਾਲ ਵਾਂਗ ਵੱਡੇ ਵੱਡੇ ਸਮਾਗਮ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚ ਰਾਸਟਰੀ ਝੰਡਾ ਤਿਰੰਗਾ ਲਹਿਰਾਇਆ ਜਾਵੇਗਾ, ਵੱਡੇ ਵੱਡੇ ਰਾਜਨੇਤਾ ਅਤੇ ਅਧਿਕਾਰੀ ਲੋਕਾਂ ਨੂੰ ਅਜ਼ਾਦੀ ਦੇ ਮਹੱਤਵ ਅਤੇ ਅਜ਼ਾਦੀ ਤੋਂ ਬਾਦ ਹੋਏ ਵਿਕਾਸ ਸਬੰਧੀ ਲੰਬੇ ਲੰਬੇ ਭਾਸ਼ਣ ਦੇਣਗੇ। ਭਾਰਤ ਸਰਕਾਰ ਵਲੋਂ ਇਸ ਸਾਲ ਅਜ਼ਾਦੀ ਦਿਵਸ ਮਨਾਉਣ ਸਬੰਧੀ ਵਿਸ਼ੇਸ ਪ੍ਰੋਗਰਾਮ ਤਿਆਰ ਕੀਤੇ ਗਏ ਹਨ। ਇਸ ਸਬੰਧੀ 12 ਮਾਰਚ 2021 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਗੁਜਰਾਤ ਤੋਂ ''ਅਜ਼ਾਦੀ ਦਾ ਅੰਮ੍ਰਿਤ ਮਹੋਤਸਵ'' ਸ਼ੁਰੂ ਕੀਤਾ ਗਿਆ ਹੈ ਜੋਕਿ 75 ਹਫਤੇ ਚੱਲਕੇ 15 ਅਗੱਸਤ 2022 ਨੂੰ ਮੁਕੰਮਲ ਹੋਵੇਗਾ। ਭਾਰਤ ਸਰਕਾਰ ਨੇ ਭਾਰਤ ਦੀ ਆਜ਼ਾਦੀ ਦੇ 75 ਸਾਲਾਂ ਨੂੰ ਬਹੁਤ ਉਤਸ਼ਾਹ ਅਤੇ ਆਜ਼ਾਦੀ ਘੁਲਾਟੀਆਂ ਨੂੰ ਸ਼ਰਧਾਂਜਲੀ ਦੇਣ ਨਾਲ ਮਨਾਉਣ ਦਾ ਫੈਸਲਾ ਕੀਤਾ ਹੈ। ਇਸ ਲਈ ਉਨ੍ਹਾਂ ਨੇ ਵੱਖ-ਵੱਖ ਪ੍ਰੋਗਰਾਮ ਕਰਨ ਦਾ ਫੈਸਲਾ ਕੀਤਾ ਅਤੇ ਸਰਕਾਰ ਨੇ ਇਸ ਜਸ਼ਨ ਨੂੰ 'ਆਜ਼ਾਦੀ ਦਾ ਅੰਮ੍ਰਿਤ ਮਹੋਤਸਵ' ਦਾ ਨਾਂ ਦਿੱਤਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਹਰ ਘਰ ਤਿਰੰਗਾ' ਮੁਹਿੰਮ ਤਹਿਤ ਦੇਸ਼ ਵਾਸੀਆਂ ਨੂੰ ਤਿਰੰਗਾ ਲਹਿਰਾਉਣ ਅਤੇ ਤਿਰੰਗੇ ਦੀਆਂ ਫੋਟੋਆਂ ਸੋਸ਼ਲ ਮੀਡੀਆ ਤੇ ਪਾਉਣ ਦੀ ਅਪੀਲ ਕੀਤੀ ਹੈ। 13 ਤੋਂ 15 ਅਗਸਤ 2022 ਤੱਕ ਦੇਸ਼ ਭਰ ਵਿੱਚ ਤਿਰੰਗਾ ਲਹਿਰਾਉਣ ਦੀ ਮੁਹਿੰਮ ਚਲਾਈ ਜਾ ਰਹੀ ਹੈ। ਇਸ ਦੌਰਾਨ ਮੋਦੀ ਸਰਕਾਰ ਵੱਲੋਂ ਦੇਸ਼ ਦੇ 20 ਕਰੋੜ ਘਰਾਂ ਵਿੱਚ ਤਿਰੰਗਾ ਲਹਿਰਾਉਣ ਦਾ ਟੀਚਾ ਰੱਖਿਆ ਗਿਆ ਹੈ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਮੋਦੀ ਨੇ ਮਨ ਕੀ ਬਾਤ ਦੇ 91ਵੇਂ ਐਡੀਸ਼ਨ ਵਿੱਚ ਦੇਸ਼ ਵਾਸੀਆਂ ਨੂੰ 02 ਅਗਸਤ ਤੋਂ 15 ਅਗਸਤ ਦਰਮਿਆਨ ਸੋਸ਼ਲ ਮੀਡੀਆ ਅਕਾਊਂਟ ਵਿੱਚ ਤਿਰੰਗੇ ਦੀ ਡੀਪੀ ਪਾ ਕੇ ਇਸ ਮੁਹਿੰਮ ਨੂੰ ਚਲਾਉਣ ਦੀ ਅਪੀਲ ਕੀਤੀ ਹੈ। 'ਹਰ ਘਰ ਤਿਰੰਗਾ' ਮੁਹਿੰਮ ਵੀ ਅਜ਼ਾਦੀ ਦੇ ਅੰਮ੍ਰਿਤ ਮਹੋਤਸਵ ਦਾ ਹਿੱਸਾ ਹੈ। ਇਸ ਦਾ ਉਦੇਸ਼ ਲੋਕਾਂ ਨੂੰ ਭਾਰਤੀ ਝੰਡਾ ਘਰ ਘਰ ਲਿਆਉਣ ਅਤੇ ਇਸ ਨੂੰ ਲਹਿਰਾਉਣ ਲਈ ਉਤਸ਼ਾਹਿਤ ਕਰਨਾ ਹੈ। ਸੱਤ ਰੋਜ਼ਾ ਆਜ਼ਾਦੀ ਦਾ ਜਸ਼ਨ 15 ਅਗਸਤ ਤੋਂ ਚਾਰ ਦਿਨ ਪਹਿਲਾਂ ਸ਼ੁਰੂ ਹੋਵੇਗਾ ਅਤੇ ਦੋ ਦਿਨ ਬਾਅਦ ਤੱਕ ਮਨਾਇਆ ਜਾਵੇਗਾ। ਸਰਕਾਰ ਦੇ ਇਸ ਉਪਰਾਲੇ ਦਾ ਮਕਸਦ ਲੋਕਾਂ ਅੰਦਰ ਦੇਸ਼ ਭਗਤੀ ਦੀ ਭਾਵਨਾ ਜਗਾਉਣਾ ਹੈ। ਇੰਨਾ ਹੀ ਨਹੀਂ ਇਸ ਦਾ ਮਕਸਦ ਲੋਕਾਂ ਨੂੰ ਰਾਸ਼ਟਰੀ ਸਰੋਕਾਰਾਂ ਨਾਲ ਜੋੜਨਾ ਵੀ ਹੈ। ਆਜ਼ਾਦੀ ਦੇ 75ਵੇਂ ਵਰ੍ਹੇ ਨੂੰ ਆਜ਼ਾਦੀ ਦੇ ਅੰਮ੍ਰਿਤ ਤਿਉਹਾਰ ਵਜੋਂ ਮਨਾ ਰਹੀ ਸਰਕਾਰ ਸਿੱਕਿਆਂ ਰਾਹੀਂ ਵੀ ਇਸ ਦੀ ਯਾਦ ਮਨਾਏਗੀ। ਭਾਰਤ ਸਰਕਾਰ ਆਜ਼ਾਦੀ ਦੇ ਅੰਮ੍ਰਿਤ ਉਤਸਵ ਨੂੰ ਸਮਰਪਿਤ ਇੱਕ ਰੁਪਏ ਤੋਂ ਵੀਹ ਰੁਪਏ ਦੇ ਸਿੱਕਿਆਂ ਦੀ ਨਵੀਂ ਲੜੀ ਜਾਰੀ ਕਰਨ ਜਾ ਰਹੀ ਹੈ। ਵਿੱਤ ਮੰਤਰਾਲੇ ਦੇ ਆਰਥਿਕ ਮਾਮਲਿਆਂ ਦੇ ਵਿਭਾਗ ਨੇ ਇਸਦੀ ਨੋਟੀਫਿਕੇਸ਼ਨ ਜਾਰੀ ਕੀਤੀ ਹੈ। ਇਸ ਸਬੰਧੀ ਸਕੂਲੀ ਵਿਦਿਆਰਥੀਆਂ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਨੇ ਯੂਨੀਵਰਸਿਟੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਅਜ਼ਾਦੀ ਦੇ ਅੰਮ੍ਰਿਤ ਮਹੋਤਸਵ ਨੂੰ ਬਹੁਤ ਮਹੱਤਵ ਨਾਲ ਮਨਾਉਣ ਤਾਂ ਜੋ ਵਿਦਿਆਰਥੀ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰ ਸਕਣ। ਯੂਜੀਸੀ




ਨੇ ਯੂਨੀਵਰਸਿਟੀਆਂ ਅਤੇ ਉਨ੍ਹਾਂ ਨਾਲ ਸਬੰਧਤ ਕਾਲਜਾਂ ਨੂੰ ਅਜ਼ਾਦੀ ਦਿਵਸ ਤੋਂ ਇੱਕ ਹਫ਼ਤਾ ਇਸ ਸਬੰਧੀ ਪਹਿਲਾਂ ਲੇਖ ਲਿਖਣ ਮੁਕਾਬਲੇ, ਪੋਸਟਰ ਮੇਕਿੰਗ ਮੁਕਾਬਲੇ, ਗਾਇਨ ਮੁਕਾਬਲੇ ਆਦਿ ਕਰਵਾਉਣ ਲਈ ਕਿਹਾ ਹੈ। ਕੇਂਦਰੀ ਸਭਿਆਚਾਰਕ ਮੰਤਰਾਲੇ ਨੇ 5 ਤੋਂ 15 ਅਗਸਤ ਤੱਕ ਦੇਸ਼ ਭਰ ਵਿੱਚ ਪੁਰਾਤੱਤਵ ਸਰਵੇਖਣ ਆਫ਼ ਇੰਡੀਆ ਵਲੋਂ ਸੁਰੱਖਿਅਤ ਸਾਰੇ ਸਮਾਰਕਾਂ ਅਤੇ ਸਥਾਨਾਂ ਵਿੱਚ ਮੁਫਤ ਦਾਖਲੇ ਦਾ ਐਲਾਨ ਕੀਤਾ ਹੈ ਅਤੇ ਦੇਸ਼ ਦੀਆਂ ਇਤਿਹਾਸਕ ਇਮਾਰਤਾਂ ਵਿੱਚ 05 ਤੋਂ 15 ਅਗਸਤ ਤੱਕ ਐਂਟਰੀ ਫੀਸ ਨਹੀਂ ਲਈ ਜਾਵੇਗੀ। ਬੇਸ਼ੱਕ ਦੇਸ ਨੂੰ ਅਜ਼ਾਦ ਹੋਏ 75 ਸਾਲ ਬੀਤ ਗਏ ਹਨ ਪਰ ਇਸ ਅਜ਼ਾਦੀ ਦੀ ਰੋਸ਼ਨੀ ਅਜੇ ਤੱਕ ਵੀ ਬਹੁਤੇ ਦੇਸ਼ ਵਾਸੀਆਂ ਤੱਕ ਨਹੀਂ ਪਹੁੰਚੀ ਹੈ ਅਤੇ ਉਹ ਅਜੇ ਵੀ ਗੁਲਾਮਾਂ ਵਰਗਾ ਜੀਵਨ ਜੀਅ ਰਹੇ ਹਨ। ਬਹੁਤੇ ਲੋਕ ਅਜੇ ਵੀ ਮੁਢਲੀਆਂ ਸਹੂਲਤਾਂ ਲਈ ਤਰਸ ਰਹੇ ਹਨ ਅਤੇ ਇਸ ਅਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਦੇਸ਼ ਭਗਤਾਂ ਦੇ ਸੁਪਨੇ ਅਧੂਰੇ ਪਏ ਹਨ। ਦੇਸ਼ ਵਿੱਚ ਬਹੁਤੇ ਲੋਕ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ ਦੇ ਸ਼ਿਕਾਰ ਹਨ ਅਤੇ ਇਨ੍ਹਾਂ ਲੋਕਾਂ ਨੂੰ ਜੀਵਨ ਜਿਉਣ ਲਈ ਮੁਢਲੇ ਜ਼ਰੂਰੀ ਸਾਧਨ ਵੀ ਉਪਲਬੱਧ ਨਹੀਂ ਹੋਏ ਹਨ। ਆਰਥਿਕ ਵਿਕਾਸ ਦੇ ਵੱਡੇ ਵੱਡੇ ਦਾਅਵੇ ਕਰਨ ਵਾਲੇ ਆਗੂਆਂ ਅਤੇ ਅਧਿਕਾਰੀਆਂ ਨੂੰ ਇਹ ਸਭ ਨਜ਼ਰ ਨਹੀਂ ਆ ਰਿਹਾ ਹੈ। ਬਹੁਤੀ ਆਬਾਦੀ ਨੂੰ ਅੱਜ ਵੀ ਪੀਣ ਵਾਲਾ ਸਾਫ ਪਾਣੀ, ਵਿਦਿੱਅਕ ਅਤੇ ਸਿਹਤ ਸਹੂਲਤਾਂ ਪ੍ਰਾਪਤ ਨਹੀਂ ਹਨ, ਕਰੋੜਾਂ ਲੋਕਾਂ ਕੋਲ ਅੱਜ ਵੀ ਰਹਿਣ ਲਈ ਮਕਾਨ ਨਹੀਂ ਹਨ ਅਤੇ ਫੁੱਟਪਾਥਾਂ, ਰੇਲਵੇ ਸਟੇਸ਼ਨਾਂ ਆਦਿ ਤੇ ਰਾਤਾਂ ਕੱਟਦੇ ਹਨ, ਮਹਿਲਾਵਾਂ ਅਤੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਅਤੇ ਭੁੱਖੇ ਪੇਟ ਮੌਤਾਂ ਹੋ ਰਹੀਆਂ ਹਨ, ਕਈ ਮਹਿਲਾਵਾਂ ਨੂੰ ਪਰਿਵਾਰ ਦਾ ਪੇਟ ਪਾਲਣ ਲਈ ਜਿਸਮ ਤੱਕ ਵੇਚਣੇ ਪੈਂਦੇ ਹਨ, ਬਹੁਤੇ ਲੋਕ ਦਵਾਈਆਂ ਅਤੇ ਸਮੇਂ ਸਿਰ ਸਿਹਤ ਸਹੂਲਤਾਂ ਨਾਂ ਮਿਲਣ ਕਾਰਨ ਇਲਾਜ਼ ਬਿਨਾਂ ਮਰ ਜਾਂਦੇ ਹਨ ਜਦਕਿ ਸਾਡੇ ਬਹੁਤੇ ਰਾਜਨੇਤਾ ਅਤੇ ਅਧਿਕਾਰੀ ਛੋਟੀ-ਛੋਟੀ ਬਿਮਾਰੀ ਹੋਣ ਤੇ ਵੀ ਸਰਕਾਰੀ ਖਰਚੇ ਤੇ ਵਿਦੇਸ਼ਾਂ ਵਿੱਚ ਮਹਿੰਗੇ ਇਲਾਜ਼ ਕਰਵਾਂਦੇ ਹਨ।

ਇੱਕ ਪਾਸੇ ਹਰ ਸਾਲ ਲੱਖਾਂ ਟਨ ਆਨਾਜ ਗੋਦਾਮਾਂ ਵਿੱਚ ਸੜ੍ਹ ਰਿਹਾ ਹੈ ਪਰ ਸਰਕਾਰੀ ਅਧਿਕਾਰੀ ਕਿਸੇ ਗਰੀਬ ਦੇ ਮੂੰਹ ਵਿੱਚ ਨਹੀਂ ਪੈਣ ਦਿੰਦੇ ਹਨ, ਉਲਟਾ ਆਨਾਜ ਦੀ ਥੁੜ੍ਹ ਦੱਸ ਕੇ ਬਾਹਰਲੇ ਦੇਸ਼ਾਂ ਤੋਂ ਆਨਾਜ ਮੰਗਵਾਂਦੇ ਹਨ ਅਤੇ ਕਮੀਸ਼ਨਾਂ ਨਾਲ ਆਪਣੀਆਂ ਤਿਜੋਰੀਆਂ ਭਰਦੇ ਹਨ। ਇੱਕ ਗਰੀਬ ਵਿਅਕਤੀ ਦਿਨ ਭਰ ਦੀ ਹੱਡ ਭੰਨਵੀ ਮਿਹਨਤ ਕਰਕੇ ਦੋ ਵਕਤ ਦੀ ਰੋਟੀ ਬੜੀ ਮੁਸ਼ਕਿਲ ਨਾਲ ਖਾਂਦਾ ਹੈ ਦੂਸਰੇ ਪਾਸੇ ਸਾਡੇ ਬਹੁਤੇ ਰਾਜਨੇਤਾ, ਮੰਤਰੀ ਅਤੇ ਸਰਕਾਰੀ ਅਧਿਕਾਰੀ ਸਰਕਾਰ ਤੋਂ ਮੋਟੀ ਤਨਖਾਹ ਵੀ ਲੈਂਦੇ ਹਨ ਅਤੇ ਲੋਕਾਂ ਦੇ ਕੰਮ ਕਰਨ ਦੇ ਬਦਲੇ ਰਿਸ਼ਵਤ ਵੀ ਲੈਂਦੇ ਹਨ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ ਵਿੱਚ ਕਾਨੂੰਨ ਇਸ ਤਰ੍ਹਾਂ ਲਾਗੂ ਕੀਤਾ ਜਾਂਦਾ ਹੈ ਕਿ ਅਮੀਰ ਵੱਡੇ ਤੋਂ ਵੱਡਾ ਜੁਰਮ ਕਰਕੇ ਵੀ ਬਚ ਜਾਂਦਾ ਹੈ ਪਰ ਗਰੀਬ ਬੇਕਸੂਰ ਹੋਣ ਦੇ ਬਾਬਜੂਦ ਵੀ ਫਸ ਜਾਂਦਾ ਹੈ। ਹਜਾਰ ਰੁਪਏ ਦੇ ਕਰਜ਼ਦਾਰ ਗਰੀਬ ਨੂੰ ਤਾਂ ਬੈਂਕ ਅਤੇ ਪ੍ਰਸ਼ਾਸ਼ਨ ਇੰਨਾ ਤੰਗ ਪ੍ਰੇਸ਼ਾਨ ਕਰਦਾ ਹੈ ਕਿ ਉਹ ਆਤਮ ਹੱਤਿਆ ਤੱਕ ਕਰ ਲੈਂਦਾ ਹੈ ਪਰ ਦੂਜੇ ਪਾਸੇ ਰਾਜਨੀਤਿਕ ਪਹੁੰਚ ਵਾਲੇ ਕਈ ਵਿਅਕਤੀ ਬੈਂਕਾਂ ਦਾ ਕਰੋੜ੍ਹਾਂ ਰੁਪਏ ਲੈਕੇ ਮੌਜਾਂ ਕਰਦੇ ਹਨ ਅਤੇ ਵਿਦੇਸ਼ਾਂ ਨੂੰ ਭੱਜ ਜਾਂਦੇ ਹਨ। ਬਹੁਤੇ ਮੰਤਰੀ ਅਤੇ ਅਧਿਕਾਰੀ ਕਾਨੂੰਨ ਤੋਂ ਵੀ ਉਪਰ ਹਨ ਅਤੇ ਅਪਰਾਧ ਕਰਕੇ ਵੀ ਆਜ਼ਾਦ ਘੁੰਮਦੇ ਹਨ ਅਤੇ ਕਾਨੂੰਨ ਦਾ ਮਜ਼ਾਕ ਉਡਾਉਂਦੇ ਹਨ। ਸਾਡੇ ਦੇਸ਼ ਦੇ ਬਹੁਤੇ ਬੱਚੇ ਸਕੂਲ ਜਾਣ ਦੀ ਉਮਰੇ ਵੀ ਸਿਰ ਤੇ ਮੈਲ ਢੋਕੇ ਆਪਣਾ ਢਿੱਡ ਭਰਦੇ ਹਨ, ਕੂੜੇ ਦੇ ਢੇਰਾਂ ਤੇ ਕਾਗਜ ਇਕੱਠੇ ਕਰਦਿਆਂ ਬਚਪਨ ਗੁਜਾਰਦੇ ਹਨ। ਬਹੁਤੇ ਰਾਜਨੀਤਿਕ ਆਗੂ ਆਏ ਦਿਨ ਗਿਰਗਿਟ ਵਾਂਗ ਰੰਗ ਬਦਲਦੇ ਹਨ ਅਤੇ ਰਾਜਨੀਤਿਕ ਲਾਭ ਲੈਣ ਲਈ ਅਕਸਰ ਰਾਜਨੀਤਿਕ ਪਾਰਟੀਆਂ ਬਦਲਦੇ ਹਨ ਅਤੇ ਰਾਤੋ ਰਾਤ ਇੱਕ ਨੰਬਰ ਦੀ ਦੁਸ਼ਮਣ ਅਤੇ ਦੇਸ਼ ਵਿਰੋਧੀ ਪਾਰਟੀ ਇਨ੍ਹਾਂ ਨੂੰ ਜਾਨ ਤੋਂ ਪਿਆਰੀ ਲੱਗਣ ਲੱਗ ਜਾਂਦੀ ਹੈ ਅਤੇ ਬਹੁਤੇ ਪਰਿਵਾਰਾਂ ਵਿੱਚ ਤਾਂ ਵੱਖ-ਵੱਖ ਮੈਂਬਰ ਵੱਖ ਵੱਖ ਰਾਜਨੀਤਿਕ ਪਾਰਟੀਆਂ ਵਿੱਚ ਬੈਠੇ ਹੋਏ ਹਨ। ਸੈਕੜ੍ਹੇ ਸਮਾਜਿਕ ਕੁਰੀਤੀਆਂ ਨਸ਼ੇ, ਦਾਜ ਪ੍ਰਥਾ, ਬਾਲ ਵਿਆਹ ਪ੍ਰਥਾ, ਮਹਿਲਾਵਾਂ ਤੇ ਹੋ ਰਹੇ ਅਤਿਆਚਾਰ, ਬਾਲ ਮਜਦੂਰੀ, ਧਰਮ-ਜਾਤਿ ਦੇ ਨਾਮ ਤੇ ਕੀਤੇ ਜਾ ਰਹੇ ਅਤਿਆਚਾਰ ਅਤੇ ਦੰਗੇ ਬਹੁਤੇ ਰਾਜਨੀਤਿਕ ਆਗੂਆਂ ਲਈ ਸਿਰਫ ਚੋਣ ਮੁੱਦਾ ਹੀ ਰਹਿੰਦੇ ਹਨ ਅਤੇ ਇਨ੍ਹਾਂ ਸਮੱਸਿਆਵਾਂ ਦਾ ਠੋਸ ਹੱਲ ਕਰਨ ਦੀ ਬਜਾਏ ਫੋਕੀ ਰਾਜਨੀਤੀ ਹੀ ਚਮਕਾਈ ਜਾਂਦੀ ਹੈ। ਵਿਧਾਨ ਸਭਾਵਾਂ ਅਤੇ ਸੰਸਦ ਵਿੱਚ ਬੈਠੇ ਹਜਾਰਾਂ ਵਿਧਾਇਕ ਅਤੇ ਸਾਂਸਦ ਅਪਣੀਆਂ ਸਹੂਲਤਾਂ ਲਈ ਇੱਕਮੁੱਠ ਹੋ ਜਾਂਦੇ ਹਨ ਜਦਕਿ ਲੋਕਾਂ ਦੀਆਂ ਸਹੂਲਤਾਂ ਵਾਲੇ ਬਿੱਲ ਸਾਲਾਂ ਵੱਧੀ ਲਟਕਦੇ ਰਹਿੰਦੇ ਹਨ। ਸਾਡੇ ਦੇਸ਼ ਵਿੱਚ ਆਮ ਵਿਅਕਤੀ ਦੀ ਜਿੰਦਗੀ ਦੀ ਅਹਮੀਅਤ ਜਾਨਵਰਾਂ ਨਾਲੋਂ ਵੀ ਘੱਟ ਹੈ। ਮਹਿਲਾਵਾਂ ਨਾਲ ਵਾਪਰਦੀਆਂ ਅਪਰਾਧਿਕ ਅਤੇ ਹਿੰਸਕ ਘਟਨਾਵਾਂ, ਬੱਚੀਆਂ ਨਾਲ ਵਾਪਰ ਰਹੀਆਂ ਬਲਾਤਕਾਰ ਦੀਆਂ ਘਟਨਾਵਾਂ, ਜਾਤਿ ਅਧਾਰਤ ਹਿੰਸਾ ਦੀਆਂ ਘਟਨਾਵਾਂ, ਥਾਣਿਆਂ ਅਤੇ ਅਦਾਲਤਾਂ ਵਿੱਚ ਇਨਸਾਫ ਲਈ ਤੜਫਦੇ ਲੋਕ ਅਜਾਦੀ ਦੇ ਇਨ੍ਹਾਂ ਜਸ਼ਨਾ ਦਾ ਮੂੰਹ ਚਿੜਾਉਂਦੇ ਹਨ।

ਅਜਾਦੀ ਦੇ 75 ਸਾਲਾਂ ਬਾਦ ਵੀ ਇੰਝ ਜਾਪਦਾ ਹੈ ਕਿ ਦੇਸ਼ ਵਿੱਚ ਮੰਤਰੀਆਂ ਨੂੰ ਘੋਟਾਲੇ ਕਰਨ ਦੀ ਆਜ਼ਾਦੀ, ਸਰਕਾਰੀ ਕਰਮਚਾਰੀਆਂ ਅਤੇ ਅਫਸਰਾਂ ਨੂੰ ਰਿਸ਼ਵਤ ਲੈਣ ਦੀ ਆਜ਼ਾਦੀ, ਮਿਲਾਵਟਖੋਰਾਂ ਨੂੰ ਮਿਲਾਵਟ ਕਰਨ ਦੀ ਆਜ਼ਾਦੀ, ਡਾਕਟਰਾਂ ਨੂੰ ਮਰੀਜ਼ਾਂ ਦੀ ਜਾਨ ਨਾਲ ਖੇਡਣ ਦੀ ਆਜ਼ਾਦੀ, ਪੁਲਿਸ ਨੂੰ ਜਨਤਾ ਤੇ ਅਤਿਆਚਾਰ ਕਰਨ ਦੀ ਆਜ਼ਾਦੀ, ਠੇਕੇਦਾਰਾਂ ਨੂੰ ਘਟੀਆਂ ਨਿਰਮਾਣ ਕਰਨ ਦੀ ਆਜ਼ਾਦੀ, ਸਰਕਾਰੀ ਅਧਿਆਪਕਾਂ ਨੂੰ ਵਿਦਿੱਅਕ ਅਦਾਰਿਆਂ ਵਿੱਚ ਨਾ ਪੜ੍ਹਾਉਣ ਆਦਿ ਦੀ ਆਜ਼ਾਦੀ ਮਿਲੀ ਹੋਈ ਹੈ। ਬਹੁਤੇ ਜਨਤਕ ਅਦਾਰੇ ਜਿਹੜੇ ਜਨਤਾ ਦੇ ਦਿੱਤੇ ਟੈਕਸਾਂ ਨਾਲ ਬਣਾਏ ਗਏ ਹਨ ਨੂੰ ਪ੍ਰਾਈਵੇਟ ਹੱਥਾਂ ਕੋਲ ਕੋਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ ਅਤੇ ਇਨ੍ਹਾਂ ਨੂੰ ਖਰੀਦਣ ਵਾਲੇ ਵੀ ਮੰਤਰੀਆਂ ਦੇ ਰਿਸ਼ਤੇਦਾਰ ਅਤੇ ਸੰਗੀ ਸਾਥੀ ਹੀ ਹਨ। ਦੇਸ਼ ਦੇ ਵਿਕਾਸ ਵਿੱਚ ਵੱਡਾ ਹਿੱਸਾ ਪਾਣ ਵਾਲੇ ਕਿਸਾਨ ਅਤੇ ਮਜਦੂਰ ਸਰਕਾਰਾਂ ਦੀਆਂ ਬਦਨੀਤੀਆਂ ਕਾਰਨ ਆਤਮ ਹੱਤਿਆਵਾਂ ਕਰਨ ਲਈ ਮਜਬੂਰ ਹਨ ਅਤੇ ਸਰਕਾਰਾਂ ਫੋਕੇ ਵਿਕਾਸ ਦੇ ਦਾਅਵੇ ਕਰ ਰਹੀਆਂ ਹਨ। ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਧਰਮ ਅਧਾਰਿਤ ਅਤੇ ਜਾਤ ਅਧਾਰਿਤ ਹੋਏ ਦੰਗਿਆ ਕਾਰਨ ਅਤੇ ਘੱਟ ਗਿਣਤੀਆਂ ਤੇ ਹੋ ਰਹੇ ਹਮਲਿਆਂ ਕਾਰਨ ਬਹੁਤੇ ਲੋਕ ਅਪਣੇ ਆਪ ਨੂੰ ਹੁਣ ਵੀ ਗੁਲਾਮ ਹੀ ਸਮਝਣ ਲੱਗ ਪਏ ਹਨ ਜੋ ਸਾਡੇ ਸਭ ਲਈ ਚਿੰਤਾ ਦਾ ਵਿਸ਼ਾ ਹੈ। ਕਈ ਸਥਾਨਾਂ ਤੇ ਸਰਕਾਰੀ ਸਿਸਟਮ ਤੋਂ ਵਿਸਵਾਸ਼ ਉਠਣ ਕਾਰਨ ਲੋਕ ਅਪਣੇ ਫੈਸਲੇ ਅਪਣੇ ਤਰੀਕੇ ਨਾਲ ਕਰਨ ਲੱਗ ਪਏ ਹਨ। ਵਿਕਾਸ ਦਾ ਅਧਾਰ ਮੰਨੇ ਜਾਂਦੇ ਵਿਦਿਅਕ ਅਤੇ ਸਿਹਤ ਅਦਾਰਿਆਂ ਨੂੰ ਵੀ ਸਰਕਾਰਾਂ ਨੇ ਨਿੱਜੀ ਹੱਥਾਂ ਵਿੱਚ ਦੇਕੇ ਲੋਕਾਂ ਦੀ ਲੁੱਟ ਕਰਨ ਦੀ ਖੁੱਲ ਦਿਤੀ ਹੋਈ ਹੈ। ਅੱਜ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ। ਦੇਸ਼ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਦੇ ਸੁਪਨੇ ਉਦੋਂ ਹੀ ਪੂਰੇ ਹੋਣਗੇ ਜਦੋਂ ਦੇਸ਼ ਦਾ ਇੱਕ ਆਮ ਵਿਅਕਤੀ ਵੀ ਸਮਾਜਿਕ, ਆਰਥਿਕ, ਰਾਜਨੀਤਿਕ ਤੋਰ ਤੇ ਅਜਾਦ ਹੋਵੇਗਾ, ਸਮਾਜਿਕ ਤੇ ਆਰਥਿਕ ਪਾੜਾ ਘੱਟ ਹੋਵੇਗਾ, ਆਮ ਲੋਕਾਂ ਦੀਆਂ ਸਮਸਿਆਵਾਂ ਦੇ ਹੱਲ ਅਤੇ ਵਿਕਾਸ ਲਈ ਸਰਕਾਰਾਂ ਤਨਦੇਹੀ ਨਾਲ ਕੰਮ ਕਰਨਗੀਆਂ, ਦੇਸ਼ ਵਿਚੋਂ ਭੁੱਖਮਰੀ ਖਤਮ ਹੋ ਜਾਵੇਗੀ, ਕੋਈ ਵੀ ਨਾਗਰਿਕ ਇਲਾਜ ਲਈ ਨਹੀਂ ਤਰਸੇਗਾ, ਜਾਤ ਅਤੇ ਧਰਮ ਦੇ ਅਧਾਰ ਤੇ ਹੋ ਰਿਹਾ ਵਿਤਕਰਾ ਖਤਮ ਹੋ ਜਾਵੇਗਾ।

ਅਜਾਦੀ ਦਾ ਸਮੇਂ ਸਮੇਂ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਵਿਰੋਧ ਕੀਤਾ ਗਿਆ ਹੈ ਅਤੇ ਸਰਕਾਰ ਨੂੰ ਅਜਾਦੀ ਦਿਵਸ ਮੌਕੇ ਵਿਸੇਸ ਸੁਰੱਖਿਆ ਪ੍ਰਬੰਧ ਕਰਨੇ ਪਏ ਹਨ। ਅੱਜ ਅਜ਼ਾਦੀ ਦਿਵਸ ਤੇ ਸਰਕਾਰਾਂ ਅਤੇ ਲੋਕਾਂ ਨੂੰ ਇਹ ਨਿਸਚੈ ਕਰਨਾ ਹੋਵੇਗਾ ਕਿ ਇਸ ਅਜ਼ਾਦੀ ਦੀ ਹਵਾ ਦੇਸ਼ ਦੇ ਹਰ ਨਾਗਰਿਕ ਤੱਕ ਪਹੁੰਚਾਣ ਲਈ ਕੰਮ ਕਰਾਂਗੇ ਤਾਂ ਜੋ ਸਹੀ ਅਰਥਾਂ ਵਿੱਚ ਦੇਸ਼ ਵਿਕਸਿਤ ਹੋ ਸਕੇ ਅਤੇ ਅਜਾਦੀ ਦਾ ਆਨੰਦ ਹਰ ਭਾਰਤਵਾਸੀ ਮਾਣ ਸਕੇ ਅਤੇ ਸਭ ਤੋਂ ਵੱਡਾ ਲੋਕਤੰਤਰਿਕ ਭਾਰਤ ਦੇਸ਼ ਸਹੀ ਅਰਥਾਂ ਵਿੱਚ ਮਹਾਨ ਬਣ ਸਕੇ।


### 14 ਅਗਸਤ ਨੂੰ ਸਾਲਾਨਾ ਜੋੜ ਮੇਲੇ 'ਤੇ ਵਿਸ਼ੇਸ਼

# ਇਤਿਹਾਸਕ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਕੋਟਾਂ, ਲੁਧਿਆਣਾ



ਤਸਵਿੰਦਰ ਸਿੰਘ ਬੜੈਚ
91-98763-22677

'ਜਿਥੈ ਜਾਇ ਬਹਿ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ ਰਾਮ ਰਾਜੇ' ਦੇ ਮਹਾਂਵਾਕ ਅਨੁਸਾਰ ਜਿੱਥੇ ਜਿੱਥੇ ਵੀ ਗੁਰੂ ਸਾਹਿਬਾਨਾਂ ਨੇ ਆਪਣੇ ਪਵਿੱਤਰ ਚਰਨ ਪਾਏ ਉਹ ਅਸਥਾਨ ਪੂਜਣਯੋਗ ਹੋ ਗਏ। ਇਸੇ ਤਰ੍ਹਾਂ ਦਾ ਇਕ ਇਤਿਹਾਸਕ ਅਸਥਾਨ ਹੈ,ਗੁਰਦੁਆਰਾ ਮੰਜੀ ਸਾਹਿਬ ਕੋਟਾਂ। ਇਹ ਗੁਰਦੁਆਰਾ ਸਾਹਿਬ ਲੁਧਿਆਣਾ ਅੰਬਾਲਾ ਰੋਡ 'ਤੇ ਸਥਿਤ ਕਸਬਾ ਬੀਜਾ ਤੋਂ ਕੁੱਝ ਕਿਲੋਮੀਟਰ ਦੀ ਦੂਰੀ 'ਤੇ ਨੈਸਨਲ ਹਾਈਵੇ 1 'ਤੇ ਸੁਭਾਇਮਾਨ ਹੈ। ਜਿਸ ਦੀ ਸੁੰਦਰ ਇਮਾਰਤ ਕਾਫੀ ਦੂਰ ਤੋਂ ਦਿਖਾਈ ਦਿੰਦੀ ਹੈ। ਗੁਰਦੁਆਰਾ ਸਾਹਿਬ ਦਾ ਇਤਿਹਾਸਕ ਵੇਰਵਾ ਇਸ ਤਰ੍ਹਾਂ ਹੈ ਕਿ 12 ਅਗਸਤ 1953 ਨੂੰ ਸਰਦਾਰ ਹਰਭਜਨ ਸਿੰਘ ਪੁੱਤਰ ਬਾਬਾ ਕ੍ਰਿਪਾਲ ਸਿੰਘ ਅਤੇ ਇਨ੍ਹਾਂ ਦਾ ਸੀਰੀ ਗੁਰਦੇਵ ਸਿੰਘ ਦੋਵੇਂ ਹੀ ਹਲ ਚਲਾ ਰਹੇ ਸੀ। ਆਖਰੀ ਸਿਆੜਾਂ ਵੇਲੇ ਗੁਰਦੇਵ ਸਿੰਘ ਦੇ ਹਲ ਦਾ ਫਾਲਾ ਮੰਜੀ ਸਾਹਿਬ ਦੇ ਵਿਚ ਦੋ ਤਿੰਨ ਵਾਰ ਲੱਗਿਆ, ਬਲਦ ਤੇ ਗੁਰਦੇਵ ਸਿੰਘ ਕੁੱਝ ਡਰੇ, ਹਲ ਵਾਹੁਣਾ ਬੰਦ ਕਰਕੇ ਵਾਪਸ ਘਰ ਪਰਤ ਗਏ। ਘਰ ਜਾ ਕੇ ਬਾਬਾ ਕ੍ਰਿਪਾਲ ਸਿੰਘ ਪਾਸ ਇਹ ਜਿਕਰ



ਕੀਤਾ। ਬਾਬਾ ਜੀ ਗੁਰੂ ਘਰ ਦੇ ਸਰਧਾਲੂ ਸਿੱਖ ਇਤਿਹਾਸ ਦੇ ਜਾਣੂ ਚਾਰੇ ਕੋਟਾਂ ਵਿਚ ਵੱਡੀ ਉਮਰ ਦੇ ਬਜੁਰਗ ਸਨ। ਉਨ੍ਹਾਂ ਇਲਾਕੇ ਦੀਆਂ ਸੰਗਤਾਂ ਨੂੰ ਇਕੱਠਾ ਕੀਤਾ ਤੇ ਜਗ੍ਹਾਂ ਪੁੱਟ ਕੇ ਵੇਖੀ ਤਾਂ ਪਵਿੱਤਰ ਮੰਜੀ ਸਾਹਿਬ ਦੇ ਦਰਸਨ ਹੋਏ ਅਤੇ ਉਨ੍ਹਾਂ ਕਿਹਾ ਕਿ ਇਹ ਆਸਣ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਾਤਸਾਹੀ ਛੇਵੀਂ ਦਾ ਹੈ। ਉਨ੍ਹਾਂ ਨੇ ਆਪਣੇ ਪਵਿੱਤਰ ਚਰਨ ਇਸ ਥਾਂ ਤੇ ਪਾਏ ਸਨ, ਜਦੋਂ ਗਵਾਲੀਅਰ ਕਿਲ੍ਹੇ 'ਚੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਰਿਹਾਅ ਹੋ ਕੇ ਜਹਾਂਗੀਰ ਦੇ ਨਾਲ ਇਸ ਅਸਥਾਨ 'ਤੇ ਬਿਰਾਜੇ ਸਨ। ਗੁਰਦੁਆਰਾ ਮੰਜੀ ਸਾਹਿਬ ਕੋਟਾਂ ਵਿਖੇ ਜਿਥੇ ਹਰ ਮਹੀਨੇ ਸੰਗਰਾਂਦ ਦਾ ਦਿਹਾੜਾ ਬੜੀ ਸਰਧਾ ਨਾਲ ਮਨਾਇਆ ਜਾਂਦਾ ਹੈ ਉਥੇ ਹਰ ਸਾਲ 12 ਤੋਂ 14 ਅਗਸਤ ਤੱਕ ਇਸ ਅਸਥਾਨ 'ਤੇ ਤਿੰਨ ਰੋਜਾ ਭਾਰੀ ਜੋੜ ਮੇਲਾ ਵੀ ਲੱਗਦਾ ਹੈ। ਜਿਸ ਵਿਚ ਰਾਗੀ, ਢਾਡੀ, ਕਥਾਵਾਚਕ, ਪ੍ਰਚਾਰਕ, ਕਵੀਸਰੀ ਜੱਥੇ ਅਤੇ ਮਹਾਨ ਵਿਦਵਾਨ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਦੂਰ ਦੁਰਾਂਡੇ ਲੱਖਾਂ ਸੰਗਤਾਂ ਇਸ ਸਾਲਾਨਾ ਜੋੜ ਮੇਲੇ 'ਚ ਹਾਜਰੀ ਭਰਦਿਆ ਇਸ ਪਾਵਨ ਅਸਥਾਨ 'ਤੇ ਸਰਧਾ ਸਹਿਤ ਨਮਸਤਕ ਹੁੰਦੀਆ ਹਨ। ਇਤਿਹਾਸਕ ਗੁਰਦੁਆਰਾ ਛੇਵੀਂ ਪਾਤਸਾਹੀ ਸ੍ਰੀ ਮੰਜੀ ਸਾਹਿਬ ਕੋਟਾਂ ਇਕ ਸੰਸਾਰ ਪ੍ਰਸਿੱਧ ਤੀਰਥ ਅਸਥਾਨ ਬਣ ਚੁੱਕਾ ਹੈ। ਗੁਰਦੁਆਰਾ ਸਾਹਿਬ ਵਿਖੇ 24 ਘੰਟੇ ਗੁਰੂ ਕਾ ਲੰਗਰ ਵੀ ਸੰਗਤਾਂ ਨੂੰ ਛਕਾਇਆ ਜਾਂਦਾ ਹੈ, ਯਾਤਰੂਆਂ ਦੇ ਠਹਿਰਣ ਲਈ ਸਰਾਂ ਵੀ ਬਣੀ ਹੋਈ ਹੈ। ਇਥੋਂ ਦੇ ਪ੍ਰਬੰਧਾਂ ਦੀ ਦੇਖ ਰੇਖ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਕਰ ਰਹੀ ਹੈ।

# ਸ਼ਹੀਦ ਸੁੱਖਾ ਸਿੰਘ- ਮਹਿਤਾਬ ਸਿੰਘ (11 ਅਗਸਤ 1740)



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਮੁਗਲਾਂ ਨੇ ਸਿੰਘਾਂ ਤੇ ਤਸ਼ੱਦਦ ਦੀ ਇਕ ਮੁਹਿੰਮ ਹੀ ਚਲਾ ਦਿੱਤੀ। ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਦੇ ਖੂਨੀ ਇਰਾਦੇ ਨੇ ਸਿੰਘਾਂ ਨੂੰ ਮੁਕਾਉਣ ਦਾ ਐਲਾਨ ਕਰ ਦਿੱਤਾ। ਸਿੰਘ ਇਹਨਾਂ ਜ਼ੁਲਮਾਂ ਤੋਂ ਬਚਣ ਲਈ ਲੱਖੀ ਜੰਗਲ, ਰਾਜਪੂਤਾਨੇ ਦੇ ਰੇਗਿਸਤਾਨ ਅਤੇ ਕਾਹਨੂੰਵਾਨ ਦੇ ਛੰਬ ਵਿਚ ਚਲੇ ਗਏ। ਹਕੂਮਤ ਨੇ ਹਰਿਮੰਦਰ ਸਾਹਿਬ 'ਤੇ ਕਬਜ਼ਾ ਕਰਕੇ ਮੰਡਿਆਲੀ ਦੇ ਚੌਧਰੀ 'ਮੱਸਾ ਰੰਘੜ' ਨੂੰ ਸੌਂਪ ਦਿੱਤਾ। ਹਕੂਮਤ ਦੀ ਸ਼ਹਿ ਤੇ ਉਸ ਭ੍ਰਿਸ਼ਟ ਨੇ ਗੁਰਮਰਿਆਦਾ ਨੂੰ ਪਰੇ ਕਰ ਆਪਣੀਆਂ ਭ੍ਰਿਸ਼ਟ ਮਨਮਾਨੀਆਂ ਸ਼ੁਰੂ ਕਰ ਦਿੱਤੀਆਂ ਕਿ ਹਰਿਮੰਦਰ ਸਾਹਿਬ ਵਿਚ ਹੁੱਕਾ ਪੀਣਾ, ਵੇਸ਼ਵਾਵਾਂ ਦੇ ਨਾਚ ਕਰਵਾਉਣਾ, ਸ਼ਰਾਬ ਦੀਆਂ ਮਜਲਿਸਾਂ ਸਜਣ ਲੱਗੀਆਂ।

ਸਿੱਖਾਂ ਵਿਚ ਗੁੱਸੇ ਦੀ ਲਹਿਰ ਦੌੜ ਪਈ। ਪਿੰਡ ਕੰਗ ਦੇ ਭਾਈ ਬਲਾਕਾ ਸਿੰਘ ਨੇ ਹਰਿਮੰਦਰ ਸਾਹਿਬ ਦੀ ਹੋ ਰਹੀ ਬੇਅਦਬੀ ਦੀ ਖਬਰ ਬੀਕਾਨੇਰ ਦੇ ਰੇਗਿਸਤਾਨ ਵਿਚ ਵੱਸੇ ਸਿੰਘਾਂ ਨੂੰ ਜਾ ਦਿੱਤੀ। ਇਸ 'ਤੇ ਸਿੰਘਾਂ ਦਾ ਖੂਨ ਖੋਲ੍ਹਣ ਲੱਗਾ ਕਿ ਸਿਰ ਵਾਰ ਕੇ ਵੀ ਧਰਮ ਦੀ ਰਾਖੀ ਕੀਤੀ ਜਾਵੇ। ਜਥੇਦਾਰ ਬੁੱਢਾ ਸਿੰਘ ਜੀ ਨੇ ਕਿਹਾ ਕਿ ਜਿਹੜਾ ਮੱਸਾ ਰੰਘੜ ਦਾ ਸਿਰ ਵੱਢ ਕੇ ਲਿਆਵੇਗਾ, ਉਹ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੇਗਾ। ਇਹ ਵੰਗਾਰ ਸੁਣ ਕੇ ਦੀਵਾਨ ਵਿਚੋਂ ਪਿੰਡ 'ਮਾੜੀ ਕੰਬੋਕੀ' ਦੇ ਭਾਈ ਸੁੱਖਾ ਸਿੰਘ ਤੇ ਮੀਰਾਂਕੋਟ ਦੇ ਭਾਈ ਮਹਿਤਾਬ ਸਿੰਘ ਨੇ ਕਿਹਾ ਕਿ ਸਾਡੇ ਚੰਗੇ ਭਾਗ ਹੋਣਗੇ ਕਿ ਅਸੀਂ 'ਮੱਸਾ ਰੰਗੜ' ਦਸ ਸਿਰ ਵੱਢ ਕੇ ਭੇਟ ਕਰੀਏ। ਇਸ ਵਿਚ ਭਾਵੇਂ ਸਾਨੂੰ ਸ਼ਹੀਦ ਹੀ ਕਿਉਂ ਨਾ ਹੋਦਾ ਪਵੇ।

ਅਰਦਾਸਾ ਸੋਧ ਕੇ ਦੋਵੇਂ ਸੂਰਬੀਰ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਚੌਧਰੀਆਂ ਦਾ ਭੇਸ ਵਟਾ ਕੇ ਘੋੜਿਆਂ ਤੇ ਸਵਾਰ ਹੋ ਕੇ ਦੁਸ਼ਟ ਮੱਸਾ ਰੰਗੜ ਨੂੰ ਖਤਮ ਕਰਨ ਲਈ ਚੱਲ ਪਏ। ਰਸਤੇ ਵਿਚ ਉਹਨਾਂ ਇਕ ਖੂਹ 'ਤੇ ਟਿਕਾਣਾ ਕੀਤਾ। ਉਹ ਸਲਾਹ ਕਰਨ ਲੱਗੇ ਕਿ ਇਹ ਉਪਰਾਲਾ ਕਿਵੇਂ ਕੀਤਾ ਜਾਵੇ। ਉਹਨਾਂ ਨੇ ਨੇੜਲੇ ਘੁੰਮਿਆਰ ਦੇ ਆਵੇ ਤੋਂ ਘੜੇ ਖਰੀਦ ਕੇ ਉਹਨਾਂ ਨੂੰ ਭੰਨ ਕੇ ਠੀਕਰੀਆਂ ਬਣਾ ਲਈਆਂ। ਠੀਕਰੀਆਂ ਥੈਲੀਆਂ ਵਿਚ ਪਾ ਲਈਆਂ ਕਿ ਉਹਨਾਂ ਦੀ ਟੁਨਕਾਰ ਤੋਂ ਮੋਹਰਾਂ ਜਾਪਣਗੀਆਂ। ਰਾਤ ਆਰਾਮ ਕੀਤਾ, ਸਵੇਰ ਹੁੰਦਿਆਂ ਹੀ ਥੈਲੀਆਂ ਲੈ ਕੇ ਘੋੜਿਆਂ 'ਤੇ ਸਵਾਰ ਹੋ ਕੇ ਅੰਮ੍ਰਿਤਸਰ ਵੱਲ ਚੱਲ ਪਏ।

ਪਹਿਰਾਵੇ ਤੋਂ ਉਹ ਕਿਸੇ ਪਿੰਡ ਦੇ ਵੱਡੇ ਚੌਧਰੀ ਜਾਪਦੇ ਸਨ। ਦੁਪਹਿਰ ਵੇਲੇ ਮੁਗਲ ਫੌਜ ਦਾ ਆਰਾਮ ਦਾ ਵੇਲਾ ਸੀ। ਉਹ ਘੋੜਿਆਂ ਸਮੇਤ ਪ੍ਰਕਰਮਾ ਵਿਚ ਪਹੁੰਚ ਗਏ। ਪਹਿਰੇਦਾਰਾਂ ਸਮਝਿਆ ਕਿ ਇਹ ਕੋਈ ਚੌਧਰੀ ਹਨ ਜੋ ਮਾਮਲਾ ਤਾਰਨ ਆਏ ਹੋਣਗੇ। ਬਿਨਾਂ ਕਿਸੇ ਰੁਕਾਵਟ ਦੇ ਘੋੜਿਆਂ ਨੂੰ ਲਾਚੀਬੇਰ ਨਾਲ ਬੰਨ੍ਹਿਆ। ਹੱਥ ਵਿਚ ਕਿਰਪਾਨਾਂ ਤੇ ਮੋਢੇ ਤੇ ਥੈਲੀਆਂ ਲੈ ਕੇ ਹਰਿਮੰਦਰ ਸਾਹਿਬ ਵੱਲ ਵਧ ਪਏ।

ਮੱਸਾ ਰੰਗੜ ਪਲੰਗ ਤੇ ਬੈਠਾ ਹੁੱਕਾ ਪੀ ਰਿਹਾ ਸੀ। ਵੇਸ਼ਵਾ ਦਾ ਨਾਚ ਹੋ ਰਿਹਾ ਸੀ। ਸ਼ਰਾਬ ਦਾ ਦੌਰ ਚੱਲ ਰਿਹਾ ਸੀ। ਹਕੂਮਤ ਨੂੰ ਖੁਸ਼ ਕਰਨ ਲਈ ਇਹ ਉਸ ਦਾ ਨਿੱਤ ਦਾ ਹੀ ਕੰਮ ਸੀ। ਦੋਵੇਂ ਸਿੰਘ ਕਚੀਚੀ ਵੱਟ ਮੱਸਾ ਰੰਗੜ ਨੂੰ ਜਾ ਮਿ। ਭਾਈ ਸੁੱਖਾ ਸਿੰਘ ਨੇ ਕਿਹਾ ਕਿ ਬੜੇ ਚਿਰ ਦਾ ਹਿਸਾਬ ਬਕਾਇਆ ਸੀ, ਚੁਕਾਉਣ ਆਏ ਹਾਂ। ਸਿੰਘ ਨੇ ਥੈਲੀਆਂ ਪਲੰਗ ਹੇਠ ਵਗਾਹ ਮਾਰੀਆਂ। ਮੱਸਾ ਰੰਗੜ ਨੇ ਜਦ ਹੀ ਥੈਲੀਆਂ ਚੁੱਕਣ ਲਈ ਸਿਰ ਝੁਕਾਇਆ ਤਾਂ ਮਹਿਤਾਬ ਸਿੰਘ ਨੇ ਬੜੀ ਫੁਰਤੀ ਨਾਲ ਕਿਰਪਾਨ ਕੱਢ ਕੇ ਮੱਸਾ ਰੰਗੜ ਦਾ ਸਿਰ ਵੱਢ ਲਿਆ। ਜੁੜੀ ਭੀੜ ਵਿਚ ਘਬਰਾਹਟ ਫੈਲ ਗਈ, ਕਿਸੇ ਨੂੰ ਸਮਝ ਆਉਣ ਤੋਂ ਪਹਿਲਾਂ ਹੀ ਸਿਰ ਨੂੰ ਸੰਭਾਲ ਕੇ ਦੋਹਾਂ ਨੇ ਲਾਚੀ ਬੇਰ ਨਾਲ ਬੱਧੇ ਘੋੜਿਆਂ ਕੋਲ ਆ ਕੇ ਸਿਰ ਨੂੰ ਨੇਜ਼ੇ ਤੇ ਟੰਗ ਲਿਆ। ਬਿਜਲੀ ਵਾਂਗ ਘੋੜੇ ਦੁੜਾ ਕੇ ਪ੍ਰਕਰਮਾ ਤੋਂ ਬਾਹਰ ਆ ਗਏ। ਉਹਨਾਂ ਨੇ ਮੱਸਾ ਰੰਗੜ ਦੇ ਪਾਪਾਂ ਦਾ ਮਹਿਲ ਢਾਹ ਦਿੱਤਾ ਸੀ।



ਬੀਕਾਨੇ'ਰ ਪਹੁੰਚ ਕੇ ਸਜੇ ਦੀਵਾਨ ਵਿਚ ਸੰਗਤਾਂ ਦੀ ਹਾਜ਼ਰੀ ਵਿਚ ਮੱਸਾ ਰੰਗੜ ਦਾ ਸਿਰ ਜਥੇਦਾਰ ਨੂੰ ਭੇਟ ਕੀਤਾ। ਸੰਗਤਾਂ ਨੇ ਜੈਕਾਰੇ ਬੋਲ ਕੇ ਜੋਸ਼ ਦਾ ਇਜਹਾਰ ਕੀਤਾ। ਮੁਗਲ ਸਰਕਾਰ ਲਈ ਇਹ ਬੜੀ ਸ਼ਰਮ ਦੀ ਗੱਲ ਸੀ। ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਨੇ ਦਰਸਾ ਦਿੱਤਾ ਕਿ ਗੁਰ ਅਸਥਾਨ ਸਿੱਖਾਂ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰੇ ਹਨ। ਉਹ ਮਰ ਕੇ ਵੀ ਜਿਉਂਦੇ ਹਨ, ਜਿਹੜੇ ਧਰਮ ਲਈ ਮਰ ਮਿਟਦੇ ਹਨ। ਗੁਰੂ ਦੇ ਰਾਹ 'ਤੇ ਚਲਦਿਆਂ ਸੀਸ ਵਾਰ ਕੇ ਜਿਊਣ ਮਰਨ ਸਫਲ ਕਰ ਲੈਂਦੇ ਹਨ।

### ਦੋਵੇਂ ਸੂਰਬੀਰਾਂ ਦਾ ਸੰਖੇਪ ਜੀਵਨ

### ਭਾਈ ਸੁੱਖਾ ਸਿੰਘ

ਭਾਈ ਸੁੱਖਾ ਸਿੰਘ ਦਾ ਜਨਮ ਇਕ ਤਰਖਾਣ ਪਰਿਵਾਰ ਵਿਚ ਪਿਤਾ ਲੱਧਾ ਅਤੇ ਬੀਬੀ ਹਰੋ ਦੇ ਘਰ ਪਿੰਡ ਮਾੜੀ ਕੰਬੋਕੀ ਵਿਖੇ ਹੋਇਆ। ਬਚਪਨ ਤੋਂ ਹੀ ਉਹ ਸਿੱਖੀ ਸੁਭਾਅ ਦੇ ਸਨ ਤੇ ਅੰਮ੍ਰਿਤ ਛਕ ਕੇ ਸਿੰਘ ਸੱਜ ਗਏ ਸਨ। ਸੰਗਤਾਂ ਦੀ ਸੇਵਾ ਖੁਸ਼ੀ ਖੁਸ਼ੀ ਕਰਦੇ ਸਨ। ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਵੀ ਅੱਗੇ ਹੋ ਕੇ ਕਰਦੇ ਸਨ। ਸੇਵਾ ਵਾਸਤੇ ਹਮੇਸ਼ਾ ਤਿਆਰ ਬਰ ਤਿਆਰ ਰਹਿੰਦੇ ਸਨ। ਕਦੇ ਵੀ ਥੱਕਦੇ ਨਹੀਂ ਸਨ। ਸਿੱਖਾਂ ਦੀ ਮਦਦ ਕਰਨ ਦੇ ਸ਼ੱਕ ਵਿਚ ਹਾਕਮਾਂ ਨੇ ਉਹਨਾਂ ਨੂੰ ਗ੍ਰਿਫਤਾਰ ਕਰਨਾ ਚਾਹਿਆ। ਜਦ ਪਿੰਡ ਪਹੁੰਚੇ ਤਾਂ ਉਹ ਮਿਲੇ ਨਹੀਂ ਤਾਂ ਬਚ ਗਏ। ਪਰ ਪਰਿਵਾਰ ਵਾਲੇ ਬਹੁਤ ਡਰ ਗਏ ਕਿ ਇਸ ਦੀ ਸਿੱਖੀ ਪਰਿਵਾਰ ਲਈ ਹਮੇਸ਼ਾ ਖਤਰਾ ਹੈ। ਪਰਿਵਾਰ ਨੇ ਭਾਈ ਸਾਹਿਬ ਦੇ ਸ਼ੁਤਿਆਂ ਦੇ ਕੇਸ ਕਤਲ ਕਰ ਦਿੱਤੇ। ਭਾਈ ਸਾਹਿਬ ਨੇ ਗੁੱਸੇ ਵਿਚ ਆ ਕੇ ਖੂਹ ਵਿਚ ਛਾਲ ਮਾਰ ਦਿੱਤੀ। ਪਾਣੀ ਘੱਟ ਹੋਣ ਕਰਕੇ ਬਚਾਅ ਹੋ ਗਿਆ। ਇਕ ਸਿੰਘ ਨੇ ਵੰਗਾਰਿਆ ਕਿ ਜੇ ਮਰਨਾ ਹੀ ਹੈ ਤਾਂ ਕਿਸੇ ਦੁਸ਼ਮਣ ਦੇ ਸਿਰ ਚੜ੍ਹ ਕੇ ਮਰ।

ਇਸ ਵੰਗਾਰ ਦਾ ਭਾਈ ਸਾਹਿਬ ਦੇ ਦਿਲ 'ਤੇ ਡੂੰਘਾ ਅਸਰ ਹੋਇਆ। ਕੁਝ ਦਿਨਾਂ ਬਾਅਦ ਸਰਦਾਰ ਸ਼ਾਮ ਸਿੰਘ ਦੇ ਜਥੇ ਨਾਲ ਜਾ ਰਲੇ, ਦੁਬਾਰਾ ਅੰਮ੍ਰਿਤ ਛੱਕ ਕੇ ਫਿਰ ਸਿੰਘ ਸੱਜ ਗਏ। ਉਹਨਾਂ ਦੀ ਸ਼ਸ਼ਤਰ ਚਲਾਉਣ ਵਿਚ ਬੜੀ ਮੁਹਾਰਤ ਸੀ। ਪੱਕੇ ਨਿਸ਼ਾਨਚੀ ਸਨ, ਦ੍ਰਿੜ੍ਹ ਅਤੇ ਬਹਾਦਰ ਸਨ।

ਸੰਨ 1739 ਵਿਚ ਨਾਦਰਸ਼ਾਹ ਦਿੱਲੀ ਲੁੱਟ ਕੇ ਪਰਤ ਰਿਹਾ ਸੀ ਤਾਂ ਸਿੰਘਾਂ ਨੇ ਉਸਦੀ ਫੌਜ ਨੂੰ ਹੀ ਲੁੱਟ ਲਿਆ। ਇਸ 'ਤੇ ਲਾਹੌਰ ਦੇ ਸੂਬੇਦਾਰ ਜਕਰੀਆ ਖਾਨ ਨੇ ਸਿੱਖਾਂ 'ਤੇ ਬੜੀ ਸਖਤੀ ਵਧਾ ਦਿੱਤੀ। ਕੋਈ ਵੀ ਸਿੰਘ ਸਰੋਵਰ ਵਿਚ ਇਸ਼ਨਾਨ ਨਹੀਂ ਕਰ ਸਕਦਾ ਸੀ। ਹਰਿਮੰਦਰ ਸਾਹਿਬ ਤੇ ਹਕੂਮਤ ਦਾ ਕਬਜ਼ਾ ਹੋ ਗਿਆ। ਭਾਈ ਸੁੱਖਾ ਸਿੰਘ ਤੇ ਭਾਈ ਮਨੀ ਸਿੰਘ ਜੀ ਦਾ ਭਤੀਜਾ ਥਰਾਜ਼ ਸਿੰਘ ਜਥਾ ਲੈ ਕੇ ਜਥੇ ਦੇ ਸਿੰਘਾਂ ਨੂੰ ਦਰਵਾਜ਼ੇ ਅੱਗੇ ਪਹਿਰੇ ਲਈ ਛੱਡ ਕੇ ਆਪ ਇਸ਼ਨਾਨ ਕਰਕੇ ਫਿਰ ਜਥੇ ਨਾਲ ਆਣ ਰਲੇ। ਕਾਜ਼ੀ ਅਤੇ ਉਸਦੇ ਪੁੱਤਰ ਨੇ ਪਿੱਛਾ ਕੀਤਾ ਜੋ ਸਿੰਘਾਂ ਹੱਥੋਂ ਮਾਰੇ ਗਏ।

1746 ਦੇ ਛੋਟੇ ਘੱਲੂਘਾਰੇ ਵੇਲੇ ਭਾਈ ਸੁੱਖਾ ਸਿੰਘ ਕਾਹਨੂੰਵਾਨ ਦੇ ਛੰਬ ਵਿਚ ਤਾਇਨਾਤ ਸੀ। ਇਕ ਦਿਨ ਭਾਈ ਸੁੱਖਾ ਸਿੰਘ ਨੂੰ ਸੁੱਝੀ ਕੀ ਦੀਵਾਨ ਲਖਪਤ ਰਾਏ 'ਤੇ ਹਮਲਾ ਕੀਤਾ ਜਾਵੇ। ਸਿੰਘਾਂ ਨੇ ਲਖਪਤ ਰਾਏ ਦੀ ਫੌਜ 'ਤੇ ਹੱਲਾ ਬੋਲ ਦਿੱਤਾ। ਭਾਈ ਸੁੱਖਾ ਸਿੰਘ ਨੇ ਲਖਪਤ ਰਾਏ 'ਤੇ ਹਮਲਾ ਕਰਨਾ ਚਾਹਿਆ, ਪਰ ਉਸ ਤੱਕ ਪਹੁੰਚ ਨਾ ਸਕਿਆ। ਇਸ ਖੂਨੀ ਲੜਾਈ ਵਿਚ ਮੁਗਲਾਂ ਦੇ ਨਾਮੀ ਜਰਨੈਲ ਮਾਰੇ ਗਏ। ਭਾਈ ਸੁੱਖਾ ਸਿੰਘ ਦੀ ਲੱਤ ਟੁੱਟ ਗਈ। ਘੱਲੂਘਾਰੇ ਖਤਮ ਹੋਣ ਤੇ ਜਥਾ ਜੈਤੋ ਪਹੁੰਚ ਕੇ ਲੱਤ ਬਣਵਾਈ।

ਅਹਿਮਦ ਸ਼ਾਹ ਅਬਦਾਲੀ 1747 ਈ: ਵਿਚ ਕੁਝ ਫੌਜ ਲਾਹੌਰ ਛੱਡ ਗਿਆ। ਫੌਜ ਦੀ ਭਾਈ ਸੁੱਖਾ ਸਿੰਘ ਦੇ ਜਥੇ ਨਾਲ ਝੜੱਪ ਹੋ ਗਈ। ਭਾਈ ਸੁੱਖਾ ਸਿੰਘ ਕੱਲੇ-ਕੱਲੇ ਦੀ ਲੜਾਈ ਵਿਚ ਮੈਦਾਨ ਵਿਚ ਨਿੱਤਰਿਆ। ਪਠਾਣ ਨਾਲ ਹੋਈ ਝੜੱਪ ਵਿਚ ਪਠਾਨ ਨੂੰ ਮਾਰ ਮੁਕਾਇਆ। ਸਿੰਘਾਂ ਨੇ ਉਸਨੂੰ ਸ਼ਾਮ ਸਿੰਘ ਦਾ ਘੋੜਾ ਤੋਹਫੇ ਵਿਚ ਭੇਟ ਕੀਤਾ।

1752 ਵਿਚ ਅਹਿਮਦਸ਼ਾਹ ਅਬਦਾਲੀ ਦੀ ਫੌਜੀ ਟੁਕੜੀ ਨਾਲ ਜੂਝਦਿਆਂ ਭਾਈ ਸੁੱਖਾ ਸਿੰਘ ਚੜ੍ਹਾਈ ਕਰ ਗਿਆ। ਮੱਸਾ ਰੰਗੜ ਦਾ ਸਿਰ ਵੱਢ ਕੇ ਲਿਆਵੁਣ ਨੇ ਉਸਨੂੰ ਅਮਰ ਕਰ ਦਿੰਤਾ। ਉਹਨਾਂ ਦੀ ਯਾਦ ਵਿਚ ਮਾੜੀ ਕੰਬੋਕੀ ਵਿਖੇ ਤਿੰਨ ਗੁਰਦੁਆਰੇ ਸਥਾਪਤ ਹੋਏ।

### ਭਾਈ ਮਹਿਤਾਬ ਸਿੰਘ

ਭਾਈ ਮਹਿਤਾਬ ਸਿੰਘ ਅੰਮ੍ਰਿਤਸਰ ਤੋਂ 5 ਮੀਲ ਦੂਰ ਪਿੰਡ ਮੀਰਾਂਕੋਟ ਦੇ ਵਸਨੀਕ ਸਨ। ਉਹ ਬੜੇ ਬਹਾਦਰ ਤੇ ਦ੍ਰਿੜ੍ਹ ਇਰਾਦੇ ਵਾਲੇ ਸਨ। ਨਾਦਰ ਸ਼ਾਹ ਦੇ ਹੁਕਮਾਂ ਤੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਜਦੋਂ ਸਿੱਖਾਂ ਨੂੰ ਖਤਮ ਕਰਨ ਦੇ ਖੂਨੀ ਇਰਾਦੇ ਨਾਲ ਸਿੱਖਾਂ 'ਤੇ ਜ਼ੁਲਮ ਢਾਹੇ ਤਾਂ ਸਿੰਘ ਜੰਗਲਾਂ-ਬੇਲਿਆਂ, ਪਹਾੜਾਂ ਅਤੇ ਰੇਗਿਸਤਾਨਾਂ ਵਿਚ ਵੱਸਣ ਲੱਗੇ। ਭਾਈ ਮਹਿਤਾਬ ਸਿੰਘ ਬੀਕਾਨੇਰ ਦੇ ਰੇਗਿਸਤਾਨ ਵਿਚ ਚਲੇ ਗਏ। ਜਦੋਂ ਉਹਨਾਂ ਮੱਸਾ ਰੰਗੜ ਵੱਲੋਂ ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਖਬਰ ਸੁਣੀ ਤਾਂ ਪਿੰਡ ਮਾੜੀ ਕੰਬੋਕੀ ਦੇ ਭਾਈ ਸੁੱਖਾ ਸਿੰਘ ਨਾਲ ਮੱਸਾ ਰੰਗੜ ਦਾ ਸਿਰ 11 ਅਗਸਤ 1740 ਨੂੰ ਲਾਇਆ। ਜਿਸ ਨੇ ਦੋਹਾਂ ਸੂਰਬੀਰਾਂ ਨੂੰ ਅਮਰ ਕਰ ਦਿੱਤਾ। ਮੱਸਾ ਰੰਗੜ ਦੇ ਖਤਮ ਹੋਣ ਦੀ ਖਬਰ ਸੁਣ ਕੇ ਜਕਰੀਆ ਖਾਂ ਤੈਸ਼ ਵਿਚ ਆ ਗਿਆ। ਉਸਨੇ ਸਾਰੇ ਚੌਧਰੀਆਂ ਜਿਵੇਂ ਛੀਨੇ ਦਾ ਕਰਮਾ, ਤਲਵੰਡੀ ਦਾ ਰਾਮਾ ਰੰਧਾਵਾ, ਨੌਸ਼ਿਹਰੇ ਢਾਚੇ ਦਾ ਸਾਹਿਬ ਰਾਏ, ਜੰਡਿਆਲੇ ਦਾ ਹਰਿਭਗਤ, ਨਿਰੰਜਣੀਆਂ ਆਦਿ ਨੂੰ ਸਿੰਘਾਂ ਦੇ ਗ੍ਰਿਫਤਾਰ ਕਰਨ ਦੇ ਹੁਕਮ ਸੁਣਾਏ। ਹਰਿਭਗਤ ਨਿਰੰਜਣੀਆ ਨੇ ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਦੇ ਨਾਂ ਦੱਸ ਦਿੱਤੇ। ਨੂਰਦੀਨ ਦਾ ਪੁੱਤਰ ਰਾਏ ਸਿੰਘ ਪਿੰਡ ਵਿਚ ਸੀ, ਜਿਸਨੂੰ ਪੰਚ ਨੱਥੇ ਖਹਿਰੇ ਕੋਲ ਨਿਗਰਾਨੀ ਹੇਠ ਰੱਖਿਆ ਸੀ। ਨੱਥਾ ਸਿੰਘ ਕੁਝ ਸਾਥੀਆਂ ਨਾਲ ਘਰ ਦੇ ਪਿਛਲੇ ਰਸਤੇ ਤੋਂ ਲੜਕੇ ਨੂੰ ਲੈ ਕੇ ਪਿੰਡੋਂ ਨਿਕਲ ਗਿਆ। ਫੌਜਦਾਰ ਨੂਰਦੀਨ ਨੇ ਦੂਰ ਜਾ ਕੇ ਉਹਨਾਂ ਨੂੰ ਘੇਰ ਲਿਆ। ਨੱਥਾ ਅਤੇ ਉਸਦੇ ਸਾਥੀ ਮੁਕਾਬਲੇ ਵਿਚ ਮਾਰੇ ਗਏ। ਲੜਕੇ ਨੂੰ ਬੁਰੀ ਤਰ੍ਹਾਂ ਜ਼ਖਮੀ ਹੋਏ ਨੂੰ ਮਾਰਿਆ ਸਮਝ ਕੇ ਛੱਡ ਗਏ। ਬੱਚਾ ਇਕ ਇਸਤਰੀ ਦੇ ਨਜ਼ਰੀਂ ਪਿਆ ਜਿਸ ਨੇ ਉਸਦੀ ਸੰਭਾਲ ਕਰਕੇ ਬਚਾਅ ਲਿਆ। ਭਾਈ ਮਹਿਤਾਬ ਸਿੰਘ ਜਦੋਂ ਬੀਕਾਨੇਰ ਤੋਂ ਆਪਣੇ ਪਰਿਵਾਰ ਨੂੰ ਮਿਲਣ ਆਏ ਤਾਂ ਹਰਿਭਗਤ ਨਿਰੰਜਣੀਏ ਨੇ ਉਹਨਾਂ ਨੂੰ ਗ੍ਰਿਫਤਾਰ ਕਰਵਾ ਕੇ ਲਾਹੌਰ ਭੇਜ ਦਿੱਤਾ। ਮੁਗਲਾਂ ਨੇ ਆਪਣੀ ਨੀਚ ਆਦਤ ਨਾਲ ਇਸਲਾਮ ਕਬੂਲ ਕਰਨ ਲਈ ਕਿਹਾ। ਪਰ ਭਾਈ ਸਾਹਿਬ ਨੇ ਮੌਤ ਕਬੂਲ ਕੀਤੀ। ਭਾਈ ਤਾਰੂ ਸਿੰਘ ਜੀ ਦੇ ਸਾਹਮਣੇ ਭਾਈ ਮਹਿਤਾਬ ਸਿੰਘ ਜੀ ਜੂਨ 1745 ਵਿਚ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤੇ ਗਏ।

## ਮੰਕੀਪੌਕਸ




ਨਵੀਂ ਬਿਮਾਰੀ ਆ ਗਈ ਮੰਕੀਪੌਕਸ,
ਹੋਣਾ ਹੀ ਪੈਣਾ ਹੈ ਹੁਣ ਸਭ ਨੂੰ ਚੌਕਸ।
ਖਤਰੇ 'ਚ ਨਾ ਪਾਈਏ ਆਪਣੀ ਜਾਨ,
ਥੋੜ੍ਹਾ ਜਿਹਾ ਇਸ ਤੇ ਦਈਏ ਧਿਆਨ।
ਕਰੋਨਾ ਬਿਮਾਰੀ ਜਿਵੇਂ ਲਈ ਸੀ ਜਿੱਤ,
ਮਿਲ- ਜੁਲ ਕਰਾਂਗੇ ਇਸਨੂੰ ਵੀ ਚਿੱਤ।
ਜੀਵਨ ਸ਼ੈਲੀ ਅੰਦਰ ਕਰੀਏ ਬਦਲਾਅ,
ਤਾਂਹੀ ਮੰਕੀਪੌਕਸ ਤੋਂ ਹੋਵੇਗਾ ਬਚਾਅ।
ਚਮੜੀ ਸਾਡੀ ਤੇ ਜੇ ਆਉਦੇ ਨੇ ਧੱਫੜ,
ਇਹ ਮੰਕੀਪੌਕਸ ਦਾ ਹੋ ਸਕਦਾ ਰੱਫੜ।
ਬੁਖਾਰ, ਖਾਂਸੀ ਜਾਂ ਸਾਹ ਥੋਹੜਾ ਆਏ,
ਉਹ ਬੰਦਾ ਝੱਟ ਸਿਹਤ ਕੇਂਦਰ ਨੂੰ ਜਾਏ।
ਵਿਅਕਤੀ ਜਿਸਨੂੰ ਇਹ ਬਿਮਾਰੀ ਹੋਵੇ,
ਓਹ ਪਰਿਵਾਰ ਤੋਂ ਵੱਖ ਕਮਰੇ 'ਚ ਸੋਵੇ।
ਰੋਗੀ ਆਪਣੇ ਸਰੀਰ ਦੀ ਸਫਾਈ ਰੱਖੇ,
ਜ਼ਖਮ/ਧੱਫੜਾਂ ਨੂੰ ਕੱਪੜਿਆਂ ਨਾਲ ਢੱਕੇ।
ਮਨੁੱਖ ਤੋਂ ਮਨੁੱਖ ਰਾਹੀਂ ਫੈਲਦਾ ਹੈ ਰੋਗ,
ਖੰਘ ਤੇ ਛਿੱਕ ਵੇਲੇ ਧਿਆਨ ਰੱਖਣ ਲੋਕ।
'ਚਮਨ' ਕਹੇ ਪੌਸ਼ਟਿਕ ਖਾਣਾ ਹੀ ਖਾਓ,
ਮੰਕੀਪੌਕਸ ਬਿਮਾਰੀ ਨੂੰ ਜੱਗ ਤੋਂ ਭਜਾਓ।



ਚਮਨਦੀਪ ਸ਼ਰਮਾ
91-95010 33005

## ਛੱਲੀ



ਗਰਮੀਆਂ ਦੇ ਵਿੱਚ ਆਉਦੀ ਹੈ ਛੱਲੀ,
ਸਰੀਰ ਨੂੰ ਰਿਸ਼ਟ ਪੁਸ਼ਟ ਕਰਦੇ ਕੱਲੀ।
ਅੰਗਰੇਜ਼ੀ 'ਚ ਕਹਿੰਦੇ ਨੇ ਸਵੀਟ ਕੌਰਨ,
ਜ਼ਬਾੜਿਆਂ ਨੂੰ ਤਾਕਤ ਦੇਵੇ ਇਹ ਫੌਰਨ।
ਪੀਲੇ ਦੰਦਾਂ ਨੂੰ ਕਰ ਦਿੰਦੀ ਇਹ ਚਿੱਟਾ,
ਇਸਦਾ ਸੁਆਦ ਯਾਰੋਂ ਕੁਦਰਤੀ ਮਿੱਠਾ।
ਕਾਰਬੋਹਾਈਡਰੇਟ ਹੁੰਦਾ ਇਸ 'ਚ ਚੰਗਾ,
ਸੂਗਰ ਦੇ ਰੋਗੀਆਂ ਲਈ ਇਹ ਹੈ ਫੰਦਾ।
ਮੋਹਕ, ਸੁ ਤਾਂ ਦਾਣੇ ਭੁੰਨਾ ਕੇ ਖਾਣ,
ਈਸਟਾ, ਏਕੂ ਗਰਮ ਪਾਣੀ ਵਿੱਚ ਪਾਣ।
ਇਸ ਨਾਲ ਚਮੜੀ ਉੱਪਰ ਆਏ ਗਲੋਅ,
ਬੱਚਿਓ ਖਾਣ ਵੇਲੇ ਸਪੀਡ ਰੱਖਿਓ ਸਲੋਅ।
ਛੱਲੀਆਂ ਵੇਚਣ ਵਾਲੇ ਦੇ ਸੁਣਨਸਾਰ ਬੋਲ,
ਸ਼ੁਦਿਕਸਾ ਪਹੁੰਚ ਜਾਂਦੀ ਝੱਟ ਉਸ ਕੋਲ।
ਬੱਚਿਓ, ਖਾਂਦੇ ਰਹਿਣਾ ਹਮੇਸ਼ਾ ਹੀ ਛੱਲੀ,
ਮਨੁੱਖੀ ਸਰੀਰ ਨੂੰ ਕਰ ਦਿੰਦੀ ਹੈ ਟੱਲੀ।

# ਰਿਸ਼ਤਿਆਂ ਵਿੱਚੋਂ ਮਨਫ਼ੀ ਹੋ ਰਿਹਾ ਨਿੱਘ

ਰਿਸ਼ਤੇ ਨਾਤਿਆਂ ਵਿੱਚੋਂ ਅਲੋਪ ਹੋ ਰਿਹਾ ਆਪਸੀ ਭਾਈਚਾਰਾ, ਅਦਬ ਸਤਿਕਾਰ ਅਤੇ ਮਿਲਵਰਤਨ ਦੀ ਸਾਂਝ ਸਮਾਜ ਦੇ ਲਈ ਚੰਗਾ ਸੰਕੇਤ ਨਹੀਂ ਹੈ। ਸਾਡੇ ਮੁਲਕ ਨੇ ਤਰੱਕੀ ਕਰਕੇ ਬਹੁਤ ਕੁੱਝ ਬਣਾਉਣ ਦੇ ਨਾਲ ਆਪਸੀ ਪ੍ਰੇਮ ਪਿਆਰ ਦੀ ਭਾਵਨਾ ਨੂੰ ਗਵਾਇਆ ਹੈ ਜਿਸਦੀ ਭਰਪਾਈ ਕਰਨ ਦੀ ਜ਼ਰੂਰਤ ਹੈ। ਹੁਣ ਰਿਸ਼ਤੇ ਨਾਤੇ ਕੇਵਲ ਸੁੱਖ-ਦੁੱਖ ਤੱਕ ਹੀ ਸੀਮਤ ਰਹਿ ਗਏ ਹਨ। ਕਈ ਵਾਰ ਤਾਂ ਆਪਸੀ ਈਰਖਾ ਵੱਧ ਜਾਣ ਕਰਕੇ ਇਹਨਾਂ ਮੌਕਿਆਂ ਤੇ ਵੀ ਰਿਸ਼ਤੇਦਾਰਾਂ ਦੀ ਹਾਜ਼ਰੀ ਨਹੀਂ ਲੱਗਦੀ। ਰਿਸ਼ਤੇਦਾਰ ਤਾਂ ਦੂਰ ਦੀ ਗੱਲ ਹੈ ਵੱਡੇ ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਤਾਂ ਆਪਣੇ ਗੁਆਂਢੀ ਬਾਰੇ ਵੀ ਪਤਾ ਨਹੀਂ ਹੁੰਦਾ ਹੈ। ਮਨੁੱਖ ਦਾ ਮਨੁੱਖ ਤੋਂ ਦੂਰ ਜਾਣਾ ਇੱਕ ਚਿੰਤਾ ਦਾ ਵਿਸ਼ਾ ਹੈ ਜਿਸਦੇ ਕਈ ਕਾਰਨ ਹਨ ਜਿਵੇਂ ਬੱਚਿਆਂ ਨੂੰ ਪਰਿਵਾਰ ਅਤੇ ਸਮਾਜ ਤੋਂ ਮਿਲਣ ਵਾਲੀਆਂ ਨੈਤਿਕ ਕਦਰਾਂ ਕੀਮਤਾਂ, ਸਮਾਜ ਵਿੱਚ ਤਕਨਾਲੋਜੀ ਦਾ ਪ੍ਰਸਾਰ, ਮਨੁੱਖ ਦੀ ਪਦਾਰਥਵਾਦੀ ਸੋਚ, ਸ਼ਹਿਣਸ਼ੀਲਤਾ ਦਾ ਨਾ ਹੋਣਾ, ਸਮੇਂ ਦੀ ਕਮੀ, ਲੋੜੀਦੇ ਸੰਸਕਾਰਾਂ ਨਾ ਮਿਲਣਾ, ਸਮਾਜ ਵਿੱਚ ਰਹਿਣ ਲਈ ਚੰਗੇ ਮਾਹੌਲ ਦੀ ਕਮੀ ਆਦਿ ਕਾਰਨਾਂ ਉੱਪਰ ਵਿਚਾਰ ਕਰਨਾ ਬਣਦਾ ਹੈ। ਕਈ ਵਾਰ ਮਾਪਿਆਂ ਤਰਫੋਂ ਕਿਸੇ ਰਿਸ਼ਤੇਦਾਰ ਨਾਲ ਹੋਈ ਤਕਰਾਰ ਆਉਣ ਵਾਲੀਆਂ ਪੀੜੀਆਂ ਦੇ ਲਈ ਵੀ ਬੋਲਚਾਲ ਦੇ ਰਸਤੇ ਬੰਦ ਕਰਵਾ ਦਿੰਦੀ ਹੈ। ਬੱਚਿਆਂ ਦੇ ਵਿਦੇਸ਼ ਵਿਚ ਪੱਕੇ ਵਸਨੀਕ ਹੋਣ ਨਾਲ



ਰਿਸ਼ਤਿਆਂ ਵਿੱਚ ਦਰਾਰ ਆਈ ਹੈ।

ਕਈ ਦਫਾ ਮਾਪਿਆਂ ਵੱਲੋਂ ਆਪਣੇ ਬੱਚਿਆਂ ਵਿੱਚ ਹੀ ਫਰਕ ਕਰਨ ਨਾਲ ਮੋਹ ਮਨਫ਼ੀ ਹੋ ਜਾਂਦਾ ਹੈ। ਸਾਨੂੰ ਪਤਾ ਹੈ ਕਿ ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਹੁੰਦੀ ਹੈ ਸੋ ਚੰਗੇ ਸਮਾਜ ਦੀ ਸਿਰਜਣਾ ਲਈ ਪਰਿਵਾਰ ਦਾ ਇਕਜੁੱਟ ਹੋਣਾ ਬੜਾ ਹੀ ਲਾਜ਼ਮੀ ਹੈ। ਜਿੱਥੇ ਸਰਕਾਰਾਂ ਦਾ ਫਰਜ਼ ਹੈ ਕਿ ਉਹ ਇਸਦੀ ਪੂਰਤੀ ਦੇ ਲਈ ਸਿੱਖਿਆ ਢਾਂਚੇ ਦੀ ਮਜ਼ਬੂਤੀ ਦੇ ਲਈ ਉਚੇਚੇ ਯਤਨ ਕਰਨ ਉੱਥੇ ਹੀ ਮਾਪੇ ਵੀ ਸ਼ਹਿਣਸ਼ੀਲਤਾ ਦੇ ਨਾਲ ਆਪਸੀ ਰਿਸ਼ਤਿਆਂ ਵਿੱਚੋਂ ਮਨਫ਼ੀ ਹੋ ਰਹੇ ਨਿੱਘ ਨੂੰ ਮੁੜ ਸੁਰਜੀਤ ਕਰਨ ਤਾਂ ਜੋ ਮਿਲ ਕੇ ਇੱਕ ਚੰਗੇ ਰਾਸ਼ਟਰ ਦਾ ਨਿਰਮਾਣ ਕਰ ਸਕੀਏ।

ਚਮਨਦੀਪ ਸ਼ਰਮਾ
91-95010 33005

## ਭਾਰਤ ਦੇ 75ਵੇਂ ਸੁਤੰਤਰਤਾ ਦਿਵਸ 'ਤੇ ਵਿਸ਼ੇਸ਼

# 'ਆਜ਼ਾਦੀ ਤੋਂ ਬਾਅਦ ਭਾਰਤ ਦੀ ਤਰੱਕੀ'

ਬ੍ਰਿਟਿਸ਼ ਰਾਜ ਅਦਿਤਯ ਭਾਰਤੀ ਉਪ-ਮਹਾਂਦੀਪ ਉੱਤੇ 1858 ਈਸਵੀ ਅਤੇ 1947 ਈ: ਦੇ ਵਿਚਕਾਰ ਬ੍ਰਿਟਿਸ਼ ਸ਼ਾਸਨ ਦੇ ਸਮੇਂ ਨੂੰ ਦਰਸਾਉਂਦਾ ਹੈ। ਸ਼ਾਸਨ ਪ੍ਰਣਾਲੀ ਦੀ ਸਥਾਪਨਾ 1858 ਵਿਚ ਕੀਤੀ ਗਈ ਸੀ ਜਦੋਂ 'ਈਸਟ ਇੰਡੀਆ ਕੰਪਨੀ' ਦਾ ਸ਼ਾਸਨ ਮਹਾਰਾਣੀ ਵਿਕਟੋਰੀਆ ਦੇ ਵਿਅਕਤੀ ਵਿਚ ਤਾਜ ਨੂੰ ਤਬਦੀਲ ਕੀਤਾ ਗਿਆ ਸੀ। ਇਹ ਰਾਜ 1947 ਤੱਕ ਚੱਲਿਆ ਸੀ। ਭਾਰਤ ਦੇ ਬ੍ਰਿਟਿਸ਼ ਪ੍ਰਾਂਤਾਂ ਨੂੰ ਵੰਡ ਕੇ ਭਾਰਤ ਤੇ ਪਾਕਿਸਤਾਨ ਦੇ ਦੇਸ਼ਾਂ ਵਿਚ ਵੰਡ ਕੇ ਬਣਾ ਦਿੱਤਾ ਗਿਆ।

ਭਾਰਤ ਵਿਚ ਲਾਰਡ ਡਲਹੌਜ਼ੀ ਤੋਂ ਲੈ ਕੇ ਉਸ ਸਮੇਂ ਗ੍ਰੇਟ ਬ੍ਰਿਟੇਨ ਵਿਚ ਫੈਲੀ ਤਕਨੀਕੀ ਤਬਦੀਲੀ ਨੂੰ ਅਪਣਾ ਲਿਆ ਸੀ। ਭਾਰਤ 'ਚ ਵੀ ਉਨ੍ਹਾਂ ਸਾਰੀਆਂ ਤਕਨੀਕਾਂ ਦਾ ਤੇਜ਼ੀ ਨਾਲ ਵਿਕਾਸ ਹੋਇਆ ਸੀ। ਭਾਰਤ ਵਿਚ ਰੇਲਵੇ, ਸੜਕਾਂ, ਨਹਿਰਾਂ ਅਤੇ ਪੁਲ ਤੇਜ਼ੀ ਨਾਲ ਬਣਾਏ ਗਏ ਸਨ ਅਤੇ ਟੈਲੀਗ੍ਰਾਫ ਲਿੰਕ ਵੀ ਉਸੇ ਤਰ੍ਹਾਂ ਤੇਜ਼ੀ ਨਾਲ ਸਥਾਪਤ ਕੀਤੇ ਗਏ ਸਨ ਤਾਂ ਜੋ ਭਾਰਤ ਦੇ ਅੰਦਰਲਿਆਂ ਇਲਾਕਿਆਂ ਤੋਂ ਕਪਾਹ ਵਰਗੇ ਤੇ ਹੋਰ ਅਨੇਕਾਂ ਤਰ੍ਹਾਂ ਦੇ ਕੱਚੇ ਮਾਲ ਨੂੰ ਬਾਅਦ ਵਿਚ ਇੰਗਲੈਂਡ ਨੂੰ ਨਿਰਯਾਤ ਕਰਨ ਲਈ ਬੰਬਈ ਵਰਗੀਆਂ ਬੰਦਰਗਾਹਾਂ ਤੱਕ ਵਧੇਰੇ ਕੁਸ਼ਲਤਾ ਨਾਲ ਪਹੁੰਚਾਇਆ ਜਾ ਸਕੇ ਅਤੇ ਇਸ ਆਵਾਜਾਈ ਦੀ ਤੇਜ਼ੀ ਨਾਲ ਉਹ ਭਾਰਤ 'ਤੇ ਬੜੀ ਆਸਾਨੀ ਨਾਲ ਆਪਣਾ ਰਾਜ ਪ੍ਰਬੰਧ ਚਲਾ ਸਕਣ ਵਿਚ ਵੀ ਸਮਰੱਥ ਬਣ ਗਏ ਸਨ।

ਸਾਲਾਂ ਦੇ ਸੰਘਰਸ਼ ਤੋਂ ਬਾਅਦ 15 ਅਗਸਤ, 1947 ਨੂੰ ਭਾਰਤ ਨੂੰ ਆਪਣੀ ਆਜ਼ਾਦੀ ਮਿਲੀ। ਬ੍ਰਿਟਿਸ਼ ਰਾਜ ਦੇ ਅਧੀਨ, ਅਸੀਂ ਇਤਿਹਾਸ ਦੀਆਂ ਕਿਤਾਬਾਂ ਦੇ ਵਰਣਨ ਨਾਲੋਂ, ਬਹੁਤ ਮਾੜੀ ਸਥਿਤੀ ਵਿਚ ਰਹਿ ਗਏ। ਅਸੀਂ ਆਪਣੇ ਹਿੱਸੇ ਦੇ ਵਿਕਾਸ ਤੋਂ ਬਹੁਤ ਪਿੱਛੇ ਰਹਿ ਗਏ, ਜਿਸ ਨੂੰ ਦੁਨੀਆਂ ਗਲੇ ਲਗਾ ਰਹੀ ਸੀ, ਪਰ ਸੁਤੰਤਰ ਭਾਰਤ ਨੂੰ ਇਕ ਟੁੱਟੀ ਹੋਈ ਆਰਥਿਕਤਾ, ਵਿਆਪਕ ਅਨਪੜ੍ਹਤਾ ਅਤੇ ਹੈਰਾਨ ਕਰਨ ਵਾਲੀ ਗਰੀਬੀ ਦੇ ਹਵਾਲੇ ਕਰ ਦਿੱਤਾ ਗਿਆ ਸੀ।

ਅਜੋਕੇ ਅਰਥ ਸ਼ਾਸਤਰੀ ਭਾਰਤ ਦੇ ਆਰਥਿਕ ਵਿਕਾਸ ਦੇ ਇਤਿਹਾਸ ਨੂੰ ਦੋ ਪੜਾਵਾਂ ਵਿਚ ਵੰਡਦੇ ਹਨ। ਆਜ਼ਾਦੀ ਤੋਂ ਬਾਅਦ ਪਹਿਲੇ 45 ਸਾਲ ਅਤੇ ਮੁਕਤ ਬਜ਼ਾਰ ਅਰਥਚਾਰੇ ਦੇ ਦੋ ਦਹਾਕਿਆਂ ਵਿਚ। ਆਰਥਿਕ ਉਦਾਰੀਕਰਨ ਤੋਂ ਪਹਿਲਾਂ ਦੇ ਸਾਲ ਮੁੱਖ ਤੌਰ 'ਤੇ ਅਜਿਹੇ ਉਦਾਹਰਣਾਂ ਦੁਆਰਾ ਚਿੰਨ੍ਹਿਤ ਕੀਤੇ ਗਏ ਸਨ, ਜਦੋਂ ਅਰਥਪੂਰਨ ਨੀਤੀਆਂ ਦੀ ਘਾਟ ਕਾਰਨ ਆਰਥਿਕ ਵਿਕਾਸ ਰੁਕ ਗਿਆ ਸੀ।

ਆਰਥਿਕ ਸੁਧਾਰ ਉਦਾਰੀਕਰਨ ਅਤੇ ਨਿੱਜੀਕਰਨ ਦੀ ਨੀਤੀ ਦੀ ਸ਼ੁਰੂਆਤ ਨਾਲ ਭਾਰਤ ਦੇ ਬਚਾਅ ਲਈ ਆਏ। ਇਕ ਲਚਕਦਾਰ ਉਦਯੋਗਿਕ ਲਾਇਸੈਂਸ ਨੀਤੀ ਅਤੇ ਇਕ ਢਿੱਡੀ ਐਫ. ਡੀ. ਆਈ. ਨੀਤੀ ਨੂੰ ਅੰਤਰ ਰਾਸ਼ਟਰੀ ਨਿਵੇਸ਼ਕਾਂ ਤੋਂ ਸਕਾਰਾਤਮਕ ਹੁੰਗਾਰਾ ਮਿਲਣਾ ਸ਼ੁਰੂ ਹੋ ਗਿਆ ਹੈ। 1991 ਦੇ ਆਰਥਿਕ ਸੁਧਾਰਾਂ ਤੋਂ ਬਾਅਦ ਭਾਰਤ ਦੇ ਆਰਥਿਕ ਵਿਕਾਸ ਨੂੰ ਪ੍ਰੇਰਿਤ ਕਰਨ ਵਾਲੇ ਪ੍ਰਮੁੱਖ ਕਾਰਕਾਂ ਵਿਚ ਐਫ. ਡੀ. ਆਈ. ਵਿਚ ਵਾਧਾ, ਸੂਚਨਾ ਤਕਨਾਲੌਜੀ ਨੂੰ ਅਪਣਾਉਣ ਅਤੇ ਘਰੇਲੂ ਖਪਤ ਵਿਚ ਵਾਧਾ ਸੀ।

75 ਸਾਲ ਪਹਿਲਾਂ, ਅੱਜ ਦੇ ਦਿਨ, ਭਾਰਤ ਨੇ ਵਿਸ਼ਵ ਪੱਧਰ 'ਤੇ ਮਾਨਤਾ ਹਾਸਲ ਕਰਨ ਲਈ ਬਹੁਤ ਸਾਰੀਆਂ ਚੁਣੌਤੀਆਂ ਨੂੰ ਪਾਰ ਕਰਦੇ ਹੋਏ, ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰਾਂ ਵਿਚ ਇਕ ਬਣਨ ਲਈ 'ਪੰਜ ਸਾਲਾ ਯੋਜਨਾਵਾਂ' ਰਾਹੀਂ ਮਹੱਤਵਪੂਰਨ ਕਦਮ ਚੁੱਕ ਕੇ ਭਾਰਤ ਨੇ ਆਜ਼ਾਦੀ ਤੋਂ ਬਾਅਦ ਬਹੁਤ ਲੰਮਾ ਸਫ਼ਰ ਤਹਿ ਕੀਤਾ ਹੈ, ਆਪਣੇ ਪਿੱਛੇ ਕਈ ਮੀਲ ਚਿੰਨ੍ਹ ਛੱਡ ਕੇ ਵੰਡ ਦੀ ਪੀੜਾਂ ਤੋਂ ਇਕ ਮਜ਼ਬੂਤ, ਤਾਕਤਵਰ ਅਤੇ ਵਿਕਾਸਸ਼ੀਲ ਰਾਸ਼ਟਰ ਤੱਕ ਦੀ ਯਾਤਰਾ ਨੂੰ ਪਰਿਭਾਸ਼ਿਤ ਕੀਤਾ ਹੈ।

ਆਪਣੀ ਆਜ਼ਾਦੀ ਦੇ 75 ਸਾਲਾਂ ਵਿਚ ਭਾਰਤ ਨੇ ਕਈ ਮਹਾਨ ਪ੍ਰਾਪਤੀਆਂ ਦਾ ਸਿਹਰਾ ਆਪਣੇ ਸਿਰ ਬੰਨ੍ਹਿਆ ਹੈ। ਇਸ ਨੇ ਇਕ ਆਧੁਨਿਕ ਅਰਥਵਿਵਸਥਾ 'ਤੇ ਦੁਨੀਆਂ ਦੀ ਤੇਜ਼ੀ ਨਾਲ ਵੱਧ ਰਹੀ ਅਰਥਵਿਵਸਥਾ ਬਣਾਈ ਹੈ, ਇਹ ਇਕ ਲੋਕਤੰਤਰ ਬਣਿਆ ਰਿਹਾ, ਲੱਖਾਂ ਲੋਕਾਂ ਨੂੰ ਗਰੀਬੀ ਤੋਂ ਬਾਹਰ ਕੱਢਿਆ, ਇਕ ਸਪੇਸ ਅਤੇ ਪ੍ਰਮਾਣੂ ਸ਼ਕਤੀ ਬਣ ਗਿਆ ਅਤੇ ਇਕ ਮਜ਼ਬੂਤ, ਨਿਰਪੱਖ, ਵਿਦੇਸ਼ ਨੀਤੀ ਨੂੰ ਸੰਸਾਰ ਪੱਧਰ 'ਤੇ ਵਿਕਸਤ ਕੀਤਾ ਗਿਆ। ਭਾਰਤ ਵਿਸ਼ਵ ਮਾਮਲਿਆਂ ਵਿਚ ਜੀ-20, ਬ੍ਰਿਕਸ ਅਤੇ ਉਦਯੋਗਿਕ ਦੇਸ਼ਾਂ ਨਾਲ ਮਿਲ ਕੇ ਮਹੱਤਵਪੂਰਨ ਭੂਮਿਕਾ ਨਿਭਾਅ ਰਿਹਾ ਹੈ।


ਪਿਛਲੇ ਤਕਰੀਬਨ 30 ਸਾਲਾਂ ਵਿਚ ਭਾਰਤ ਦੀ ਤਰੱਕੀ ਬਹੁਤ ਸ਼ਾਨਦਾਰ ਰਹੀ ਹੈ। ਇਹ ਵਿਸ਼ੇਸ਼ ਤੌਰ 'ਤੇ ਹੁਣ ਮਾਨਤਾ ਦਾ ਹੱਕਦਾਰ ਹੈ, ਕਿਉਂਕਿ ਅਮੀਰ ਦੇਸ਼ ਇਸ ਗੱਲ 'ਤੇ ਵਿਚਾਰ ਕਰਦੇ ਹਨ ਕਿ ਕੀ ਉਨ੍ਹਾਂ ਨੂੰ ਘਰ ਵਿਚ ਦਰਪੇਸ਼ ਸਾਰੀਆਂ ਆਰਥਿਕ ਸਮੱਸਿਆਵਾਂ ਦੇ ਬਾਵਜੂਦ ਵਿਸ਼ਵ ਵਿਕਾਸ ਸਹਾਇਤਾ ਵਿਚ ਨਿਵੇਸ਼ ਕਰਨਾ ਜਾਰੀ ਰੱਖਣਾ ਹੈ ਜਾਂ ਨਹੀਂ?

ਭਾਰਤ ਨੂੰ ਅਜੇ ਵੀ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤਕਰੀਬਨ 30 ਕਰੋੜ ਤੋਂ ਵੱਧ ਭਾਰਤੀ ਬੇਹੱਦ ਗਰੀਬੀ ਦਾ ਜੀਵਨ ਬਤੀਤ ਕਰ ਰਹੇ ਹਨ। ਭਾਰਤ ਦੇਸ਼, ਦੁਨੀਆਂ ਦੇ ਕੁਪੋਸ਼ਿਤ (ਭੁੱਖਮਰੀ/ ਮਾੜੀ ਖੁਰਾਕ) ਅਤੇ ਘੱਟ ਵਜ਼ਨ ਵਾਲੇ ਬੱਚਿਆਂ ਦਾ ਅੱਧਾ ਅਤੇ ਦੁਨੀਆਂ ਦੇ ਟੀ. ਬੀ. ਦਾ ਇਕ ਚੌਥਾਈ ਹਿੱਸਾ ਹੈ।

**1947 ਤੋਂ ਬਾਅਦ ਭਾਰਤ ਦੀਆਂ ਪ੍ਰਮੁੱਖ ਪ੍ਰਾਪਤੀਆਂ:**

**ਭਾਰਤੀ ਸੰਵਿਧਾਨ:** ਭਾਰਤ ਨੇ 26 ਜਨਵਰੀ 1951 ਨੂੰ ਅਪਣਾ ਸੰਵਿਧਾਨ ਸ਼ੁਰੂ ਕੀਤਾ ਸੀ, ਇਸ ਨੇ ਸਰਕਾਰ ਅਤੇ ਨਾਗਰਿਕਾਂ ਦੇ ਬੁਨਿਆਦੀ ਰਾਜਨੀਤਿਕ ਕੋਡ, ਅਧਿਕਾਰਾਂ ਅਤੇ ਕਰਤੱਵਾਂ ਦੀ ਹੱਦਬੰਦੀ ਦਾ ਢਾਂਚਾ ਰੱਖਿਆ ਸੀ। ਸਾਡੇ ਸੰਵਿਧਾਨ ਨੇ ਸਾਨੂੰ ਦੁਨੀਆਂ ਦੇ ਸਭ ਤੋਂ ਵੱਡੇ ਧਰਮ ਨਿਰਪੱਖ, ਲੋਕਤੰਤਰੀ ਦੇਸ਼ ਦਾ ਖਿਤਾਬ ਦਿੱਤਾ ਹੈ।

**ਲੋਕ ਰਾਜ (ਡੈਮੋਕ੍ਰੇਸੀ):** ਭਾਰਤ ਦੀ ਰਾਜਨੀਤੀ ਦੇਸ਼ ਦੇ ਸੰਵਿਧਾਨ ਦੇ ਢਾਂਚੇ ਦੇ ਅੰਦਰ ਕੰਮ ਕਰਦੀ ਹੈ। ਭਾਰਤ ਇਕ ਸੰਸਦੀ ਲੋਕਤੰਤਰੀ ਧਰਮ ਨਿਰਪੱਖ ਗਣਰਾਜ ਹੈ, ਜਿਸ ਵਿਚ ਭਾਰਤ ਦਾ ਰਾਸ਼ਟਰਪਤੀ ਰਾਜ ਦਾ ਮੁਖੀ ਅਤ ਭਾਰਤ ਦਾ ਪਹਿਲਾ ਨਾਗਰਿਕ ਹੈ ਅਤੇ ਭਾਰਤ ਦਾ ਪ੍ਰਧਾਨ ਮੰਤਰੀ ਸਰਕਾਰ ਦਾ ਮੁਖੀ ਹੈ। ਇਹ ਸਰਕਾਰ ਦੇ ਸੰਘੀ ਢਾਂਚੇ 'ਤੇ ਆਧਾਰਿਤ ਹੈ, ਹਾਲਾਂਕਿ ਇਹ ਸ਼ਬਦ ਸੰਵਿਧਾਨ ਵਿਚ ਹੀ ਵਰਤਿਆ ਨਹੀਂ ਗਿਆ ਹੈ। ਭਾਰਤ ਦੋਹਰੀ ਰਾਜਨੀਤਿਕ ਪ੍ਰਣਾਲੀ ਦਾ ਪਾਲਣਾ ਕਰਦਾ ਹੈ, ਅਰਥਾਤ ਕੁਦਰਤ ਵਿਚ ਸੰਘੀ, ਜਿਸ ਵਿਚ ਕੇਂਦਰ ਅਤੇ ਰਾਜਾਂ ਵਿਚ ਕੇਂਦਰੀ ਅਥਾਰਟੀ ਸ਼ਾਮਲ ਹੁੰਦੀ ਹੈ। ਘੇਰੇ 'ਤੇ ਸੰਵਿਧਾਨ ਅਤੇ ਰਾਜ ਸਰਕਾਰਾਂ ਦੋਹਾਂ ਦੀਆਂ ਸੰਗਠਨਾਤਮਕ ਸ਼ਕਤੀਆਂ ਅਤੇ ਸੀਮਾਵਾਂ ਨੂੰ ਪਰਿਭਾਸ਼ਿਤ ਕਰਦਾ ਹੈ; ਇਹ ਚੰਗੀ ਤਰ੍ਹਾਂ ਮਾਨਤਾ ਪ੍ਰਾਪਤ ਹੈ, ਤਰਲ (ਸੰਵਿਧਾਨ ਦੀ ਪ੍ਰਸਤਾਵਨਾ ਕਠੋਰ ਹੋਣ ਅਤੇ ਸੰਵਿਧਾਨ ਵਿਚ ਹੋਰ ਸੋਧਾਂ ਨੂੰ




ਨਿਰਧਾਰਿਤ ਕਰਨਾ) ਅਤੇ ਸਰਵਉਚ ਮੰਨਿਆ ਜਾਂਦਾ ਹੈ, ਭਾਵ ਰਾਸ਼ਟਰ ਦੇ ਕਾਨੂੰਨਾਂ ਨੂੰ ਇਸ ਦੇ ਅਨੁਕੂਲ ਹੋਣਾ ਚਾਹੀਦਾ ਹੈ। ਇਕ ਉੱਚ ਸਦਨ, ਰਾਜ ਸਭਾ (ਰਾਜਾਂ ਦੀ ਕੌਂਸਲ) ਜੋ ਕਿ ਭਾਰਤੀ ਸੰਘ ਦੇ ਰਾਜਾਂ ਦੀ ਨੁਮਾਇੰਦਗੀ ਕਰਦੀ ਹੈ।

ਇਕ ਹੇਠਲਾ ਸਦਨ, ਲੋਕ ਸਭਾ (ਲੋਕਾਂ ਦੀ ਸਿੱਧੀ ਨੁਮਾਇੰਦਗੀ) ਦੀ ਨੁਮਾਇੰਦਗੀ ਕਰਦੀ ਹੈ, ਦੇ ਨਾਲ ਇਕ ਦੁਵੱਲੀ ਵਿਧਾਨ ਸਭਾ ਦਾ ਪ੍ਰਬੰਧ ਹੈ। ਸਮੁੱਚੇ ਭਾਰਤ ਦੇ ਲੋਕ, ਸੰਵਿਧਾਨ ਇਕ ਸੁਤੰਤਰ ਨਿਆਂਪਾਲਿਕਾ ਦੀ ਵਿਵਸਥਾ ਕਰਦਾ ਹੈ, ਜਿਸਦੀ ਅਗਵਾਈ ਸੁਪਰੀਮ ਕੋਰਟ ਕਰਦੀ ਹੈ। ਅਦਾਲਤ ਦਾ ਆਦੇਸ਼ ਸੰਵਿਧਾਨ ਦੀ ਰੱਖਿਆ ਕਰਨਾ, ਕੇਂਦਰ ਸਰਕਾਰ ਅਤੇ ਰਾਜਾਂ ਵਿਚਕਾਰ ਵਿਵਾਦਾਂ ਦਾ ਨਿਪਟਾਰਾ ਕਰਨਾ, ਅੰਤਰ-ਰਾਜੀ ਝਗੜਿਆਂ ਦਾ ਨਿਪਟਾਰਾ ਕਰਨਾ, ਸੰਵਿਧਾਨ ਦੇ ਵਿਰੁੱਧ ਜਾਣ ਵਾਲੇ ਕੇਂਦਰੀ ਜਾਂ ਰਾਜ ਦੇ ਕਾਨੂੰਨਾਂ ਨੂੰ ਰੱਦ ਕਰਨਾ ਅਤੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਨਾ, ਰਿੱਟ ਜਾਰੀ ਕਰਨਾ ਹੈ। ਉਲੰਘਣਾ ਦੇ ਮਾਮਲਿਆਂ ਵਿਚ ਉਹਨਾਂ ਨੂੰ ਲਾਗੂ ਕਰਨ ਲਈ ਆਦੇਸ਼ ਦੇਣਾ ਹੈ।

**ਭਾਰਤ ਕੋਲ ਏਸ਼ੀਆ ਦਾ ਸਭ ਤੋਂ ਵੱਡਾ ਰੇਲਵੇ ਨੈਟਵਰਕ-** ਰੇਲਵੇ ਨੈਟਵਰਕ ਦਾ ਰਾਸ਼ਟਰੀਕਰਨ 1951 ਵਿਚ ਕੀਤਾ ਗਿਆ ਸੀ ਅਤੇ ਸ਼ੁਰੂ ਵਿਚ ਤਿੰਨ ਜ਼ੋਨਾਂ ਵਿਚ ਵੰਡਿਆ ਗਿਆ ਸੀ। ਭਾਰਤੀ ਰੇਲਵੇ ਹੁਣ ਦੁਨੀਆਂ ਦੇ ਸਭ ਤੋਂ ਵੱਡੇ ਰੇਲਵੇ ਨੈਟਵਰਕਾਂ ਵਿਚੋਂ ਇਕ ਹੈ, ਜਿਸ ਵਿਚ 119,630 ਕਿਲੋਮੀਟਰ ਤੋਂ ਵੀ ਜ਼ਿਆਦਾ ਟ੍ਰੈਕ ਅਤੇ 7216 ਤੋਂ ਵੀ ਜ਼ਿਆਦਾ ਸਟੇਸ਼ਨ ਸ਼ਾਮਲ ਹਨ।

**ਸ਼ਕਤੀਸ਼ਾਲੀ ਰੱਖਿਆ:** ਆਜ਼ਾਦੀ ਤੋਂ ਬਾਅਦ ਭਾਰਤ ਨੇ ਆਪਣੀ ਰੱਖਿਆ ਨੂੰ ਬਹੁਤ ਮਜ਼ਬੂਤ ਕੀਤਾ ਹੈ ਤਾਂ ਕਿ ਇਤਿਹਾਸ ਆਪਣੇ ਆਪ ਨੂੰ ਨਾ ਦੁਹਰਾਵੇ। 1954 ਵਿਚ ਭਾਰਤ ਨੇ ਪਰਮਾਣੂ ਊਰਜਾ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ, ਅਜਿਹਾ ਕਰਨ ਵਾਲਾ ਪਹਿਲਾ ਦੇਸ਼ ਬਣ ਗਿਆ। 1974 ਵਿਚ ਭਾਰਤ ਨੇ 'ਸਮਾਈਲਿੰਗ ਬੁੱਧਾ' ਕੀਤਾ, ਆਪਣਾ ਪਹਿਲਾ ਪ੍ਰਮਾਣੂ ਪ੍ਰੀਖਣ, ਪੰਜ ਪ੍ਰਮਾਣੂ ਸ਼ਕਤੀ ਵਾਲੇ ਦੇਸ਼ਾਂ ਦੀ ਸੂਚੀ ਵਿਚ ਆਪਣੀ ਜਗ੍ਹਾ ਬਣਾ ਲਈ। ਇਹ 1947 ਤੋਂ ਬਾਅਦ ਭਾਰਤ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿਚੋਂ ਇਕ ਹੈ, ਅੱਜ ਭਾਰਤ ਕੋਲ ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਫੌਜੀ ਬਲ ਅਤੇ ਸਭ ਤੋਂ ਵੱਡੀ ਸਵੈ-ਇਛੁੱਕ ਫੌਜ ਹੈ।

**ਲਿੰਗ ਨਿਆਂ:** ਭਾਰਤ ਨੇ ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਪ੍ਰਗਤੀਸ਼ੀਲ ਕਦਮ ਚੁੱਕੇ ਹਨ। ਦਾਜ ਰੋਕੂ ਕਾਨੂੰਨ 1961 ਅਤੇ ਘਰੇਲੂ ਹਿੰਸਾ ਐਕਟ, 2005 ਨੇ ਸਮਾਜਿਕ ਬੁਰਾਈਆਂ ਨੂੰ ਨਿਰਾਸ਼ ਕੀਤਾ ਹੈ। 'ਬੇਟੀ ਬਚਾਓ ਬੇਟੀ ਪੜ੍ਹਾਓ' ਵਰਗੇ ਕਈ ਸਰਕਾਰੀ ਪ੍ਰੋਗਰਾਮ ਦੇਸ਼ 'ਚ ਲਿੰਗ ਭੇਦਭਾਵ ਨੂੰ ਖਤਮ ਕਰਨ ਤੇ ਕੰਮ ਕਰਦੇ ਹਨ।

**ਹਰੀ ਕ੍ਰਾਂਤੀ:** ਹਰੀ ਕ੍ਰਾਂਤੀ ਸਾਲ 1967 ਵਿਚ ਪੇਸ਼ ਕੀਤੀ ਗਈ ਸੀ। ਇਕ ਖੇਤੀਬਾੜੀ ਰਾਜ ਹੋਣ ਦੇ ਬਾਵਜੂਦ, ਭਾਰਤ ਵਿਚ ਅਨਾਜ ਦੀ ਘਾਟ ਸੀ ਅਤੇ ਵੱਡੀ ਆਬਾਦੀ ਨੂੰ ਭੋਜਨ ਦੇਣ ਲਈ ਅਨਾਜ ਦੀ ਦਰਾਮਦ 'ਤੇ ਬਹੁਤ ਜ਼ਿਆਦਾ ਨਿਰਭਰ ਸੀ। ਹਰੀ ਕ੍ਰਾਂਤੀ ਨੇ ਭਾਰਤ ਨੂੰ ਇਕ ਆਤਮ-ਨਿਰਭਰ ਰਾਸ਼ਟਰ ਬਣਾਇਆ। ਅੱਜ ਭਾਰਤ ਦਾਲਾਂ ਅਤੇ ਕਣਕ ਦਾ ਸਭ ਤੋਂ ਵੱਡਾ ਉਤਪਾਦਕ ਹੈ ਅਤੇ ਵਿਸ਼ਵ ਪੱਧਰ 'ਤੇ ਦਾਲਾਂ, ਕਣਕ, ਚਾਵਲ ਅਤੇ ਗੰਨੇ ਦਾ ਦੂਜਾ ਸਭ ਤੋਂ ਵੱਡਾ ਉਤਪਾਦਕ ਹੈ।

**ਸਪੇਸ ਤਕਨਾਲੌਜੀ:** 'ਇੰਡੀਅਨ ਸਪੇਸ ਰਿਸਰਚ ਆਰਗੇਨਾਈਜੇਸ਼ਨ' (ਇਸਰੋ) ਦੀ ਸਥਾਪਨਾ 15 ਅਗਸਤ, 1969 ਨੂੰ ਕੀਤੀ ਗਈ ਸੀ, ਜਿਸਨੇ ਭਾਰਤ ਵਿਚ ਪੁਲਾੜ ਖੋਜ ਨੂੰ ਨਵੀਂ ਉਡਾਣ ਦਿੱਤੀ ਸੀ। 1975 ਵਿਚ, ਭਾਰਤ ਨੇ ਆਪਣਾ ਪਹਿਲਾ ਪੁਲਾੜ ਉਪਗ੍ਰਹਿ 'ਆਰੀਆ ਭੱਟ' ਲਾਂਚ ਕੀਤੀ ਅਤੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਰਾਕੇਸ਼ ਸ਼ਰਮਾ 1986 ਵਿਚ ਪੁਲਾੜ ਵਿਚ ਜਾਣ ਵਾਲੇ ਪਹਿਲੇ ਭਾਰਤੀ ਬਣੇ ਸਨ ਅਤੇ ਵਰਤਮਾਨ ਵਿਚ ''ਮੇਕ ਇਨ ਇੰਡੀਆ'' ਪ੍ਰੋਗਰਾਮ ਦੇ ਤਹਿਤ ਸਭ ਤੋਂ ਵਧੀਆ ਸਵਦੇਸ਼ੀ ਤਕਨਾਲੌਜੀ ਆਧਾਰਿਤ ਲਾਂਚ ਵਾਹਨਾਂ ਦਾ ਨਿਰਮਾਣ ਕੀਤਾ ਗਿਆ ਹੈ। 2008 ਵਿਚ ਭਾਰਤ ਨੇ ਪੀ. ਐਸ. ਐਲ. ਟੀ.- ਸੀ9 ਰਾਹੀਂ ਇਕ ਮਿਸ਼ਨ ਵਿਚ 10 ਸੈਟੇਲਾਈਟਾਂ ਨੂੰ ਆਰਬਿਟ ਵਿਚ ਭੇਜਣ ਦਾ ਵਿਸ਼ਵ ਰਿਕਾਰਡ ਬਣਾਇਆ। ਅਸੀਂ ਚੰਦਰਯਾਨ ਵਰਗੇ ਉਪਗ੍ਰਹਿ ਸਫਲਤਾ ਪੂਰਵਕ ਚੰਦਰਮਾ 'ਤੇ ਲਾਂਚ ਕੀਤੇ ਅਤੇ ਮੰਗਲਯਾਨ ਰਾਹੀਂ ਆਪਣੀ ਪਹਿਲੀ ਕੋਸ਼ਿਸ਼ ਵਿਚ ਮੰਗਲ 'ਤੇ ਪਹੁੰਚਣ ਵਾਲਾ ਪਹਿਲਾ ਦੇਸ਼ ਬਣ ਗਿਆ।

**ਚਿੱਟੀ ਕ੍ਰਾਂਤੀ:** 1970 ਵਿਚ ਭਾਰਤ ਨੇ ਚਿੱਟੀ ਕ੍ਰਾਂਤੀ (ਅਪਰੇਸ਼ਨ ਫਲੱਡ) ਦੇਖੀ- ਵਿਸ਼ਵ ਦਾ ਸਭ ਤੋਂ ਵੱਡਾ ਡੇਅਰੀ ਵਿਕਾਸ ਪ੍ਰੋਗਰਾਮ, ਵਰਗੀਸ ਕੁਰੀਅਨ ਦੁਆਰਾ ਮੋਢੀ ਕੀਤਾ ਗਿਆ। ਇਸਨੇ ਭਾਰਤ ਨੂੰ ਦੁੱਧ ਦੀ ਘਾਟ ਵਾਲੇ ਦੇਸ਼ਾਂ ਤੋਂ ਦੁਨੀਆਂ ਦੇ ਸਭ ਤੋਂ ਵੱਡੇ ਦੁੱਧ ਉਤਪਾਦਕ ਦੇਸ਼ ਵਿਚ ਬਦਲ ਦਿੱਤਾ।

**ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ ਆਈ ਸੀ ਟੀ ਈ)-** ਉੱਚ ਸਿੱਖਿਆ ਵਿਭਾਗ ਦੇ ਅਧੀਨ, ਇਕ ਵਿਧਾਨਕ ਸੰਸਥਾ ਹੈ, ਅਤੇ ਤਕਨੀਕੀ ਸਿੱਖਿਆ ਲਈ ਇਕ ਰਾਸ਼ਟਰ-ਪੱਧਰੀ ਕੌਂਸਲ ਹੈ। ਨਵੰਬਰ 1945 ਵਿਚ ਪਹਿਲਾਂ ਇਕ ਸਲਾਹਕਾਰ ਸੰਸਥਾ ਦੇ ਰੂਪ ਵਿਚ ਸਥਾਪਤ ਕੀਤਾ ਗਿਆ ਅਤੇ ਬਾਅਦ ਵਿਚ 1987 ਵਿਚ ਸੰਸਦ ਦੇ ਇਕ ਐਕਟ ਦੁਆਰਾ ਵਿਧਾਨਕ ਦਰਜਾ ਦਿੱਤਾ ਗਿਆ। ਇਹ ਸੰਸਥਾ ਭਾਰਤ ਵਿਚ ਤਕਨੀਕੀ ਸਿੱਖਿਆ ਅਤੇ ਪ੍ਰਬੰਧਨ ਸਿੱਖਿਆ ਪ੍ਰਣਾਲੀ ਦੀ ਸਹੀ ਯੋਜਨਾਬੰਦੀ ਅਤੇ ਤਾਲਮੇਲ ਵਾਲੇ ਵਿਕਾਸ ਲਈ ਜ਼ਿੰਮੇਵਾਰ ਹੈ।

ਇਸ ਦੀ ਸਹਾਇਤਾ 10 ਸਟੈਚੂਟਰੀ ਬੋਰਡ ਆਫ ਸਟੱਡੀਜ਼ ਦੁਆਰਾ ਕੀਤੀ ਜਾਂਦੀ ਹੈ, ਅਰਥਾਤ, ਇੰਜੀਨੀਅਰਿੰਗ ਵਿਚ ਯੂਜੀ ਸਟੱਡੀਜ਼, ਵੋਕੇਸ਼ਨਲ ਐਜੂਕੇਸ਼ਨ, ਟੈਕਨੀਕਲ ਐਜੂਕੇਸ਼ਨ, ਫਾਰਮਾਸਿਊਟੀਕਲ ਐਜੂਕੇਸ਼ਨ, ਆਰਕੀਟੈਕਚਰ, ਹੋਟਲ ਮੈਨੇਜਮੈਂਟ ਅਤੇ ਕੇਟਰਿੰਗ ਟੈਕਨਾਲੌਜੀ, ਸੂਚਨਾ ਤਕਨਾਲੌਜੀ, ਟਾਊਨ ਐਂਡ ਕੰਟਰੀ ਪਲੈਨਿੰਗ। ਇਸਦਾ ਨਵੀਂ ਦਿੱਲੀ ਵਿਚ ਮੁੱਖ ਦਫ਼ਤਰ ਹੈ, ਨਾਲ ਹੀ ਇਸ ਦੇ ਖੇਤਰੀ ਦਫ਼ਤਰ ਕਾਨਪੁਰ, ਚੰਡੀਗੜ੍ਹ ਵਿਖੇ ਹਨ। ਗੁੜਗਾਉਂ, ਮੁੰਬਈ, ਭੋਪਾਲ, ਵਡੋਦਰਾ, ਕੋਲਕਾਤਾ, ਗੁਹਾਟੀ, ਬੰਗਲੌਰ, ਹੈਦਰਾਬਾਦ, ਚੇਨਈ ਅਤੇ ਤਿਰੂਵਨੰਤਪੁਰਮ ਹਨ।

ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ, 1987 ਦੇ ਅਨੁਸਾਰ, ਏ. ਆਈ. ਸੀ. ਟੀ. ਈ. ਕੋਲ ਨਿਯਮਾਂ ਅਤੇ ਮਾਪਦੰਡਾਂ ਦੀ ਯੋਜਨਾਬੰਦੀ, ਨਿਰਮਾਣ ਅਤੇ ਰੱਖ-ਰਖਾਅ, ਸਕੂਲ ਮਾਨਤਾ ਦੁਆਰਾ ਗੁਣਵੱਤਾ ਦਾ ਭਰੋਸਾ, ਤਰਜੀਹੀ ਖੇਤਰਾਂ ਵਿਚ ਫੀਡਿੰਗ, ਨਿਗਰਾਨੀ ਅਤੇ ਮੁਲਾਂਕਣ, ਪ੍ਰਮਾਣੀਕਰਨ ਦੀ ਸਮਾਨਤਾ ਬਣਾਈ ਰੱਖਣ ਅਤੇ ਪੁਰਸਕਾਰ ਅਤੇ ਦੇਸ਼ ਵਿਚ ਤਕਨੀਕੀ ਸਿੱਖਿਆ ਦੇ ਤਾਲਮੇਲ ਅਤੇ ਏਕੀਕ੍ਰਿਤ ਵਿਕਾਸ ਅਤੇ ਪ੍ਰਬੰਧਨ ਨੂੰ ਯਕੀਨੀ ਬਣਾਉਣਾ। ਐਕਟ ਦੇ ਹੀ ਸ਼ਬਦਾਂ ਵਿਚ: ਦੇਸ਼ ਭਰ ਵਿਚ ਤਕਨੀਕੀ ਸਿੱਖਿਆ ਪ੍ਰਣਾਲੀ ਦੀ ਸਹੀ ਯੋਜਨਾਬੰਦੀ ਅਤੇ ਤਾਲਮੇਲ ਵਾਲੇ ਵਿਕਾਸ ਦੇ ਦ੍ਰਿਸ਼ਟੀਕੋਣ ਨਾਲ ਤਕਨੀਕੀ ਸਿੱਖਿਆ ਲਈ ਇਕ ਆਲ ਇੰਡੀਆ ਕੌਂਸਲ ਦੀ ਸਥਾਪਨਾ ਲਈ, ਯੋਜਨਾਬੱਧ ਮਾਤਰਾਤਮਕ ਵਿਕਾਸ ਅਤੇ ਨਿਯਮਾਂ ਦੇ ਸਬੰਧ ਵਿਚ ਅਜਿਹੀ ਸਿੱਖਿਆ ਦੇ ਗੁਣਾਤਮਕ ਸੁਧਾਰ ਨੂੰ ਉਤਸ਼ਾਹਿਤ ਕਰਨਾ ਅਤੇ ਤਕਨੀਕੀ ਸਿੱਖਿਆ ਪ੍ਰਣਾਲੀ ਵਿਚ ਨਿਯਮਾਂ ਅਤੇ ਮਾਪਦੰਡਾਂ ਦੀ ਸਹੀ ਸਾਂਭ-ਸੰਭਾਲ ਅਤੇ ਇਕ ਨਾਲ ਜੁੜੇ ਮਾਮਲਿਆਂ ਲਈ ਉਸਾਰੂ ਆਦੇਸ਼ ਦੇਣਾ ਸ਼ਾਮਲ ਹੈ।


ਪ੍ਰੋ. ਐਚ. ਐਲ. ਕਪੂਰ

**ਸਿੱਖਿਆ ਦਾ ਅਧਿਕਾਰ:** ਭਾਰਤ ਨੇ ਸਿੱਖਿਆ ਨੂੰ ਭਾਰਤੀ ਵਿਕਾਸ ਦਾ ਇਕ ਅਜਿਹਾ ਹਿੱਸਾ ਬਣਾਉਣ ਵਿਚ ਬਹੁਤ ਲੰਮਾ ਸਫ਼ਰ ਤਹਿ ਕੀਤਾ ਹੈ। ਸਿੱਖਿਆ ਦਾ ਅਧਿਕਾਰ ਐਕਟ, 2010 ਸਿੱਖਿਆ ਨੂੰ ਹਰੇਕ ਬੱਚੇ ਦੇ ਬੁਨਿਆਦੀ ਅਧਿਕਾਰ ਵਜੋਂ ਪੁਸ਼ਟੀ ਕਰਦਾ ਹੈ, ਜੋ ਸਾਰਿਆਂ ਨੂੰ ਮੁਫ਼ਤ ਅਤੇ ਲਾਜ਼ਮੀ ਮੁਢਲੀ ਸਿੱਖਿਆ ਪ੍ਰਦਾਨ ਕਰਦਾ ਹੈ।

**ਅਰਥਵਿਵਸਥਾ ਦਾ ਵਿਸ਼ਵੀਕਰਨ:** ਭਾਰਤ ਨੇ ਆਜ਼ਾਦੀ ਤੋਂ ਬਾਅਦ ਉਦਯੋਗਿਕ ਵਿਕਾਸ ਦੇ ਮਾਮਲੇ ਵਿਚ ਵੀ ਮਹੱਤਵਪੂਰਨ ਤਰੱਕੀ ਕੀਤੀ ਹੈ। 1991 ਦੀ ਉਦਯੋਗਿਕ ਨੀਤੀ ਨੇ ਇਕ ਵੱਡੇ ਆਰਥਿਕ ਸੁਧਾਰ ਦਾ ਗਠਨ ਕੀਤਾ ਹੈ ਅਤੇ ਉਦਯੋਗਿਕ ਖੇਤਰ ਨੂੰ ਮੁੜ ਸੁਰਜੀਤ ਕਰਨ ਲਈ ਪੇਸ਼ ਕੀਤਾ ਗਿਆ ਹੈ ਤੇ ਭਾਰਤੀ ਅਰਥ ਵਿਵਸਥਾ ਨੇ ਵਿਦੇਸ਼ੀ ਨਿਵੇਸ਼ਕਾਂ ਦੁਆਰਾ ਮੁਫ਼ਤ ਵਪਾਰ ਲਈ ਦਰਵਾਜ਼ੇ ਖੋਲ੍ਹ ਦਿੱਤੇ ਹਨ। ਨਤੀਜੇ ਵਜੋਂ ਉਦਯੋਗਿਕ ਲਾਇਸੈਂਸਿੰਗ ਪ੍ਰਣਾਲੀ ਨੂੰ ਖਤਮ ਕਰ ਦਿੱਤਾ ਅਤੇ ਖੇਤਰ ਨੂੰ ਵਧੇਰੇ ਨਿੱਜੀ ਖੇਤਰ ਦੀ ਭਾਗੀਦਾਰੀ ਦੇ ਨਾਲ ਵਿਦੇਸ਼ੀ ਨਿਵੇਸ਼ ਲਈ ਖੋਲ੍ਹ ਦਿੱਤਾ ਹੈ ਤੇ ਇਸ ਨਾਲ ਅੱਜ ਭਾਰਤ ਦੀ ਆਰਥਿਕਤਾ ਸੰਸਾਰ ਪੱਧਰ 'ਤੇ ਤੀਸਰੇ ਨੰਬਰ 'ਤੇ ਆ ਗਈ ਹੈ।

**ਪੋਲੀਓ ਦਾ ਅੰਤ:** ਦੇਸ਼ ਦੀ ਨਵੀਨਤਾ ਦੇ ਸੱਭਿਆਚਾਰ ਤੋਂ ਬਹੁਤ ਤਰੱਕੀ ਹੋਈ ਹੈ, ਜਿਸ ਨੇ ਕੁਝ ਅਸਲ, ਅਸਲੀ ਅਤੇ ਰਚਨਾਤਮਕ ਹੱਲ ਪੈਦਾ ਕੀਤੇ ਹਨ। ਫਿਰ ਵੀ, ਸਹਾਇਤਾ ਨੇ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਵਿਦੇਸ਼ਾਂ ਦੀਆਂ ਕਈ ਫਾਊਂਡੇਸ਼ਨਾਂ ਤੇ ਸੰਸਥਾਵਾਂ ਨੇ ਭਾਰਤ ਨਾਲ ਮਿਲ ਕੇ ਬਿਮਾਰੀਆਂ ਅਤੇ ਗਰੀਬੀ ਨਾਲ ਲੜਨ ਲਈ ਵੱਡੀ ਪੱਧਰ 'ਤੇ ਨਿਵੇਸ਼ ਕੀਤਾ ਹੈ। ਇਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਭਾਰਤ ਵਿਚ ਕਾਫੀ ਹੱਦ ਤੱਕ ਸੁਧਾਰ ਨਜ਼ਰ ਆ ਰਿਹਾ ਹੈ ਤੇ ਅੱਗੇ ਭਵਿੱਖ ਵਿਚ ਹੋਰ ਸੁਧਾਰ ਦੀ ਆਸ ਵੀ ਨਜ਼ਰ ਆ ਰਹੀ ਹੈ।

ਸਿਹਤ ਦੇ ਖੇਤਰ ਵਿਚ ਪੋਲੀਓ ਨੂੰ ਖਤਮ ਕਰਨ ਅਤੇ ਏਡਜ਼ ਅਤੇ ਤਪਦਿਕ ਵਰਗੀਆਂ ਛੂਤ ਦੀਆਂ ਬਿਮਾਰੀਆਂ ਦੇ ਫੈਲਣ ਨੂੰ ਘਟਾਉਣ 'ਤੇ ਬਹੁਤ ਕੰਮ ਹੋਇਆ ਹੈ ਤੇ ਇਹ ਦੁਨੀਆਂ ਭਰ ਵਿਚ ਇਕ ਮਾਡਲ ਵਜੋਂ ਉਭਰਿਆ ਹੈ ਤੇ ਦੂਸਰੇ ਦੇਸ਼ਾਂ ਲਈ ਇਕ ਪ੍ਰੇਰਨਾ ਸਰੋਤ ਬਣ ਗਿਆ ਹੈ। ਉਦਾਹਰਣ ਵਜੋਂ, ਭਾਰਤ ਵਿਚ ਉੱਚ ਗੁਣਵੱਤਾ, ਘੱਟ ਲਾਗਤ ਵਾਲੀਆਂ ਵੈਕਸੀਨਾਂ, ਦਵਾਈਆਂ ਤੇ ਮੈਡੀਕਲ ਦੇ ਉਪਕਰਨਾਂ ਦੇ ਵਿਕਾਸ ਵਿਚ ਇਕ ਵਿਸ਼ਵ ਨੇਤਾ ਬਣ ਗਿਆ ਹੈ ਜੋ ਨਾ ਸਿਰਫ ਦੱਖਣੀ ਏਸ਼ੀਆ ਵਿਚ ਸਗੋਂ ਅਫਰੀਕਾ ਅਤੇ ਹੋਰ ਥਾਂਵਾਂ 'ਤੇ ਵੀ ਸਿਹਤ ਨੂੰ ਸੁਧਾਰਨ ਲਈ ਵੱਡੀ ਭੂਮਿਕਾ ਨਿਭਾਅ ਰਿਹਾ ਹੈ।

ਭਾਰਤ ਵਿਚ ਪੋਲੀਓ ਦਾ ਆਖਰੀ ਨਵਾਂ ਕੇਸ ਸਾਹ-ਮਣੇ ਆਏ ਨੂੰ ਹੁਣ ਕਈ ਸਾਲਾਂ ਤੋਂ ਵੱਧ ਦਾ ਸਮਾਂ ਹੋ ਗਿਆ ਹੈ। 13 ਜਨਵਰੀ 2011 ਨੂੰ ਅਧਿਕਾਰਿਤ ਤੌਰ 'ਤੇ ਪੋਲੀਓ ਗ੍ਰਸਤ ਦੇਸ਼ਾਂ ਦੀ ਸੂਚੀ 'ਚੋਂ ਵਿਸ਼ਵ ਸਿਹਤ ਸੰਗਠਨ ਨੇ ਹਟਾ ਦਿੱਤਾ ਹੈ ਕਿਉਂਕਿ ਹੁਣ ਪੋਲੀਓ ਦਾ ਕੋਈ ਵੀ ਰੋਗੀ ਭਾਰਤ ਵਿਚ ਨਹੀਂ ਆਉਂਦਾ ਹੈ।

ਇਹ ਵਿਸ਼ੇਸ਼ ਤੌਰ 'ਤੇ ਬਹੁਤ ਵਧੀਆ ਹੈ ਜਦੋਂ ਤੁਸੀਂ ਇਸ ਨੂੰ ਸੰਦਰਭ ਵਿਚ ਦੇਖਦੇ ਹੋ। ਪੋਲੀਓਗ੍ਰਸਤ ਦੇਸ਼ਾਂ ਦੀ ਸੂਚੀ 'ਚੋਂ ਹਟਾਏ ਜਾਣ ਤੋਂ ਕੋਈ ਤਿੰਨ ਸਾਲ ਪਹਿਲਾਂ, ਭਾਰਤ ਵਿਚ ਦੁਨੀਆਂ ਦੇ ਕਿਸੇ ਵੀ ਹੋਰ ਥਾਂ ਨਾਲੋਂ 1994 ਵਿਚ ਭਾਰਤ ਵਿਚ ਪੋਲੀਓ ਦੇ 60 ਫੀਸਦੀ ਕੇਸ ਸਨ। ਦੋ ਦਹਾਕਿਆਂ ਦੇ ਅੰਦਰ, ਭਾਰਤ ਨੇ 2014 ਵਿਚ ਵਿਸ਼ਵ ਸਿਹਤ ਸੰਗਠਨ ਤੋਂ 'ਪੋਲੀਓ ਮੁਕਤ ਸਰਟੀਫਿਕੇਟ' ਪ੍ਰਾਪਤ ਕੀਤਾ। ਪੋਲੀਓ ਨੂੰ ਰੋਕਣ ਲਈ ਜਾਗਰੂਕ ਅੰਦੋਲਨ ਨੇ ਨਾਟਕੀ ਢੰਗ ਨਾਲ ਜੀਵਨ ਦੀ ਸੰਭਾਵਨਾ ਨੂੰ 32 ਸਾਲ (1947) ਤੋਂ ਵਧਾ ਕੇ 68.89 ਸਾਲ ਕਰ ਦਿੱਤਾ। ਪੋਲੀਓ ਦੀ ਸਮੱਸਿਆ ਨਾਲ ਨਜਿੱਠਣਾ ਸਭ ਤੋਂ ਔਖਾ ਲੱਗਦਾ ਸੀ। ਉਨ੍ਹਾਂ ਦੇਸ਼ਾਂ ਦੀ ਤੁਲਨਾ ਵਿਚ ਜਿੱਥੇ ਪੋਲੀਓ ਜਾਰੀ ਹੈ, ਭਾਰਤ ਹੁਣ ਤੱਕ ਸਭ ਤੋਂ ਵੱਡਾ ਹੈ, ਸਭ ਤੋਂ ਵੱਧ ਬੱਚੇ ਹਨ ਅਤੇ ਅਜੇ ਵੀ ਅਜਿਹੇ ਖੇਤਰ ਨੂੰ ਜਿੱਥੇ ਸਵੱਛਤਾ, ਮਾੜੀ ਹੈ। ਦੇਸ਼ ਦੇ ਅੰਦਰ ਬਹੁਤ ਸਾਰੀਆਂ ਲਹਿਰਾਂ ਹਨ, ਜੋ ਲਾਗ ਫੈਲਾਉਣ ਦਾ ਰੁਝਾਨ ਰੱਖਦੀਆਂ ਹਨ।

(ਬਾਕੀ ਅਗਲੇ ਸਫੇ 'ਤੇ)

# 'ਆਜ਼ਾਦੀ ਤੋਂ ਬਾਅਦ ਭਾਰਤ ਦੀ ਤਰੱਕੀ'

(ਸਫਾ 20 ਦੀ ਬਾਕੀ)

ਫਿਰ ਵੀ ਭਾਰਤ ਪੋਲੀਓ 'ਤੇ ਚੁਣੌਤੀ ਲਈ ਸੱਚ-ਮੁਚ ਅੱਗੇ ਵਧਿਆ ਹੈ।ਸਰਕਾਰ ਨੇ ਆਪਣੇ ਖੁਦ ਦੇ ਪ੍ਰੋਗਰਾਮ ਤਹਿਤ ਖਾਤਮੇ ਲਈ ਫੰਡ ਦਿੱਤੇ। ਉਹਨਾਂ ਨੇ ਅਸਲ ਵਿਚ ਮਾਵਾਂ ਨੂੰ ਇਸ ਬਾਰੇ ਜਾਗਰੂਕ ਕੀਤਾ ਕਿ ਟੀਕਾਕਰਨ ਬੱਚਿਆਂ ਲਈ ਚੰਗਾ ਕਿਉਂ ਹੈ। ਸਾਲ ਵਿਚ ਦੋ ਵਾਰ, ਦੋ ਮਿਲੀਅਨ ਵਾਲੰਟੀਅਰ ਦੇਸ਼ ਭਰ ਵਿਚ ਦੋ ਵਾਰ, ਦੋ ਮਿਲੀਅਨ ਵਲੰਟੀਅਰ ਦੇਸ਼ ਭਰ ਵਿਚ ਅੱਠ ਲੱਖ ਤੋਂ ਵੀ ਵੱਧ ਟੀਕਾਕਰਨ ਬੂਥ ਤਿਆਰ ਕਰਦੇ ਹਨ- ਸਕੂਲਾਂ, ਹਸਪਤਾਲਾਂ ਅਤੇ ਕਮਿਊਨਿਟੀ ਸੈਂਟਰਾਂ ਵਿਚ, ਉਹ ਇਕ-ਇਕ ਕਰਕੇ ਇਕ ਸੌ ਬਹੱਤਰ ਮਿਲੀਅਨ ਤੋਂ ਵੱਧ ਬੱਚਿਆਂ ਦਾ ਟੀਕਾਕਰਨ ਕਰਦੇ ਹਨ। ਰੋਟਰੀ ਇੰਟਰਨੈਸ਼ਨਲ, ਡਬਲਿਊ. ਐਚ. ਓ. ਅਤੇ ਯੂਨੀਸੇਫ ਵਰਗੇ ਭਾਈਵਾਲਾਂ ਨਾਲ ਕੰਮ ਕਰਦੇ ਹੋਏ, ਉਹਨਾਂ ਦੇ ਦੁਨੀਆਂ ਦੇ ਸਭ ਤੋਂ ਘੱਟ ਗਰੀਬ ਬੱਚਿਆਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਇਕ ਪ੍ਰਭਾਵਸ਼ਾਲੀ ਬੁਨਿਆਦੀ ਢਾਂਚਾ ਬਣਾਇਆ ਹੈ ਅਤੇ ਉਹ ਬੱਚਿਆਂ ਨੂੰ ਲੱਭਣ ਲਈ, ਇੱਥੋਂ ਤੱਕ ਕਿ ਪ੍ਰਵਾਸੀ ਮਜ਼ਦੂਰਾਂ ਦੇ ਬੱਚਿਆਂ ਨੂੰ, ਟੀਕਾਕਰਨ ਦੇ ਪੱਧਰ ਨੂੰ 90 ਪ੍ਰਤੀਸ਼ਤ ਤੋਂ ਉਪਰ ਪ੍ਰਾਪਤ ਕਰਨ ਲਈ ਪਾਲਣਾ ਕਰਨ ਵਿਚ ਬਹੁਤ ਨਿਰੰਤਰ ਰਹੇ ਹਨ ਅਤੇ ਇਸ ਤਰ੍ਹਾਂ ਬਿਮਾਰੀ ਰੁਕ ਗਈ ਹੈ।

ਭਾਰਤ ਨੂੰ ਇਸ ਪ੍ਰਾਪਤੀ 'ਤੇ ਬਹੁਤ ਮਾਣ ਹੈ, ਅਤੇ ਇਹ ਸਹੀ ਵੀ ਹੈ। ਇਹ ਰਾਜਨੀਤਿਕ ਇੱਛਾ ਸ਼ਕਤੀ, ਸਮਰਪਿਤ ਸਰੋਤਾਂ ਅਤੇ ਸਖ਼ਤ ਪ੍ਰਬੰਧਨ ਅਤੇ ਜਵਾਬਦੇਹੀ ਦਾ ਸਿੱਧਾ ਨਤੀਜਾ ਹੈ। ਸਰਕਾਰ ਦੇ ਨੇਤਾਵਾਂ ਦੀ ਵਚਨਬੱਧਤਾ ਬਹੁਤ ਮਹੱਤਵਪੂਰਨ ਰਹੀ ਹੈ ਅਤੇ ਇਹ ਵਚਨਬੱਧਤਾ ਹੋਰ ਸਿਹਤ ਸਮੱਸਿਆਵਾਂ ਵਿਚ ਮਦਦ ਕਰ ਰਹੀ ਹੈ। ਸਭ ਤੋਂ ਗਰੀਬ ਅਤੇ ਸਭ ਤੋਂ ਵੱਧ ਪਹੁੰਚਯੋਗ ਥਾਂਵਾਂ 'ਤੇ ਟੀਕਾਕਰਨ ਦਾ ਵਿਸਥਾਰ ਕਰਕੇ, ਪੋਲੀਓ ਵਿਰੁੱਧ ਮੁਹਿੰਮ ਨੇ ਬਿਹਤਰ ਜਨਤਕ ਸਿਹਤ ਡਿਲੀਵਰੀ ਪ੍ਰਣਾਲੀਆਂ ਸਥਾਪਤ ਕਰਨ ਵਿਚ ਮਦਦ ਕੀਤੀ ਹੈ ਜੋ ਲੱਖਾਂ ਬੱਚਿਆਂ ਅਤੇ ਪਰਿਵਾਰਾਂ ਦੀ ਭਲਾਈ ਨੂੰ ਬਿਹਤਰ ਬਣਾ ਸਕਦੀ ਹੈ।

ਭਾਰਤ ਦਾ ਤਜਰਬਾ ਦੁਨੀਆਂ ਭਰ ਦੇ ਵਿਕਾਸਸ਼ੀਲ ਅਤੇ ਨਵੇਂ ਉਦਯੋਗਿਕ ਦੇਸ਼ਾਂ ਲਈ ਸਬਕ ਦਿੰਦਾ ਹੈ। ਇਹ ਸਾਬਤ ਕਰਦਾ ਹੈ ਕਿ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਪੋਲੀਓ ਅਤੇ ਹੋਰ ਬਿਮਾਰੀਆਂ ਦੇ ਵਿਰੁੱਧ, ਨਾਲ ਹੀ ਸਭ ਤੋਂ ਚੁਣੌਤੀਪੂਰਨ ਸਥਿਤੀਆਂ ਵਿਚ ਵੀ ਕੀਤਾ ਜਾ ਸਕਦਾ ਹੈ।

**ਐਚ. ਆਈ. ਵੀ./ ਏਡਜ਼ ਅਤੇ ਤਪਦਿਕ ਨੂੰ ਰੋਕਣਾ:** ਭਾਰਤ ਦੀ ਤਰੱਕੀ ਦੀ ਇਕ ਹੋਰ ਮਹਾਨ ਉਦਾਹਰਣ ਐਚ. ਆਈ. ਵੀ./ਏਡਜ਼ ਦੇ ਫੈਲਣ ਨੂੰ ਰੋਕਣ ਦੇ ਕੰਮ ਵਿਚ ਹੈ। ਸੰਸਾਰ ਦੇ ਕਈ ਅਗਾਂਹਵਧੂ ਦੇਸ਼ਾਂ ਦੀਆਂ ਫਾਊਂਡੇਸ਼ਨਾਂ ਲੰਮੇ ਸਮੇਂ ਤੋਂ ਇਸ ਖੇਤਰ ਵਿਚ ਭਾਰਤ ਦੀ ਮਦਦ ਕਰ ਰਹੀਆਂ ਹਨ। ਕਈ ਭਾਰਤੀ ਭਾਈਵਾਲਾਂ ਦੇ ਨਾਲ, ਇਹਨਾਂ ਦੇਸ਼ਾਂ ਨੇ ਇਸ ਖੇਤਰ ਵਿਚ ਉਸਾਰੂ ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਹ ਭਾਈਚਾਰਿਆਂ ਵਿਚ ਅਤੇ ਗਲੀ-ਮੁਹੱਲਾ ਪੱਧਰ 'ਤੇ ਐਚ. ਆਈ. ਵੀ./ਏਡਜ਼ ਨਾਲ ਲੜ ਰਿਹਾ ਹੈ, ਸਥਾਨਕ ਸਮੂਹਾਂ ਨੂੰ ਡੋਰ-ਟੂ-ਡੋਰ ਕਾਊਂਸਲਰ ਤਾਇਨਾਤ ਕਰਨ, ਕੰਡੋਮ ਵੰਡਣ ਅਤੇ ਐਚ. ਆਈ. ਵੀ. ਟੈਸਟਿੰਗ, ਇਲਾਜ ਅਤੇ ਦੇਖਭਾਲ ਪ੍ਰਦਾਨ ਕਰਨ ਵਿਚ ਮਦਦ ਕਰ ਰਿਹਾ ਹੈ।

ਭਾਰਤ ਸਰਕਾਰ ਦੁਆਰਾ ਮਹੱਤਵਪੂਰਨ ਅਗਵਾਈ ਪ੍ਰਦਾਨ ਕੀਤੀ ਗਈ ਹੈ, ਜਿਸ ਨੇ ਐਚ. ਆਈ. ਵੀ./ਏਡਜ਼ ਲਈ ਫੰਡਿੰਗ ਵਧਾ ਦਿੱਤੀ ਹੈ ਅਤੇ ਇਕ ਰਾਸ਼ਟਰੀ ਰਣਨੀਤਿਕ ਯੋਗਤਾ ਦੀ ਸਥਾਪਨਾ ਕੀਤੀ ਹੈ, ਜਿਸ ਵਿਚ ਕਮਿਊਨਿਟੀ ਦੀ ਅਗਵਾਈ ਵਾਲੀ ਐਚ. ਆਈ. ਵੀ. ਦੀ ਰੋਕਥਾਮ ਸ਼ਾਮਲ ਹੈ। ਨੈਸ਼ਨਲ ਏਡਜ਼ ਕੰਟਰੋਲ ਆਰਗੇਨਾਈਜੇਸ਼ਨ ਨੇ ਬਹੁਤ ਵਧੀਆ ਕੰਮ ਕੀਤਾ ਹੈ। ਨੈਸ਼ਨਲ ਏਡਜ਼ ਕੰਟਰੋਲ ਆਰਗੇਨਾਈਜੇਸ਼ਨ (ਐਨ. ਏ. ਸੀ. ਓ.) ਅਤੇ ਕਈ ਸਮਾਜ ਸੇਵੀ ਸੰਗਠਨਾਂ ਨੇ ਪਿਛਲੇ ਲੰਮੇ ਸਮੇਂ ਤੋਂ ਐਚ. ਆਈ. ਵੀ./ਏਡਜ਼ ਦੀਆਂ ਘਟ-ਨਾਵਾਂ ਵਿਚ ਤਕਰੀਬਨ ਪੰਜਾਹ ਫੀਸਦੀ ਦੀ ਕਮੀ ਤੋਂ ਵੱਧ ਵਿਚ ਯੋਗਦਾਨ ਪਾਇਆ ਹੈ। ਇਸ ਨੇ ਭਾਰਤ ਨੂੰ ਏਡਜ਼ ਦੇ ਘੱਟ ਕੇਸਾਂ ਕਾਰਨ ਸਿਹਤ ਖਰਚਿਆਂ ਵਿਚ, ਸੌ ਮਿਲੀਅਨ ਡਾਲਰਾਂ ਦੀ ਬੱਚਤ ਕੀਤੀ ਹੈ।

ਹੁਣ ਐਨ. ਏ. ਸੀ. ਓ. ਰਾਜ ਸਰਕਾਰਾਂ ਦੁਆਰਾ ਸਮਾਜ ਸੇਵੀ ਸੰਗਠਨਾਂ ਨੂੰ ਪ੍ਰਬੰਧਨ ਵਿਚ ਸੁਚਾਰੂ ਤਬਦੀਲੀ ਦੀ ਸਹੂਲਤ ਪ੍ਰਦਾਨ ਕਰ ਰਿਹਾ ਹੈ। ਇਹ ਤਬਦੀਲੀ ਬਹੁਤ ਮਹੱਤਵਪੂਰਨ ਅਤੇ ਉਤਸ਼ਾਹਜਨਕ ਹੈ ਕਿਉਂਕਿ ਇਹ ਐਚ. ਆਈ. ਵੀ./ਏਡਜ਼ ਵਿਰੁੱਧ ਲੜਾਈ ਨੂੰ ਲੰਮੇ ਸਮੇਂ ਤੱਕ ਜਾਰੀ ਰੱਖਣ ਦੇ ਭਾਰਤ ਦੇ ਸੰਕਲਪ ਨੂੰ ਦਰਸਾਉਂਦਾ ਹੈ, ਜਿਸ ਨੂੰ ਅਸਲ ਵਿਚ ਇਸ ਚੀਜ਼ ਨੂੰ ਹਰਾਉਣ ਲਈ ਕੀ ਕਰਨਾ ਪਵੇਗਾ। ਫੰਡਰਾਂ ਅਤੇ ਸਰਕਾਰਾਂ ਵਿਚਕਾਰ ਸਹਿਯੋਗ ਕੀ ਪ੍ਰਾਪਤ ਕਰ ਸਕਦਾ ਹੈ, ਦੀ ਇਹ ਇਕ ਵਧੀਆ ਉਦਾਹਰਣ ਹੈ।

ਐਚ. ਆਈ. ਵੀ./ਏਡਜ਼ ਦੇ ਕੰਮ ਤੋਂ ਸਿੱਖੇ ਗਏ ਸਬਕਾਂ ਨੇ ਹੋਰ ਨਾਜ਼ੁਕ ਸਿਹਤ ਯਤਨਾਂ ਵਿਚ ਮਦਦ ਕੀਤੀ ਹੈ, ਜਿਵੇਂ ਕਿ ਅਨਨਿਆਂ ਭਾਈਵਾਲੀ, ਜੋ ਅਸਲ ਵਿਚ ਮਾਵਾਂ ਅਤੇ ਬੱਚੇ ਦੀ ਸਿਹਤ ਨੂੰ ਬਿਹਤਰ ਬਣਾਉਣ ਲਈ ਪ੍ਰੋਗਰਾਮਾਂ ਨੂੰ ਵਧਾ ਰਹੀ ਹੈ। ਭਾਰਤ ਹੋਰ ਦੇਸ਼ਾਂ ਲਈ ਵੀ ਇਕ ਨਮੂਨਾ ਹੈ ਕਿ ਜਿਵੇਂ ਐਚ. ਆਈ. ਵੀ. ਦੀ ਰੋਕਥਾਮ ਦੇ ਯਤਨਾਂ ਨੂੰ ਵਧਾਉਣਾ ਹੈ।

**ਤਪਦਿਕ ਅਤੇ ਟੀ. ਬੀ.:** ਦੇਸ਼ ਨੂੰ ਹੋਰ ਕਈ ਸਿਹਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਦਾਹਰਣ ਲਈ, ਭਾਰਤ ਵਿਚ ਦੁਨੀਆਂ ਵਿਚ ਸਭ ਤੋਂ ਵੱਡੀ ਤਪਦਿਕ ਮਹਾਂਮਾਰੀ ਹੈ, ਜਿੱਥੇ ਹਰ ਰੋਜ਼ ਟੀ. ਬੀ. ਨਾਲ ਲਗਭਗ ਇਕ ਹਜ਼ਾਰ ਮੌਤਾਂ ਹੁੰਦੀਆਂ ਹਨ। ਪਰ ਇਕ ਠੋਸ ਬੁਨਿਆਦੀ ਟੀ. ਬੀ. ਨਿਯੰਤਰਣ ਪ੍ਰੋਗਰਾਮ ਹੈ ਅਤੇ ਟੀ. ਬੀ. ਨੂੰ ਨਿਯੰਤਰਣ ਵਿਚ ਲਿਆਉਣ ਲਈ ਇਕ ਅਸਲ ਵਚਨਬੱਧਤਾ ਹੈ। ਸਰਕਾਰ ਦੀ ਟੀ. ਬੀ. ਦ ਸਾਰੇ ਮਰੀਜ਼ਾਂ ਨੂੰ ਚੰਗੀ ਤਸ਼ਖੀਸ ਅਤੇ ਇਲਾਜ ਤੱਕ ਵਿਆਪਕ ਪਹੁੰਚ ਪ੍ਰਦਾਨ ਕਰਨ ਲਈ ਇਕ ਅਭਿਲਾਸ਼ੀ ਰਣਨੀਤਿਕ ਯੋਜਨਾ ਹੈ। ਇਹ ਯੋਜਨਾ ਤੁਰੰਤ ਨਿਦਾਨ ਅਤੇ ਉਚਿਤ ਇਲਾਜ ਦੁਆਰਾ ਮਲਟੀਡਰੱਗ ਰੋਧਕ ਟੀ. ਬੀ. ਦੇ ਉਭਾਰ ਨੂੰ ਰੋਕ ਸਕਦੀ ਹੈ।

ਭਾਰਤ ਨੇ ਟੀ. ਬੀ. ਨੂੰ ਰਾਸ਼ਟਰੀ ਤੌਰ 'ਤੇ ਸੂਚਿਤ ਕਰਨ ਯੋਗ ਬਿਮਾਰੀ ਬਣਾ ਕੇ ਇਸ ਰਣਨੀਤੀ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਦਾ ਮਤਲਬ ਹੈ ਕਿ ਮਾਮਲਿਆਂ ਅਧਿਕਾਰੀਆਂ ਨੂੰ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ। ਇਹ ਯਕੀਨੀ ਬਣਾਉਣ ਵਿਚ ਮਦਦ ਕਰੇਗਾ ਕਿ ਉਨ੍ਹਾਂ ਨੂੰ ਲੋੜੀਂਦੀ ਦੇਖਭਾਲ ਪ੍ਰਾਪਤ ਹੋਵੇ, ਭਾਵੇਂ ਉਨ੍ਹਾਂ ਦਾ ਇਲਾਜ ਸਰਕਾਰੀ ਜਾਂ ਪ੍ਰਾਈਵੇਟ ਡਾਕਟਰਾਂ ਦੁਆਰਾ ਕੀਤਾ ਜਾ ਰਿਹਾ ਹੋਵੇ।

ਭਾਰਤ ਸੂਚਨਾ ਤਕਨਾਲੋਜੀ ਵਿਚ ਵੀ ਆਪਣੀ ਅਗਵਾਈ ਦੀ ਵਰਤੋਂ ਕਰ ਰਿਹਾ ਹੈ, ਜੋ ਬਿਮਾਰੀ ਦੇ ਫੈਲਣ ਦੀ ਨਿਗਰਾਨੀ ਕਰਨ, ਟੀ. ਬੀ. ਕੰਟਰੋਲ ਪ੍ਰੋਗਰਾਮ ਦੀ ਕੁਸ਼ਲਤਾ ਵਿਚ ਸੁਧਾਰ ਕਰਨ ਅਤੇ ਮਰੀਜ਼ਾਂ ਦੇ ਇਲਾਜ ਲਈ ਸਰਕਾਰੀ ਅਤੇ ਨਿੱਜੀ ਸਿਹਤ ਪ੍ਰਦਾਤਾਵਾਂ ਲਈ ਇਕ ਵੱਡੀ ਮਦਦ ਹੋ ਸਕਦੀ ਹੈ।

**ਘੱਟ ਲਾਗਤ ਵਾਲੇ ਟੀਕਿਆਂ 'ਤੇ ਮੋਹਰੀ:** ਕੁਝ ਦਹਾਕੇ ਪਹਿਲਾਂ ਭਾਰਤ ਵਿਚ, ਬਹੁਤ ਸਾਰੇ ਬੁਨਿਆਦੀ ਟੀਕੇ ਪ੍ਰਾਪਤ ਕਰਨਾ ਬੜਾ ਔਖਾ ਸੀ। ਉਹ ਲਗਭਗ ਸਾਰੇ ਵਿਦੇਸ਼ਾਂ ਤੋਂ ਆਯਾਤ ਕੀਤੇ ਜਾਂਦੇ ਸਨ। ਪਰ ਅੱਜ, ਭਾਰਤੀ ਨਿਰਮਾਤਾ ਟੀਕਿਆਂ ਦੀਆਂ ਕੀਮਤਾਂ ਨੂੰ ਘੱਟ ਕਰਨ ਅਤੇ ਉਹਨਾਂ ਨੂੰ ਨਾ ਸਿਰਫ ਭਾਰਤੀਆਂ, ਸਗੋਂ ਦੁਨੀਆਂ ਭਰ ਦੇ ਲੱਖਾਂ ਗਰੀਬ ਲੋਕਾਂ ਲਈ ਉਪਲਬਧ ਕਰਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਇਸ ਪਰਿਵਰਤਨ ਦੇ ਨੇਤਾਵਾਂ ਵਿਚੋਂ ਇਕ ਪੁਣੇ ਵਿਚ 'ਸੀਰਮ ਇੰਸਟੀਚਿਊਟ' ਹੈ। ਇਸ ਦੇ ਚੇਅਰਮੈਨ ਸਾਇਰਸ ਪੂਨਾਵਾਲਾ ਤੇ ਇਸ ਦੇ ਹੋਰ ਕਾਰਜਕਾਰੀ ਅਧਿਕਾਰੀ ਦਿਨ-ਰਾਤ ਕੰਮ ਕਰ ਰਹੇ ਹਨ। ਉਹਨਾਂ ਦਾ ਕੰਮ ਸਾਰੀ ਦੁਨੀਆਂ ਵਿਚ ਸਰਾਹਿਆ ਜਾਂਦਾ ਹੈ ਕਿਉਂਕਿ ਸੀਰਮ ਬਹੁਤ ਸਾਰੀਆਂ ਵੱਖ-ਵੱਖ ਬਿਮਾਰੀਆਂ ਲਈ ਉੱਚ-ਗੁਣਵੱਤਾ ਵਾਲੇ ਟੀਕੇ ਬਣਾਉਣ ਵਿਚ ਬਹੁਤ ਵਧੀਆ ਹੈ ਅਤੇ ਇਸ ਨੂੰ ਘੱਟ ਕੀਮਤ 'ਤੇ ਕਰ ਰਿਹਾ ਹੈ ਤਾਂ ਜੋ ਗਰੀਬ ਦੇਸ਼ ਇਹਨਾਂ ਨੂੰ ਬਰਦਾਸ਼ਤ ਕਰ ਸਕਣ।

ਸੀਰਮ ਹੌਲੀ-ਹੌਲੀ ਟੈਟਨਸ ਵਰਗੀਆਂ ਚੀਜ਼ਾਂ ਲਈ ਮੁਕਾਬਲਤਨ ਸਧਾਰਨ ਟੀਕੇ ਬਣਾਉਣ ਤੋਂ ਲੈ ਕੇ ਹੋਰ ਉਨਤ ਟੀਕੇ ਬਣਾਉਣ ਤੱਕ ਵਿਕਸਤ ਹੋਇਆ ਹੈ।

ਮੈਨਿਨਜਾਈਟਿਸ ਮਹਾਂਮਾਰੀ ਦੇ ਵਿਰੁੱਧ ਇਕ ਬਿਹਤਰ ਹਥਿਆਰ ਲਈ ਅਫ਼ਰੀਕੀ ਨੇਤਾਵਾਂ ਦੀ ਬੇਨਤੀ ਦੇ ਜਵਾਬ ਵਿਚ, ਸੀਰਮ ਨੇ ਮੈਨਿਨਜਾਈਟਿਸ-ਏ ਲਈ ਇਕ ਵੈਕਸੀਨ ਵਿਕਸਤ ਕੀਤੀ, ਖਾਸ ਤੌਰ 'ਤੇ ਗਰੀਬ ਦੇਸ਼ਾਂ ਲਈ ਬਣਾਈ ਗਈ ਪਹਿਲੀ ਵੈਕਸੀਨ ਹੈ। ਸੀਰਮ ਰੋਟਾਵਾਇਰਸ ਦੇ ਵਿਰੁੱਧ ਮਹੱਤਵਪੂਰਨ ਨਵੇਂ ਟੀਕੇ ਵਿਕਸਤ ਕਰ ਰਿਹਾ ਹੈ, ਜੋ ਦਸਤ ਅਤੇ ਉਲਟੀਆਂ ਦਾ ਕਾਰਨ ਬਣਦਾ ਹੈ ਜੋ ਹਰ ਸਾਲ ਗਰੀਬ ਦੇਸ਼ਾਂ ਵਿਚ ਲੱਖਾਂ ਬੱਚਿਆਂ ਦੀ ਮੌਤ ਕਰਦਾ ਹੈ।

ਸੀਰਮ ਵੈਕਸੀਨ ਦਾ ਵਿਸ਼ਵ ਦਾ ਸਭ ਤੋਂ ਉੱਚਾ ਆਵਾਜ਼ ਪ੍ਰਦਾਤਾ ਹੈ। ਇਹ ਬਹੁਤ ਉੱਚ ਗੁਣਵੱਤਾ, ਬਹੁਤ ਘੱਟ ਕੀਮਤ 'ਤੇ ਕਰਦਾ ਹੈ। ਇਹ ਵਿਕਾਸਸ਼ੀਲ ਅਤੇ ਨਵੇਂ ਉਦਯ-ੋਗੀਕਰਨ ਵਾਲੇ ਦੇਸ਼ਾਂ ਵਿਚ ਨਵੀਨਤਾ ਦੀ ਸੰਭਾਵਨਾ ਦੀ ਇਕ ਵਧੀਆ ਉਦਾਹਰਣ ਹੈ। ਇਹ ਨਵੀਨਤਾ ਜੋ ਹਰ ਜਗ੍ਹਾ ਗਰੀਬ ਲੋਕਾਂ ਨੂੰ ਲਾਭ ਪਹੁੰਚਾ ਸਕਦੀ ਹੈ।

**ਕੋਵਿਡ ਵਾਇਰਸ ਦਾ ਟੀਕਾਕਰਨ:** ਭਾਰਤ ਨੇ 16 ਜਨਵਰੀ 2021 ਨੂੰ ਕੋਵਿਡ-19 ਟੀਕਿਆਂ ਦਾ ਪ੍ਰਬੰਧਨ ਸ਼ੁਰੂ ਕੀਤਾ। 1 ਅਗਸਤ 2022 ਤੱਕ ਭਾਰਤ ਨੇ ਮੌਜੂਦਾ ਪ੍ਰਵਾਨਿਤ ਟੀਕਿਆਂ ਦੀਆਂ ਪਹਿਲੀ, ਦੂਜੀ ਅਤੇ ਸਾਵਧਾਨੀ (ਬੂਸਟਰ) ਖੁਰਾਕਾਂ ਸਮੇਤ ਕੁੱਲ ਮਿਲਾ ਕੇ 2.04 ਬਿਲੀਅਨ ਖ਼ੁਰਾਕਾਂ ਦਾ ਪ੍ਰਬੰਧਨ ਕੀਤਾ ਹੈ। ਭਾਰਤ ਵਿਚ 94 ਫੀਸਦੀ ਯੋਗ ਆਬਾਦੀ (12+) ਨੇ ਘੱਟੋ ਘੱਟ ਇਕ ਸ਼ਾਟ ਪ੍ਰਾਪਤ ਕੀਤੀ ਹੈ ਅਤੇ ਯੋਗ ਆਬਾਦੀ ਦਾ 86 ਫੀਸਦੀ (12+) ਪੂਰੀ ਤਰ੍ਹਾਂ ਟੀਕਾਕਰਨ ਕੀਤਾ ਗਿਆ ਹੈ। 'ਦਿਲ ਲੈਂਸੇਟ) ਵਿਚ ਪ੍ਰਕਾਸ਼ਿਤ ਜੂਨ 2022 ਦੇ ਇਕ ਅਧਿਐਨ ਦੇ ਅਨੁਸਾਰ ਭਾਰਤ ਵਿਚ ਕੋਵਿਡ-19 ਟੀਕਾਕਰਨ ਨੇ 8 ਦਸੰਬਰ 2020 ਤੋਂ 8 ਦਸੰਬਰ 2021 ਤੱਕ ਵਾਧੂ 4.2 ਮਿਲੀਅਨ ਮੌਤਾਂ ਨੂੰ ਰੋਕਿਆ ਹੈ।

**ਸੁਨਹਿਰੀ ਚਤੁਰਭੁਜ ਪ੍ਰੋਜੈਕਟ:** 2001 ਵਿਚ, ਵਾਜਪਾਈ ਸਰਕਾਰ ਨੇ ਗੋਲਡਨ ਚਤੁਰਭੁਜ ਦੀ ਸ਼ੁਰੂਆਤ ਕੀਤੀ। ਭਾਰਤ ਵਿਚ ਸਭ ਤੋਂ ਵੱਡਾ ਹਾਈਵੇਅ ਪ੍ਰੋਜੈਕਟ ਦਿੱਲੀ, ਮੁੰਬਈ, ਚੇਨਈ ਅਤੇ ਕੋਲਕਾਤਾ ਦੇ ਚਾਰ ਵੱਡੇ ਸ਼ਹਿਰਾਂ ਨੂੰ ਜੋੜਦਾ ਹੈ।

**ਤਿੰਨ ਤਲਾਕ ਰੱਦ ਕਰਨਾ:** ਸੁਪਰੀਮ ਕੋਰਟ ਨੇ ਤੁਰੰਤ 'ਤਿੰਨ ਤਲਾਕ' ਜਾਂ 'ਤਲਾਕ-ਏ-ਬਿੱਦਤ' ਦੀ ਪ੍ਰਥਾ ਨੂੰ ਰੱਦ ਕਰ ਦਿੱਤਾ ਜਿਸ ਵਿਚ ਮੁਸਲਮਾਨ ਮਰਦ ਆਪਣੀਆਂ ਪਤਨੀਆਂ ਨੂੰ ਲਗਾਤਾਰ ਤਿੰਨ ਵਾਰ ਤਲਾਕ ਦੇ ਕੇ ਤਲਾਕ ਦਿੰਦੇ ਸਨ।

**ਜੰਮੂ ਕਸ਼ਮੀਰ ਦੀ ਵੰਡ ਅਤੇ ਵਿਸ਼ੇਸ਼ ਦਰਜੇ ਦਾ ਅੰਤ:** 6 ਅਗਸਤ 2019 ਨੂੰ, ਸੰਸਦ ਨੇ ਜੰਮੂ ਅਤੇ ਕਸ਼ਮੀਰ ਨੂੰ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਦੋ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਵਿਚ ਵੰਡਣ ਵਾਲਾ ਇਕ ਬਿਲ ਪਾਸ ਕੀਤਾ ਅਤੇ ਧਾਰਾ 370 ਦੇ ਤਹਿਤ ਰਾਜ ਦੇ ਵਿਸ਼ੇਸ਼ ਦਰਜੇ ਨੂੰ ਖਤਮ ਕਰਨ ਦਾ ਮਤਾ ਵੀ ਪਾਸ ਕੀਤਾ।

**ਸਹਿਯੋਗ ਦੁਆਰਾ ਤਰੱਕੀ ਪ੍ਰਾਪਤ ਕਰਨਾ:** ਭਾਰਤ ਸਰਕਾਰ ਸਿਹਤ ਸੇਵਾਵਾਂ ਵਿਚ ਸਰਕਾਰੀ ਨਿਵੇਸ਼ ਨੂੰ ਵਧਾਉਣ ਲਈ ਵਚਨਬੱਧ ਹੈ, ਜੋ ਅਸਲ ਵਿਚ ਸਿਹਤ ਸੇਵਾਵਾਂ ਨੂੰ ਹੋਰ ਲੋਕਾਂ ਤੱਕ ਪਹੁੰਚਾਉਣ ਵਿਚ ਮਦਦ ਕਰ ਰਿਹਾ ਹੈ ਅਤੇ ਲੰਮੇ ਸਮੇਂ ਤੱਕ ਵੱਡੇ ਆਰਥਿਕ ਲਾਭਾਂ ਦਾ ਭੁਗਤਾਨ ਕਰਦਾ ਰਹੇਗਾ।

ਇਹ ਦੇਖਣ ਵਿਚ ਆਇਆ ਹੈ ਕਿ ਅਮਰੀਕਾ ਅਤੇ ਹੋਰ ਬਹੁਤ ਸਾਰੇ ਵਿਕਸਤ ਦੇਸ਼ਾਂ ਨਾਲ ਮਿਲ ਕੇ ਕੰਮ ਕਰਨ ਨਾਲ ਵਿਕਾਸ ਵਿਚ ਤੇਜੀ ਅਤੇ ਮਜ਼ਬੂਤੀ ਆਈ ਹੈ। ਬਿਹਾਰ, ਉਤਰ ਪ੍ਰਦੇਸ਼ ਤੇ ਦੇਸ਼ ਦੇ ਹੋਰ ਕਈ ਰਾਜਾਂ ਦੀਆਂ ਗਤੀਸ਼ੀਲ ਸਰਕਾਰਾਂ ਨੇ ਆਪਣੇ ਗਰੀਬ ਰਾਜਾਂ ਵਿਚ ਅੱਗੇ ਵਧਣ ਵਿਚ ਬਹੁਤ ਕੰਮ ਕੀਤਾ ਹੈ ਤੇ ਹੁਣ ਵੀ ਕੰਮ ਕਰ ਰਹੀਆਂ ਹਨ।

ਬਿਹਾਰ ਦੀ ਸਰਕਾਰ ਨੇ ਖੇਤੀ ਉਤਪਾਦਕਤਾ ਤੇ ਹੋਰ ਕਈ ਖੇਤਰਾਂ ਵਿਚ ਸ਼ਾਨਦਾਰ ਕੰਮ ਕੀਤਾ ਹੈ ਤੇ ਸਿਹਤ ਦੇ ਖੇਤਰ ਵਿਚ ਵੀ ਬਹੁਤ ਸੁਧਾਰ ਕੀਤਾ ਹੈ। ਬਿਹਾਰ ਰਾਜ ਦੀ ਮਾਵਾਂ ਦੀ ਮੌਤ ਦਰ ਭਾਰਤ ਵਿਚ ਸਭ ਤੋਂ ਵੱਧ ਸੀ ਪਰ ਹੁਣ ਬਾਹਰਲੀਆਂ ਗੈਰ ਸਰਕਾਰੀ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨ ਨਾਲ ਬਿਹਾਰ ਦੇਸ਼ ਦੀ ਸਭ ਤੋਂ ਵੱਡੀ ਸਫਲਤਾ ਦੀਆਂ ਕਹਾਣੀਆਂ ਵਿਚੋਂ ਇਕ ਬਣ ਗਿਆ ਹੈ ਜਿਵੇਂ ਕਿ ਦੇਸ਼ ਵਿਚ ਪੋਲੀਓ ਤੇ ਪਿਛਲੇ ਸਮੇਂ ਦੌਰਾਨ ਐਚ. ਆਈ. ਵੀ./ਏਡਜ਼ ਨਾਲ ਮਿਲ ਕੇ ਕੰਮ ਕਰਨ ਨਾਲ ਸਫਲਤਾ ਪ੍ਰਾਪਤ ਕੀਤੀ ਗਈ ਹੈ। ਇਹ ਚੰਗਾ ਹੈ, ਜੋ ਹੋ ਸਕਦਾ ਹੈ, ਜਦੋਂ ਸਹਾਇਤਾ ਦਾਨ ਕਰਨ ਵਾਲੇ ਅਤੇ ਸਰਕਾਰਾਂ ਹੱਥ ਮਿਲਾ ਕੇ ਕੰਮ ਕਰਨ।

ਇਹ ਉਕਤ ਭਾਰਤ ਦੀ ਆਜ਼ਾਦੀ ਤੋਂ ਬਾਅਦ ਦੀਆਂ 75 ਸਾਲਾਂ ਦੀਆਂ ਸਾਡੀਆਂ ਵੱਡੀਆਂ ਸੰਭਾਵਨਾਵਾਂ ਦੀਆਂ ਉਜਵਲ ਕੁਝ ਕੁ ਉਦਾਹਰਣਾਂ ਹਨ। ਇਨ੍ਹਾਂ ਤੋਂ ਇਲਾਵਾ ਭਾਰਤ ਦੀਆਂ ਹੋਰ ਵੀ ਬੜੀਆਂ ਹਰ ਖੇਤਰ ਦੀਆਂ ਮਹਾਨ ਉਪਲਬਧੀਆਂ ਹਨ, ਜਿਹਨਾਂ ਨੂੰ ਇਸ ਛੋਟੇ ਜਿਹੇ ਲੇਖ ਵਿਚ ਵਰਣਨ ਕਰਨਾ ਕਠਿਨ ਹੈ। ਮੰਗਲਯਾਨ ਹੋਵੇ ਜਾਂ ਯੋਗਾ, ਉਲੰਪਿਕ, ਸੁੰਦਰਤਾ ਮੁਕਾਬਲੇ ਜਾਂ ਸਿਹਤ ਸੇਵਾਵਾਂ, ਭਾਰਤ ਲਗਾਤਾਰ ਰਿਕਾਰਡ ਤੋੜ ਰਿਹਾ ਹੈ ਅਤੇ ਇਤਿਹਾਸ ਰਚ ਰਿਹਾ ਹੈ। ਪ੍ਰਫੁੱਲਿਤ ਸਭਿਆਚਾਰਾਂ ਅਤੇ ਵਿਸ਼ਵਾਸਾਂ ਦੇ ਨਾਲ, ਭਾਰਤ ਅੱਗੇ ਵਧਦਾ ਜਾ ਰਿਹਾ ਹੈ।

ਇੱਕਜੁਟ ਹੋ ਕੇ ਸਫਲਤਾ ਦੀਆਂ ਉਚਾਈਆਂ ਵੱਲ ਵੱਧ ਰਿਹਾ ਹੈ। ਭਵਿੱਖ ਦੇ ਆਉਣ ਵਾਲੇ ਥੋੜ੍ਹੇ ਸਾਲਾਂ ਦੌਰਾਨ ਹੀ ਭਾਰਤ ਦੁਨੀਆਂ ਦੀ ਇਕ ਵੱਡੀ ਪ੍ਰਥਮ ਸ਼ਕਤੀ ਬਣ ਕੇ ਉਭਰੇਗਾ। ਇਸ ਟੀਚੇ 'ਤੇ ਪਹੁੰਚਣ ਲਈ ਭਾਰਤ ਨੂੰ ਸ਼ੁਭ ਇੱਛਾਵਾਂ ਦਿੰਦਾ ਹਾਂ।

## 15 ਅਗਸਤ ਦੇ ਨਾਂ

# ਦਰਦ ਦੀਆਂ ਚੀਸਾਂ



ਕੇਹਰ ਸ਼ਰੀਫ
+49 173 3546050

ਸੰਨ ਸੰਤਾਲੀ ਚੰਦਰਾ ਸੀ ਖੋਹ ਕੇ ਲੈ ਗਿਆ ਖੁਸ਼ੀਆਂ ਨਾਲ
ਹੁਣ ਤਾਂ ਨਿੱਤ ਸੰਤਾਲੀ ਚੜ੍ਹਦਾ ਧਰਤੀ ਕਰਦਾ ਲਾਲੋ-ਲਾਲ।
----
ਘੁੱਗ ਵਸਦੇ ਮੁਹੱਬਤੀ ਲੋਕਾਂ ਦੇ ਖਿੱਤੇ 'ਚ
ਸ਼ਰਾਰਤੀ ਲੋਭੀਆਂ ਨੇ ਪਾਟਕ ਪਾਏ
ਦੁੱਧ ਵਿਚ ਚੋਰੀ ਕਾਂਜੀ ਘੋਲ਼ਣ ਵਾਂਗ
ਵਾਤਾਵਰਣ ਜ਼ਹਿਰੀ ਕਰ ਦਿੱਤਾ ਗਿਆ
ਅਜਿਹਾ ਨਫਰਤੀ ਮਹੌਲ ਬਣਾਇਆ
ਕਿ ਲਹੂ ਆਪਣਾ ਰੰਗ ਹੀ ਵਟਾ ਗਿਆ
ਜਦੋਂ ਲੋਕ ਵੰਡੇ ਗਏ, ਤਾਂ ਗੁਲਾਮ ਹੋ ਗਏ।

ਨੇਕ ਰੂਹਾਂ ਦਰਦਾਂ ਦੀ ਦਵਾ ਬਣਨ ਤੁਰੀਆਂ
ਕਾਲ ਕੋਠੜੀਆਂ, ਘਰ ਉੱਜੜੇ, ਫਾਂਸੀਆਂ ਹੋਈਆਂ
ਜਲਾਵਤਨੀਆਂ, ਘਰ ਪਰਿਵਾਰਾਂ ਦੀ ਤਬਾਹੀ
ਕਾਲੇ ਪਾਣੀਆਂ ਦੇ ਅਣਮਨੁੱਖੀ ਤਸੀਹਿਆਂ ਅਤੇ
'ਹਵਾ' ਵਲੋਂ ਆਪਣੇ ਖਿਲਾਫ਼ ਹੋਈ ਸਾਜ਼ਿਸ਼ ਤੋਂ ਵੀ
ਸਿਦਕਵਾਨਾ, ਸਿਰੜੀਆਂ ਨੇ ਹੌਸਲਾ ਨਾ ਹਾਰਿਆ

ਫੇਰ, ਜਿਹੜੀ ਆਜ਼ਾਦੀ ਆਈ, ਉਹ --
ਉਹਦੀ ਮਟਕ, ਰੰਗ-ਰੂਪ ਤੇ ਰੂਹ ਵੀ,
ਅਪਣੱਤ ਭਰੇ, ਸੁਰਖ ਗੁਲਾਬਾਂ ਵਰਗੇ ਨਾ ਹੋ ਸਕੇ,
ਲੋਕ ਦਿਲਾਂ 'ਚ ਪਲਦੀਆਂ ਸਾਂਝੀਆਂ ਰੀਝਾਂ,
'ਤੇ ਸੁਖੀ ਵਸਣ ਵਾਲੇ ਸੁਪਨੇ, ਆਸਾਂ, ਉਮੰਗਾਂ
ਆਉਂਦੇ-ਜਾਂਦੇ ਸਾਹਾਂ 'ਚ ਦਫਣ ਹੋ ਗਈਆਂ
ਸੋਹਣੀ ਧਰਤੀ ਤੇ ਪਿਆਰ ਮੁਹੱਬਤ ਦੇ ਸੁਰਾਂ ਵਾਲੀ
ਵੰਝਲੀ ਤੋਂ ਉਸਦੀ ਤਾਨ ਖੋਹ ਲਈ ਗਈ
ਪੰਜ-ਆਬਾਂ ਦਾ ਬੇਲਾ ਵੀਰਾਨ ਕਰ ਦਿੱਤਾ

ਵਕਤ, ਵਾਪਰਦੀ ਇਸ ਅਨਹੋਣੀ ਨੂੰ ਦੇਖਦਾ ਰਿਹਾ
ਵਕਤ, ਉਦਾਸ ਹੋ ਗਿਆ, ਜੋ ਅਜੇ ਵੀ ਉਦਾਸ ਹੈ
ਸਵਾਲ ਅਜੇ ਵੀ ਜਵਾਬ ਦੀ ਉਡੀਕ ਕਰ ਰਿਹਾ
ਚਾਹਤ ਅਜੇ ਵੀ ਉਡੀਕ ਦੇ ਬੂਹੇ ਹੀ ਬੈਠੀ ਹੈ
ਸਮੇਂ ਨੂੰ ਸਾਰਥਕ ਕਰਨ ਦਾ ਵੇਲਾ ਕਦੋਂ ਆਵੇਗਾ?

ਕਹਿੰਦੇ ਪਾਣੀਆਂ 'ਤੇ ਲੀਕ ਨਹੀਂ ਵਹਿੰਦੀ
ਸਿਆਹ ਸਿਆਸਤ ਨੇ ਪਾਣੀਆਂ 'ਤੇ ਵੀ ਲੀਕ ਵਾਹ ਦਿੱਤੀ
ਝੂਠੇ ਨਾਅਰਿਆਂ ਨਾਲ ਵਰਗਲਾਏ ਸਿਰੋਂ ਵਿਹੂਣੇ ਜਨੂੰਨੀ
ਦੁਸ਼ਮਣਾਂ ਵਰਗੇ 'ਆਪਣਿਆਂ' ਦੀ ਚੁੱਕ ਵਿਚ ਆ
ਇੱਕੋ ਮੁਹੱਲੇ, ਪਿੰਡ ਵਿਚ ਜੰਮੇ-ਪਲੇ ਤੇ ਵੱਡੇ ਹੋਏ
ਆਪਣੇ ਹੀ ਬੇ-ਕਸੂਰ, ਬੇਦੋਸ਼ੇ, ਭੈਣਾਂ-ਭਰਾਵਾਂ ਨੂੰ
ਬੇ-ਰਹਿਮੀ ਭਰੀ ਉਜੱਡਤਾ ਨਾਲ ਵੱਢਦੇ-ਟੁੱਕਦੇ ਰਹੇ
ਪਾਗਲ ਹੋ ਮਾਵਾਂ-ਭੈਣਾਂ ਦੀਆਂ ਇੱਜ਼ਤਾਂ ਲੁੱਟਦੇ ਰਹੇ
ਭਲਾਂ ਇਹ ਧਾੜਵੀ, ਕਾਤਲ, ਦਰਿੰਦੇ ਕੌਣ ਸਨ ?
ਆਪਣੇ ਹੀ ਸਨ, ਕੋਈ ਗੈਰ ਤਾਂ ਨਹੀਂ ਸਨ?
ਬੀਬੇ ਚਿਹਰੇ, ਮੱਕਾਰੀ ਵਸ ਝੂਠਾ ਲਿਬਾਸ ਪਹਿਨ
ਸਾਰੀ ਮਨੁੱਖਤਾ ਨੂੰ ਇਕੋ ਸਮਝਣ ਦਾ ਸੰਦੇਸ਼ ਭੁੱਲ
"ਸਭੈ ਸਾਂਝੀਵਾਲ ਸਦਾਇਣ" ਦੀ ਰੀਤ ਵੱਲ ਪਿੱਠ ਕਰ
ਲੱਖਾਂ ਹੀ ਬੇ-ਕਸੂਰ ਜਾਨਾਂ ਤੇ ਪੰਜਾਂ ਪਾਣੀਆਂ ਦੇ ਕਾਤਲ
ਪਤਾ ਨਹੀਂ ਮੁੜ ਕਦੇ ਸੁਖ ਦੀ ਨੀਂਦੇ ਸੁੱਤੇ ਵੀ ਹੋਣ?

ਹੱਸਦੇ, ਖੇਡਦੇ, ਢੋਲੇ ਦੀਆਂ ਲਾਉਂਦੇ
ਨਹੁੰ ਮਾਸ ਦਾ ਰਿਸ਼ਤਾ ਬਣਕੇ ਜੀਊਂਦੇ
ਵਟਾਈਆਂ ਪੱਗਾਂ ਤੇ ਵਟਾਈਆਂ ਚੁੰਨੀਆਂ ਨੂੰ
ਲੀਰੋ-ਲੀਰ ਕਰਨ ਵਾਲੇ, ਪੱਥਰ ਦਿਲ
ਮੁਹੱਬਤੀ ਰਿਸ਼ਤਿਆਂ ਤੇ ਭਲੇ ਇਨਸਾਨਾਂ ਨੂੰ
ਵੱਢਣ-ਟੁੱਕਣ ਵਾਲੇ ਬੇਰਹਿਮ ਦਰਿੰਦੇ
ਪੰਜਾਂ ਪਾਣੀਆਂ ਦੀ ਭਾਈਚਾਰਕ ਸਾਂਝ, ਅਤੇ
ਮੁਹੱਬਤ ਦੇ ਫਲਸਫੇ ਨੂੰ ਨਾ ਸਮਝ ਸਕੇ
ਅਪਣੱਤ ਭਰੀ ਇਨਸਾਨੀਅਤ ਦੇ ਗੁਨਾਹਗਾਰ
ਇਨਸਾਨ ਹੋਣ ਤੋਂ ਹੀ ਮੁਨਕਰ ਹੋ ਗਏ,
ਅਣਗਿਣਤ ਲੋਕਾਂ ਨੂੰ ਘਰੋਂ, ਬੇ-ਘਰੇ ਕਰਕੇ
ਇਤਿਹਾਸ ਨੂੰ ਦਾਗੀ ਕਰਨ ਦੇ ਦੋਸ਼ੀ
ਇਸ ਵੱਢ-ਟੁੱਕ ਦਾ ਸੁਆਦ ਲੈਣ ਵਾਲੇ
ਕੋਈ ਬਾਹਰਲੇ ਨਹੀਂ, ਇਸੇ ਧਰਤੀ ਦੇ ਜਾਏ ਸਨ
ਜਿਨ੍ਹਾਂ ਦਾ ਖੂਨ ਅਸਲੋਂ ਹੀ ਚਿੱਟਾ ਹੋ ਗਿਆ ਸੀ
ਅੱਖਾਂ ਚ ਨਫ਼ਰਤ ਦਾ ਮੋਤੀਆ ਉਤਰ ਆਇਆ
ਜਿਨ੍ਹਾਂ ਨੇ ਇਕ ਦੂਜੇ ਦੇ ਸਾਹੀਂ ਜੀਊਣ ਵਾਲੇ
ਮੁਹੱਬਤੀ, ਜ਼ਿੰਦਾਦਿਲ, ਮਾਸੂਮ ਤੇ ਨੇਕ ਇਨਸਾਨਾਂ ਨੂੰ
ਢੋਲੇ ਦੀਆਂ ਲਾਉਂਦਿਆਂ ਨੂੰ ਵੈਣਾਂ ਦੇ ਵਸ ਪਾ ਕੇ
ਦਿਸ਼ਾਹੀਣ, ਉੱਜੜਦੇ ਕਾਫਲੇ ਬਣਾ ਦਿੱਤਾ
ਚੜ੍ਹਦੇ, ਲਹਿੰਦੇ ਨਫਰਤਾਂ ਦੇ ਤੂਫਾਨ ਆਏ
ਆਦਿ-ਜੁਗਾਦੋਂ ਜੰਮਣ ਭੋਇੰ ਨਾਲ਼ ਬੱਝਿਆ
ਉਨ੍ਹਾਂ ਦੇ ਜੀਵਨ ਦਾ ਨਾੜੂਆ ਤੋੜ ਦਿੱਤਾ,
ਸਭ ਕੁੱਝ ਹਨੇਰੀ ਸੁਰੰਗ ਬਣਾ ਦਿੱਤਾ ਗਿਆ
ਸਦੀਆਂ ਤੋਂ ਬੁਣੀਆਂ, ਮੋਹ ਦੀਆਂ ਤੰਦਾਂ
ਸਾਂਝਾ ਵਿਰਸਾ, ਸਾਂਝੀ ਵਿਰਾਸਤ, ਸਾਂਝਾ ਜੀਣ-ਥੀਣ
ਕਿਉਂ ਤੇ ਕਿਵੇਂ ਲਹੂ 'ਚ ਲੱਥ-ਪਥ ਹੋ ਗਏ?
ਇਹ ਕੀ ਹੋਇਆ, ਕਿਸੇ ਨੂੰ ਸਮਝ ਹੀ ਨਾ ਆਇਆ।
ਸੋਹਣੀ ਧਰਤੀ ਅਤੇ ਸਾਂਝੇ ਪਾਣੀਆਂ ਦੀ ਹਿੱਕ 'ਤੇ,
ਨਫ਼ਰਤਾਂ ਤੇ ਬੇਗਾਨਗੀ ਦੀ ਲੰਮੀ ਲੀਕ ਖਿੱਚੀ ਗਈ
ਚੀਕਾਂ, ਹੌਕੇ-ਹਾਵੇ, ਵਕਤ ਦੀਆਂ ਧੂੜਾਂ 'ਚ ਗੁਆਚ ਗਏ
ਵਿਛੋੜੇ ਦੀ ਧੁੱਦਲ਼ ਅਜੇ ਵੀ ਉਡੀ ਜਾਂਦੀ ਐ
ਵਕਤ ਦੇ ਮਾਰਿਆਂ ਲਈ ਉਡੀਕ ਦਾ ਅੰਤ ਨਹੀਂ ਹੋਇਆ।

ਸਾਡੇ ਹਾਸੇ ਫੇਰ ਕਦੇ ਇਕ-ਮਿਕ ਅਤੇ ਸਾਂਝੇ ਹੋ ਜਾਣ
ਇਕ ਦਾ ਦਰਦ, ਦੂਜੇ ਦੀ ਸਹਿਣਯੋਗ ਪੀੜ ਬਣ ਜਾਵੇ
ਇਨ੍ਹਾਂ ਦਰਦਾਂ 'ਤੇ ਰੱਖੇ ਮੋਹ ਦੇ ਫਹੇ, ਫੇਰ ਬਿਸਮਿੱਲਾ ਕਹਿਣ
ਤੜਪਦੀਆਂ ਸਾਂਝਾਂ ਮੁੜ ਗਲਵਕੜੀਆਂ ਬਣ ਜਾਣ
ਇਹੋ ਸਾਡਾ ਆਉਣ ਵਾਲੇ ਕੱਲ੍ਹ ਦਾ ਮਕਸਦ ਹੋਵੇ
ਕਾਸ਼! ਕਿ ਸਾਨੂੰ ਫੇਰ ਕਦੇ ਸਾਡਾ ਗੁਆਚਿਆ ਹੋਇਆ
ਮੁਹੱਬਤਾਂ ਦਾ ਸਾਂਝਾ ਸਿਰਨਾਵਾਂ ਲੱਭ ਜਾਵੇ
ਸਾਨੂੰ ਵੀ ਆਜ਼ਾਦੀ ਦੇ ਅਰਥ ਸਮਝ ਪੈ ਜਾਣ
ਅਸੀਂ ਆਪਣੀਆਂ ਮਨਹੂਸੀਆਂ ਤੋਂ ਮੁਕਤ ਹੋਈਏ
ਵੰਡ ਵਾਲੇ ਦਰਦ ਦੀਆਂ ਮੁੜ ਮੁੜ ਪੈਂਦੀਆਂ ਚੀਸਾਂ ਨੂੰ
ਆਪਣੇ ਸਾਂਝੇ ਮੁਹੱਬਤੀ ਬੋਲਾਂ ਨਾਲ ਵਰਾ ਸਕੀਏ
ਫਿਰ ਤੋਂ ਪੰਜਾਂ ਪਾਣੀਆਂ ਦੇ ਵਾਰਿਸ ਬਣ ਸਕੀਏ
ਆਪਣੇ ਸਾਂਝੇ ਵਿਰਸੇ ਦੇ ਸਾਂਝੇ ਵਾਰਿਸ ਬਣ ਸਕੀਏ ।

# ਪੰਜਾਬ ਦੀ ਧੀ ਮਨਦੀਪ ਕੌਰ ਦੀ ਮੌਤ ਦਾ ਜ਼ਿੰਮੇਵਾਰ ਕੌਣ?

**ਜੇ ਸਿੰਘ 'ਭਡਿਆਰ'**

ਬੀਤੇ ਦਿਨੀਂ ਰਿਚਮੰਡ ਹਿੱਲ ਨਿਊਯਾਰਕ ਅਮਰੀਕਾ ਵਿਚ ਰਹਿ-ਦੀ ਮਨਦੀਪ ਕੌਰ ਨੇ ਖੁਦਕੁਸ਼ੀ ਕਰ ਲਈ। ਮਰਨ ਤੋਂ ਪਹਿਲਾਂ ਉਸ ਨੇ ਇੱਕ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਸ਼ੇਅਰ ਕਰ ਦਿਤੀ। ਇਹ ਵੀਡੀਓ ਪੂਰੀ ਦੁਨੀਆ ਵਿਚ ਖੂਬ ਵਾਇਰਲ ਵੀ ਹੋ ਰਹੀ ਹੈ, ਜਿਸਨੂੰ ਵੇਖ ਕੇ ਹਰ ਕਿਸੇ ਦੀ ਰੂਹ ਕੰਬ ਉਠੀ ਹੈ। ਮੌਤ ਤੋਂ ਪਹਿਲਾਂ ਮਨਦੀਪ ਵਲੋਂ ਇਨਸਾਫ ਮੰਗਣ ਦੀ ਵੀਡੀਓ 'ਤੇ ਫ਼ਿਰ ਉਸਦੀ ਮੌਤ ਤੋਂ ਬਾਅਦ ਉਸਦੇ ਪਤੀ ਵਲੋਂ ਕੀਤੀ ਗਈ ਕੁੱਟਮਾਰ ਦੀ ਵੀਡੀਓ, ਜਿਸਨੇ ਵੀ ਵੇਖੀਆਂ ਉਸਦਾ ਹੀ ਕਲੇਜਾ ਵਲੂੰਧਰੀਆਂ ਗਿਆ। ਨਾਲ ਹੀ ਇਸ ਨੇ ਉਨ੍ਹਾਂ ਮਾਪਿਆਂ ਦੇ ਦਿਲਾਂ 'ਚ ਵੀ ਡਰ ਪੈਦਾ ਕਰ ਦਿੱਤਾ ਜੋ ਆਪਣੀਆਂ ਧੀਆਂ ਨੂੰ ਵਿਦੇਸ਼ੀ ਲਾੜਿਆਂ ਨਾਲ ਵਿਆਹ ਤਾਂ ਦਿੰਦੇ ਹਨ, ਪਰ ਵਿਦੇਸ਼ਾਂ 'ਚ ਜਾ ਕੇ ਉਨ੍ਹਾਂ ਨਾਲ ਕਿਹੋ ਜਿਹਾ ਸਲੂਕ ਹੁੰਦਾ ਹੈ, ਇਹ ਕੋਈ ਨਹੀਂ ਜਾਣਦਾ।

ਪਿਛਲੇ ਅੱਠ ਸਾਲ ਤੋ ਆਪਣੇ ਪਤੀ ਅਤੇ ਉਸ ਦੇ ਪਰਿਵਾਰ ਦਾ ਤਸ਼ੱਦਦ ਝਲਦੀ ਆ ਰਹੀ ਸੀ। ਆਖਰ ਮਨਦੀਪ ਨੇ ਖ਼ੁਦਕੁਸ਼ੀ ਕਰ ਲਈ। ਆਤਮ ਹੱਤਿਆ ਕਰਨ ਤੋ ਪਹਿਲਾ ਮਨਦੀਪ ਨੇ ਇਕ ਵੀਡੀਓ ਬਣਾਈ ਜਿਸ 'ਚ ਉਸਨੇ ਖੁੱਲ੍ਹ ਕੇ ਉਹ ਸਾਰੀਆਂ ਗੱਲਾਂ ਕੀਤੀਆਂ ਜੋ ਪਿਛਲੇ ਕਈ ਸਾਲਾਂ ਤੋਂ ਉਸਨੂੰ ਅੰਦਰੋਂ ਖੋਖਲਾ ਕਰ ਰਹੀਆਂ ਸਨ। ਮਨਦੀਪ ਨੇ ਮਰਨ ਤੋ ਪਹਿਲਾ ਆਪਣੇ ਮਾਤਾ-ਪਿਤਾ ਅਤੇ ਪਰਿਵਾਰ ਤੋਂ ਮੁਆਫੀ ਵੀ ਮੰਗੀ ਅਤੇ ਆਪਣੇ ਪਤੀ ਰਣਜੋਧਬੀਰ ਸਿੰਘ ਸੰਧੂ ਦੀਆਂ ਘਟੀਆ ਕਰਤੂਤਾਂ ਵੀ ਦੱਸੀਆਂ।



ਅੱਜ ਮਨਦੀਪ ਕੌਰ ਦੀ ਮੌਤ ਤੋਂ ਬਾਅਦ ਨਾ ਸਿਰਫ ਪੰਜਾਬੀ ਭਾਈਚਾਰਾ ਬਲਕਿ ਹਰ ਉਹ ਇਨਸਾਨ ਜਿਸਦੇ ਦਿਲ 'ਚ ਇਨਸਾਨੀਅਤ ਜਿੰਦਾ ਹੈ ਉਹ ਮਨਦੀਪ ਲਈ ਇਨਸਾਫ਼ ਮੰਗ ਰਿਹਾ ਹੈ। ਪਰ ਸਵਾਲ ਤਾਂ ਇਹ ਵੀ ਹੈ ਕੀ ਅਸੀਂ ਇਹ ਸਭ ਕਹਿਣ ਤੇ ਕਰਨ 'ਚ ਦੇਰੀ ਨਹੀਂ ਕਰ ਦਿੰਦੇ।

**ਕੀ ਹੈ ਵੀਡੀਓ 'ਚ**

ਕੁੱਟਮਾਰ ਦੀ ਵਾਇਰਲ ਵੀਡੀਓ ਵਿੱਚ ਉਸ ਦਾ ਪਤੀ ਕਹਿੰਦਾ ਹੈ ਕਿ ਉਨ੍ਹਾਂ ਨੂੰ ਧੀਆਂ ਨਹੀਂ ਪੁੱਤਰ ਚਾਹੀਦਾ ਹੈ। ਦਰਅਸਲ ਇੱਕ ਇੰਸਟਾਗ੍ਰਾਮ ਪੋਸਟ ਵਿੱਚ ਇੱਕ ਵੀਡੀਓ ਸ਼ੇਅਰ ਕੀਤੀ ਗਈ ਸੀ, ਜਿਸ ਵਿੱਚ ਮਨਦੀਪ ਦਾ ਪਤੀ ਉਨ੍ਹਾਂ ਦੀ ਕੁੱਟਮਾਰ ਕਰਦਾ ਨਜ਼ਰ ਆਉਂਦਾ ਹੈ। ਸੋਸ਼ਲ ਮੀਡੀਆ ਉੱਪਰ ਮਨਦੀਪ ਦੀ ਇੱਕ ਹੋਰ ਵੀਡੀਓ ਵੀ ਵਾਇਰਲ ਹੋਈ ਹੈ, ਜਿਸ ਵਿੱਚ ਉਹ ਆਪਣੇ ਨਾਲ ਹੁੰਦੀ ਕਥਿਤ ਘਰੇਲੂ ਹਿੰਸਾ ਦਾ ਜ਼ਿਕਰ ਕਰਦੀ ਹੈ।

**ਕੀ ਕਹਿਣਾ ਮਨਦੀਪ ਦੇ ਪਤੀ ਦਾ**

ਅਮਰੀਕਾ ਅਤੇ ਭਾਰਤ ਵਿਚ ਸੋਸ਼ਲ ਮੀਡੀਆ ਉੱਪਰ ਮ੍ਰਿਤਕ ਵਾਸਤੇ ਇਨਸਾਫ਼ ਦੀ ਮੰਗ ਹੋ ਰਹੀ ਹੈ।ਇਕ ਡਿਜੀਟਲ ਚੈਨਲ ਨੂੰ ਦਿੱਤੇ ਇੰਟਰਵਿਊ ਵਿੱਚ ਮਨਦੀਪ ਦੇ ਪਤੀ ਨੇ ਕਿਹਾ ਕਿ ਸੋਸ਼ਲ ਮੀਡੀਆ ਉੱਪਰ ਵਾਇਰਲ ਵੀਡੀਓ ਪੰਜ ਸਾਲ ਪੁਰਾਣੀ ਹੈ। ਉਨ੍ਹਾਂ ਦਾ ਵਿਆਹੁਤਾ ਜੀਵਨ ਬਹੁਤ ਵਧੀਆ ਸੀ ਅਤੇ ਇਨ੍ਹਾਂ ਦੋਵਾਂ ਦੇ ਪਰਿਵਾਰ ਉੱਤਰ ਪ੍ਰਦੇਸ਼ ਤੋਂ ਹਨ। ਮਨਦੀਪ ਕੌਰ ਦੀ ਮੌਤ ਤੋਂ ਬਾਅਦ ਉੱਤਰ ਪ੍ਰਦੇਸ਼ ਦੇ ਬਿਜਨੌਰ ਦੇ ਨਜੀਬਾਬਾਦ ਪੁਲੀਸ ਸਟੇਸ਼ਨ ਵਿਖੇ ਮਨਦੀਪ ਦੇ ਪਤੀ ਅਤੇ ਸਹੁਰਿਆਂ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਗਈ ਹੈ।

**ਭਾਰਤੀ ਦੂਤਾਵਾਸ ਨੇ ਲਿਆ ਨੋਟਿਸ**

ਨਿਊਯਾਰਕ ਸਿਟੀ ਵਿੱਚ ਭਾਰਤੀ ਸਫ਼ਾਰਤਖ਼ਾਨੇ ਨੇ ਪਤੀ ਦੇ ਤਸ਼ੱਦਦ ਤੋਂ ਦੁਖੀ ਹੋ ਕੇ ਖ਼ੁਦਕੁਸ਼ੀ ਕਰਨ ਵਾਲੀ ਮਨਦੀਪ ਕੌਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਕਿਹਾ ਕਿ ਉਸ ਵੱਲੋਂ ਪੀੜਤ ਪਰਿਵਾਰ ਨੂੰ ਹਰ ਤਰ੍ਹਾਂ ਦੀ ਲੋੜੀਂਦੀ ਦੀ ਮਦਦ ਮੁਹੱਈਆ ਕਰਵਾਈ ਜਾਵੇਗੀ। ਉਧਰ, ਪੀੜਤਾ ਦੇ ਪਿਤਾ ਜਸਪਾਲ ਸਿੰਘ ਦੀ ਸ਼ਿਕਾਇਤ 'ਤੇ ਬਿਜਨੌਰ ਪੁਲੀਸ ਨੇ ਮਨਦੀਪ ਕੌਰ ਦੇ ਪਤੀ ਰਣਜੋਤਵੀਰ ਸਿੰਘ ਸੰਧੂ, ਸਹੁਰੇ ਮੁਖਤਾਰ ਸਿੰਘ, ਸੱਸ ਕੁਲਦੀਪ ਰਾਜ ਕੌਰ ਅਤੇ ਦਿਉਰ ਜਸਵੀਰ ਸਿੰਘ ਵਿਰੁੱਧ ਖੁਦਕੁਸ਼ੀ ਲਈ ਉਕਸਾਉਣ ਅਤੇ ਘਰੇਲੂ ਹਿੰਸਾ ਦਾ ਮਾਮਲਾ ਦਰਜ ਕੀਤਾ ਹੈ।

ਇਸੇ ਦੌਰਾਨ ਟਵੀਟ ਵਿੱਚ ਭਾਰਤੀ ਸਫ਼ਾਰਤਖ਼ਾਨੇ ਨੇ ਲਿਖਿਆ, ''ਅਸੀਂ ਕੁਈਨਜ਼ (ਨਿਊਯਾਰਕ) ਵਿੱਚ ਮਨਦੀਪ ਕੌਰ ਦੀ ਮੌਤ ਤੋਂ ਬਹੁਤ ਦੁਖੀ ਹਾਂ। ਅਸੀਂ ਸੰਘੀ ਅਤੇ ਸਥਾਨਕ ਪੱਧਰ 'ਤੇ ਅਮਰੀਕੀ ਅਧਿਕਾਰੀਆਂ ਦੇ ਨਾਲ ਨਾਲ ਭਾਈਚਾਰੇ ਦੇ ਸੰਪਰਕ ਵਿੱਚ ਹਾਂ। ਅਸੀਂ ਹਰ ਤਰ੍ਹਾਂ ਦੀ ਮਦਦ ਕਰਨ ਲਈ ਤਿਆਰ ਹਾਂ।''

## ਡਾਕਟਰ ਸਰੂਪ ਸਿੰਘ ਅਲੱਗ ਜੀ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ



ਮਹਾਨ ਸ਼ਖ਼ਸੀਅਤ ਅਤੇ ਮਹਾਨ ਕਲਮਕਾਰ ਡਾਕਟਰ ਸਰੂਪ ਸਿੰਘ ਅਲੱਗ ਜੀ ਜੋ ਕੁੱਝ ਦਿਨ ਪਹਿਲਾਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ, ਓਹਨਾਂ ਆਪਣੇ ਜੀਵਨ ਕਾਲ ਵਿੱਚ ਕਰੀਬ ਇੱਕ ਸੌ ਪੰਦਰਾਂ ਪੁਸਤਕਾਂ ਲਿਖੀਆਂ, ਸਿੱਖੀ ਸਰੂਪ ਦੇ ਧਾਰਨੀ, ਚੇਅਰਮੈਨ ਅਲੱਗ ਸ਼ਬਦ ਯੁੱਗ, ਡਾਕਟਰ ਸਾਹਿਬ ਜੀ ਕਰੀਬ ਛਿਆਸੀ ਸਾਲ ਆਯੂ ਭੋਗਦੇ ਹੋਏ ਇਸ ਦੁਨੀਆਂ ਤੋਂ ਕੁੱਝ ਦਿਨ ਪਹਿਲਾਂ ਹੀ ਰੁਖ਼ਸਤ ਹੋਏ। ਓਹਨਾਂ ਦੀਆਂ ਪੁਸਤਕਾਂ ਦੇ ਪਾਠਕਾਂ ਦਾ ਘੇਰਾ ਬਹੁਤ ਵਿਸ਼ਾਲ ਹੈ।ਇਸ ਕ਼ਲਮ ਤੋਂ ਜ਼ਿੰਦਗੀ ਦੀਆਂ ਹੋਰ ਵੀ ਬਹੁਤ ਸਾਰੀਆਂ ਹਕੀਕੀ ਵੰਨਗੀਆਂ ਦੀ ਪਾਠਕ ਵਰਗ ਨੂੰ ਹਾਲੇ ਅਤਿਅੰਤ ਲੋੜ ਸੀ। ਪਰ ਜੋ ਵਾਹਿਗੁਰੂ ਨੂੰ ਮਨਜ਼ੂਰ ਹੁੰਦਾ ਹੈ ਓਹੀ ਹੁੰਦਾ ਹੈ। ਸਾਹਿਤਕ ਸਿਰਜਣਾ ਮੰਚ ਪੰਜਾਬ ਸ੍ਰੀ ਮੁਕਤਸਰ ਸਾਹਿਬ ਦੇ ਸਾਰੇ ਹੀ ਦੋਸਤਾਂ ਪ੍ਰਧਾਨ ਪ੍ਰਗਟ ਸਿੰਘ ਜੰਬ੍ਹਰ ਜੀ, ਸਕੱਤਰ ਜਸਵੀਰ ਸ਼ਰਮਾਂ ਦੱਦਾਹੂਰ, ਨਵਦੀਪ ਸੁੱਖੀ ਜੀ, ਸ਼ਮਸ਼ੇਰ ਗ਼ਾਫ਼ਿਲ, ਮਾਸਟਰ ਗੁਰਪ੍ਰੀਤ ਸਿੰਘ ਸੰਧੂ,ਹਰੀ ਚੰਦ ਕਾਂਟੀਵਾਲ, ਤਲਵਿੰਦਰ ਨਿੱਝਰ,ਰੋਹਿਤ ਸੋਨੀ, ਕਸ਼ਮੀਰੀ ਲਾਲ ਚਾਵਲਾ, ਅਤੇ ਸਾਰੇ ਹੀ ਸਤਿਕਾਰਿਤ ਮੈਂਬਰਾਂ ਵੱਲੋ ਜਿਥੇ ਵਿਛੜੀ ਹੋਈ ਆਤਮਾ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧ-ਾਂਜਲੀ ਦਿੱਤੀ ਗਈ ਓਥੇ ਪਰਿਵਾਰ ਨਾਲ ਵੀ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਵਾਹਿਗੁਰੂ ਦੇ ਚਰਨਾਂ ਵਿੱਚ ਇਸ ਵਿਛੜੀ ਰੂਹ ਨੂੰ ਨਿਵਾਸ ਦੇਣ ਦੀ ਪ੍ਰਾਰਥਨਾ ਵੀ ਕੀਤੀ ਗਈ।

**- ਜਸਵੀਰ ਸ਼ਰਮਾਂ ਦੱਦਾਹੂਰ**

## ਸਵ ਗੁਲਜ਼ਾਰਾ ਰਾਮ ਯਾਦਗਾਰੀ ਟਰੱਸਟ ਮਜ਼ਾਰੀ ਵਲੋਂ ਸਨਮਾਨ ਸਮਾਗਮ

### ਪਿੰਡ ਮਜਾਰੀ 'ਚ ਪ੍ਰਤਿਭਾਸ਼ਾਲੀ ਨੌਜਵਾਨਾਂ ਦਾ ਸਨਮਾਨ

**ਬੰਗਾ, (ਰੇਸ਼ਮ ਕਰਨਾਣਵੀ)** ਪਿੰਡ ਮਜ਼ਾਰੀ ਵਿਖੇ ਸਥਾਪਿਤ ਸਵ ਗੁਲਜ਼ਾਰਾ ਰਾਮ ਯਾਦਗਾਰੀ ਟਰੱਸਟ ਦੇ ਬੈਨਰ ਹੇਠ ਪਲੇਠਾ ਸਮਾਗਮ ਕਰਵਾਇਆ ਗਿਆ। ਇਸ ਵਿੱਚ ਵੱਖ ਵੱਖ ਖੇਤਰਾਂ 'ਚ ਮੱਲਾਂ ਮਾਰਨ ਵਾਲੇ ਪ੍ਰਤਿਭਾਸ਼ਾਲੀ ਨੌਜਵਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਹਨਾਂ ਵਿੱਚ ਪਹਿਲਵਾਨ ਗੁਰਕੀਰਤ ਸਿੰਘ ਕੀਰਤੀ, ਚਿੱਤਰਕਾਰ ਜਸਵਿੰਦਰ ਸਿੰਘ ਅਤੇ ਵਾਤਾਵਰਣ ਪ੍ਰੇਮੀ ਅਮ੍ਰਿਤ ਪਾਲ ਸ਼ਾਮਲ ਸਨ। ਸਮਾਗਮ ਦੇ ਮੁੱਖ ਪ੍ਰਬੰਧਕ ਸੁਰਜੀਤ ਮਜਾਰੀ ਨੇ ਟਰੱਸਟ ਦੇ ਮਿਸ਼ਨ 'ਤੇ ਚਾਨਣ ਪਾਉਂਦਿਆ ਕਿਹਾ ਇਹ ਟਰੱਸਟ ਪਿੰਡ 'ਚ ਚੰਗਾ ਕਾਰਜ ਕਰਨ, ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਅਤੇ ਵੱਖ ਵੱਖ ਖੇਤਰਾਂ 'ਚ ਪ੍ਰਾਪਤੀਆਂ ਕਰਨ ਵਾਲੇ ਪਿੰਡ ਵਾਸੀਆਂ ਲਈ ਸਰਗਰਮ ਰਹੇਗਾ। ਉਹਨਾਂ ਦੱਸਿਆ ਕਿ ਇਹ ਟਰੱਸਟ ਸਾਦਗੀ ਅਤੇ ਸਹਿਜਤਾ ਦੇ ਪ੍ਰਤੀਕ ਬਣੇ ਸਵ। ਗੁਲਜ਼ਾਰਾ ਰਾਮ ਦੀ ਯਾਦ 'ਚ ਬਣਾਇਆ ਗਿਆ ਹੈ ਜਿਹਨਾਂ ਆਪਣੀ ਜ਼ਿੰਦਗੀ ਲਗਨ ਤੇ ਮਿਹਨਤ ਨੂੰ ਸਮਰਪਿਤ ਰੱਖੀ।






ਸਮਾਗਮ 'ਚ ਸਨਮਾਨਿਤ ਹੋਣ ਵਾਲੇ ਉਕਤ ਨੌਜਵਾਨਾਂ ਦੀਆਂ ਆਪੋ ਆਪਣੇ ਖੇਤਰ 'ਚ ਕੀਤੀਆਂ ਪ੍ਰਾਪਤੀਆਂ ਦਾ ਵੇਰਵਾ ਵੀ ਸਾਂਝਾ ਕੀਤਾ ਗਿਆ। ਇਹ ਸਨਮਾਨ ਰਸਮ ਪਿੰਡ ਦੇ ਨੰਬਰਦਾਰ ਗੁਰਜੀਤ ਸਿੰਘ ਵਲੋਂ ਨਿਭਾਈ ਗਈ। ਉਹਨਾਂ ਸਨਮਾਨਿਤ ਹੋਏ ਨੌਜਵਾਨਾਂ ਨੂੰ ਪਿੰਡ ਦਾ ਮਾਣ ਦੱਸਿਆ ਅਤੇ ਇਸ ਵਧੀਆ ਉਪਰਾਲੇ ਲਈ ਪ੍ਰਬੰਧਕੀ ਟਰੱਸਟ ਲਈ ਸ਼ੁੱਭ ਕਾਮਨਾਵਾਂ ਵੀ ਦਿੱਤੀਆਂ। ਇਸ ਮੌਕੇ ਸਾਬਕਾ ਸਰਪੰਚ ਲਖਬੀਰ ਸਿੰਘ, ਮਾਸਟਰ ਰੂਪ ਚੰਦ ਵੀ ਸ਼ਾਮਲ ਸਨ।



## 7 ਅਗਸਤ 2022 ਨੂੰ ਫ਼ਰੀਦਕੋਟ ਜ਼ਿਲ੍ਹੇ ਦੀ ਗੋਲਡਨ ਜੁਬਲੀ 50ਵੀਂ ਵਰ੍ਹੇਗੰਢ ਤੇ ਵਿਸ਼ੇਸ਼

# ਫ਼ਰੀਦਕੋਟ ਸਿੱਖ ਰਿਆਸਤ ਦੀ ਅਮੀਰ ਵਿਰਾਸਤ ਦੇ ਇਤਿਹਾਸ 'ਤੇ ਇੱਕ ਝਾਤ




Old entrence gate to faridkot

**ਪ੍ਰਮੋਦ ਧੀਰ ਜੈਤੋ 91-98550-31081**

7 ਅਗਸਤ 1972 ਨੂੰ ਫਰੀਦਕੋਟ ਸ਼ਹਿਰ ਨੂੰ ਪੰਜਾਬ ਦਾ ਜ਼ਿਲਾ ਬਣਾਇਆ ਗਿਆ ਸੀ ਅਤੇ ਇਸਨੂੰ ਬਣੇ ਹੋਏ ਅੱਜ 50 ਸਾਲ ਹੋ ਗਏ ਹਨ ਇਸ ਲਈ ਅੱਜ ਅਸੀਂ ਫ਼ਰੀਦਕੋਟ ਜ਼ਿਲ੍ਹੇ ਦੀ ਗੋਲਡਨ ਜੁਬਲੀ ਵਰ੍ਹੇਗੰਢ ਬਣਾ ਰਹੇ ਹਾਂ। ਇਹ ਜ਼ਿਲ੍ਹਾ ਪਹਿਲਾਂ ਬਹੁਤ ਵੱਡਾ ਸੀ ਪਰ ਨਵੰਬਰ 1995 ਵਿੱਚ ਫਰੀਦਕੋਟ ਜ਼ਿਲੇ ਵਿਚੋਂ ਮੋਗਾ ਅਤੇ ਸ਼੍ਰੀ ਮੁਕਤਸਰ ਸਾਹਿਬ ਅਲੱਗ ਨਵੇਂ ਜ਼ਿਲੇ ਬਣਾ ਦਿੱਤੇ ਗਏ ਜਿਸ ਕਾਰਣ ਫਰੀਦਕੋਟ ਜ਼ਿਲੇ ਦਾ ਖੇਤਰ ਕਾਫ਼ੀ ਘਟ ਗਿਆ। ਇਸਦਾ ਕੁੱਲ ਖੇਤਰਫਲ 1475.70 ਵਰਗ ਕਿਲੋਮੀਟਰ ਹੈ। ਇਸ ਜ਼ਿਲੇ ਵਿੱਚ ਇੱਕ ਲੋਕ ਸਭਾ ਦੀ ਸੀਟ ਅਤੇ ਕੁੱਲ ਤਿੰਨ ਅਸੈਂਬਲੀ ਸੀਟਾਂ ਫਰੀਦਕੋਟ,ਕੋਟਕਪੂਰਾ ਅਤੇ ਜੈਤੋ ਹਨ। ਫਰੀਦਕੋਟ ਦੇ ਕੁੱਲ 181 ਪਿੰਡ ਅਤੇ 3 ਨਗਰ ਕੌਂਸਲਾਂ ਹਨ। ਫਰੀਦਕੋਟ ਵਿਖੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸ ਵੀ ਬਣੀ ਹੋਈ ਹੈ ਜਿੱਥੇ ਡਾਕਟਰੀ ਆਦਿ ਦੇ ਕੋਰਸ ਕਰਵਾਏ ਜਾਂਦੇ ਹਨ। ਸਿੱਖਿਆ ਦੇ ਖੇਤਰ ਪੱਖੋਂ ਫਰੀਦਕੋਟ ਹੁਣ ਕਾਫੀ ਤਰੱਕੀ ਕਰ ਚੁੱਕਾ ਹੈ। ਆਉ ਇਸਦੀ ਸਿੱਖ ਰਿਆਸਤ ਦੀ ਅਮੀਰ ਵਿਰਾਸਤ ਦੇ ਇਤਿਹਾਸ ਬਾਰੇ ਜਾਣਦੇ ਹਾਂ।

12ਵੀਂ ਸਦੀ ਦੇ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਅਤੇ ਦੇਸ਼ ਦੀ ਅਮੀਰ ਵਿਰਾਸਤ ਨੂੰ ਸਾਂਭੀ ਬੈਠੀ ਫਰੀਦਕੋਟ ਦੀ ਸਿੱਖ ਰਿਆਸਤ ਦੁਨੀਆਂ ਦੇ ਇਤਿਹਾਸਕਾਰਾਂ ਦੀ ਨਜ਼ਰ ਵਿੱਚ ਹੈ। 12ਵੀਂ ਸਦੀ ਤੱਕ ਫਰੀਦਕੋਟ ਨੂੰ ਮੋਕਲ ਨਗਰ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਸੀ, ਉਸ ਸਮੇਂ ਰਾਜਾ ਮੋਕਲਦੇਵ ਇੱਥੋਂ ਦਾ ਸ਼ਾਸ਼ਕ ਸੀ ਅਤੇ ਉਹਨਾਂ ਨੇ ਬਾਬਾ ਫਰੀਦ ਜੀ ਦੀ ਫੇਰੀ ਦੌਰਾਨ ਇਸ ਸ਼ਹਿਰ ਦਾ ਨਾਮ ਫਰੀਦਕੋਟ ਰੱਖਿਆ। ਫਰੀਦਕੋਟ 16ਵੀਂ ਸਦੀ ਤੱਕ ਅਨੇਕਾਂ ਲੋਕਾਂ ਦੇ ਹੱਥਾਂ ਵਿੱਚ ਰਿਹਾ। ਅੰਤ ਵਿੱਚ ਇਸ 'ਤੇ ਬਰਾੜ ਵੰਸ਼ ਦਾ ਕਬਜ਼ਾ ਹੋ ਗਿਆ। ਕਾਫ਼ੀ ਸਮਾਂ ਬਰਾੜ ਚੌਧਰੀਆਂ ਦਾ ਇਲਾਕੇ 'ਤੇ ਕਬਜਾ ਰਿਹਾ। ਦੁਨੀਆਂ ਭਰ ਵਿੱਚ ਆਪਣੀ ਵਿਲੱਖਣ ਪਹਿਚਾਣ ਵਾਲੀ ਫਰੀਦਕੋਟ ਰਿਆਸਤ ਸਤਲੁਜ ਦਰਿਆ ਦੇ ਦੱਖਣ ਵਾਲੇ ਕੰਡੇ 'ਤੇ ਸਥਾਪਿਤ ਕੀਤੀ ਗਈ ਸੀ ਅਤੇ ਇਹ ਲਾਹੌਰ ਤੋਂ 105 ਕਿਲੋਮੀਟਰ ਦੂਰ ਹੈ। ਮੁਗਲ ਰਾਜਭਾਗ ਦੀ ਸਮਾਪਤੀ ਤੋਂ ਬਾਅਦ ਇਸ ਉੱਪਰ ਬਰਾੜ ਵੰਸ਼ ਦੇ ਰਾਜਾ ਪਹਾੜਾ ਸਿੰਘ ਦਾ ਕਬਜ਼ਾ ਹੋ ਗਿਆ। 1849 ਵਿੱਚ ਪਹਾੜਾ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ 21 ਸਾਲਾ ਪੁੱਤਰ ਵਜ਼ੀਰ ਸਿੰਘ (1849-1874) ਇਸ ਰਿਆਸਤ ਦੇ ਰਾਜਾ ਰਹੇ। ਵਜ਼ੀਰ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਜਾ ਬਿਕਰਮ ਸਿੰਘ ਨੂੰ (1874-1898) ਨੂੰ ਫਰੀਦਕੋਟ ਸਿੱਖ ਰਿਆਸਤ 'ਤੇ ਰਾਜਭਾਗ ਕਰਨ ਦਾ ਮੌਕਾ ਮਿਲਿਆ। ਮਹਾਰਾਜਾ ਬਿਕਰਮ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਦੇ ਲੰਗਰ ਲਈ ਇਮਾਰਤ ਦਾ ਨਿਰਮਾਣ ਕਰਵਾਇਆ ਅਤੇ ਦਰਬਾਰ ਸਾਹਿਬ ਵਿੱਚ ਬਿਜਲੀ ਲਈ 25 ਹਜ਼ਾਰ ਰੁਪਏ ਖਰਚ ਕੀਤੇ। ਬਿਕਰਮ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਮਹਾਰਾਜਾ ਬਲਬੀਰ ਸਿੰਘ (1898-1906) ਫਰੀਦਕੋਟ ਦੇ ਸ਼ਕਤੀਸ਼ਾਲੀ ਸ਼ਾਸ਼ਕ ਵਜੋਂ ਉੱਭਰੇ। ਸੰਨ 1906 ਤੋਂ 1916 ਤੱਕ ਫਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਰੀਜੰਸੀ ਦਾ ਕਬਜ਼ਾ ਰਿਹਾ। 1916 ਵਿੱਚ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਫਰੀਦਕੋਟ ਦਾ ਕਾਰਜ ਭਾਗ ਸੰਭਾਲਿਆ। ਉਹਨਾਂ ਫਰੀਦਕੋਟ ਰਿਆਸਤ ਵਿੱਚ ਆਲੀਸ਼ਾਨ ਇਮਾਰਤਾਂ ਅਤੇ ਬਾਗ਼ਾਂ ਦਾ ਨਿਰਮਾਣ ਕਰਵਾਇਆ। ਇਸ ਮੌਕੇ ਪਹਿਲਾ ਵਿਸ਼ਵ ਯੁੱਧ ਛਿੜ ਚੁੱਕਾ ਸੀ ਅਤੇ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਬ੍ਰਿਟਿਸ਼ ਸਰਕਾਰ ਨੂੰ 17 ਲੱਖ ਰੁਪਏ ਕਰਜੇ ਵਜੋਂ ਦਿੱਤੇ ਅਤੇ ਬ੍ਰਿਟਿਸ਼ ਸਰਕਾਰ ਨੂੰ ਹਥਿਆਰ, ਘੋੜੇ, ਊਠ ਅਤੇ 2800 ਦੇ ਕਰੀਬ ਫੌਜੀ ਜਵਾਨ ਵੀ ਭੇਜੇ ਜਿਸ ਤੋਂ ਉਹਨਾਂ ਦੇ ਬ੍ਰਿਟਿਸ਼ ਸਰਕਾਰ ਨਾਲ ਸੰਬੰਧ ਹੋਰ ਵੀ ਗੂੜ੍ਹੇ ਹੋ ਗਏ। ਮਹਾਰਾਜਾ ਬ੍ਰਿਜਿੰਦਰ ਸਿੰਘ ਦੀ ਇਸ ਸਹਾਇਤਾ ਤੋਂ ਖੁਸ਼ ਹੋ ਕੇ ਬ੍ਰਿਟਿਸ਼ ਸਰਕਾਰ ਨੇ ਸਨਮਾਨ ਵਜੋਂ ਉਸਨੂੰ ਮੇਜਰ ਰੈਂਕ ਦੀ ਉਪਾਧੀ ਦੇ ਦਿੱਤੀ। ਪਰੰਤੂ ਉਹ ਬਹੁਤਾ ਸਮਾਂ ਰਾਜ ਭਾਗ ਨਹੀਂ ਕਰ ਸਕੇ ਅਤੇ 1918 ਵਿੱਚ ਉਹਨਾਂ ਦਾ ਦੇਹਾਂਤ ਹੋ ਗਿਆ। ਸੰਨ 1918-1934 ਤੱਕ ਫਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਐਡਮਨਿਸਟਰੇਸ਼ਨ ਦਾ ਕੰਮ ਚਲਾਊ ਪ੍ਰਬੰਧ ਰਿਹਾ। ਬਰਾੜ ਵੰਸ਼ ਦੇ ਆਖਰੀ ਰਾਜਾ ਹਰਿੰਦਰ ਸਿੰਘ ਨੇ 17 ਅਕਤੂਬਰ 1934 ਨੂੰ ਫਰੀਦਕੋਟ ਰਿਆਸਤ ਦੇ ਰਾਜੇ ਵਜੋਂ ਕਾਰਜ ਭਾਗ ਸੰਭਾਲਿਆ। ਉਹਨਾਂ ਨੇ ਆਪਣੇ ਸਮੇਂ ਵਿੱਚ ਫਰੀਦਕੋਟ ਸਿੱਖ ਰਿਆਸਤ ਵਿੱਚ ਵਿਲੱਖਣ ਇਮਾਰਤਾਂ ਦਾ ਨਿਰਮਾਣ ਕਰਵਾਇਆ ਅਤੇ ਉਚਤਮ ਸਿੱਖਿਆ ਦੇ ਪ੍ਰਬੰਧ ਕੀਤੇ। ਕਮਰਸ ਦਾ ਕਾਲਜ ਪਿਸ਼ਾਵਰ ਅਤੇ ਦਿੱਲੀ ਤੋਂ ਬਾਅਦ ਇੱਕਲੇ ਫਰੀਦਕੋਟ ਵਿੱਚ ਹੀ ਮੌਜੂਦ ਸੀ। ਰਾਜਾ ਹਰਿੰਦਰ ਸਿੰਘ ਨੇ ਬ੍ਰਿਜਿੰਦਰਾ ਕਾਲਜ, ਯੂਨੀਅਰ ਬੇਸਿਕ ਟਰੇਨਿੰਗ ਸਕੂਲ ਬ੍ਰਿਕਰਮ ਕਾਲਜ ਆਫ਼ ਕਮਰਸ, ਖੇਤੀਬਾੜੀ ਕਾਲਜ, ਆਰਟ ਤੇ ਕਰਾਫ਼ਟ ਸਕੂਲ ਉਸ ਸਮੇਂ ਫਰੀਦਕੋਟ ਰਿਆਸਤ ਵਿੱਚ 8 ਹਾਈ ਸਕੂਲ ਅਤੇ ਹਰ ਪਿੰਡ ਵਿੱਚ ਇੱਕ ਪ੍ਰਾਇਮਰੀ ਸਕੂਲ ਸਮੇਤ ਸਿਹਤ ਕੇਂਦਰਾਂ ਦਾ ਨਿਰਮਾਣ ਕਰਵਾਇਆ। ਫਰੀਦਕੋਟ ਵਿੱਚ ਤਿੰਨ ਦਰਜਨ ਤੋਂ ਵੱਧ ਖ਼ੂਬਸੂਰਤ ਇਮਾਰਤਾਂ ਦੇ ਨਿਰਮਾਣ ਨੇ ਇੱਥੋਂ ਦੀ ਭਵਨ ਨਿਰਮਾਣ ਕਲਾ ਨੂੰ ਦੁਨੀਆਂ ਵਿੱਚ ਖੂਬ ਪ੍ਰਸਿੱਧੀ ਦਿਵਾਈ। ਹਾਲਾਂਕਿ ਸਮਾਂ ਬੀਤਣ ਨਾਲ ਬਹੁਤ ਸਾਰੀਆਂ ਇਤਿਹਾਸਕ ਇਮਾਰਤਾਂ ਦਾ ਵਜੂਦ ਖਤਮ ਹੋ ਚੁੱਕਾ ਹੈ। ਪਰੰਤੂ ਸਕੱਤਰੇਤ, ਵਿਕਟੋਰੀਆ ਟਾਵਰ, ਲਾਲ ਕੋਠੀ, ਅਰਾਮ ਘਰ, ਅਸਤਬਲ, ਰਾਜ ਮਹਿਲ, ਸ਼ੀਸ਼ ਮਹਿਲ, ਮੋਤੀ ਮਹਿਲ, ਸ਼ਾਹੀ ਕਿਲਾ, ਸ਼ਾਹੀ ਸਮਾਧਾਂ ਆਦਿ ਇਮਾਰਤਾਂ ਅੱਜ ਵੀ ਦੇਖੀਆਂ ਜਾ ਸਕਦੀਆਂ ਹਨ। ਫਰੀਦਕੋਟ ਰਿਆਸਤ ਦੀਆਂ ਖੂਬਸੂਰਤ ਇਮਾਰਤਾਂ ਲਾਹੌਰ, ਸ਼ਿਮਲਾ ਅਤੇ ਦਿੱਲੀ ਵਿੱਚ ਵੀ ਹਨ। ਰਾਜਾ ਹਰਿੰਦਰ ਸਿੰਘ ਇੱਕ ਕੁਸ਼ਲ ਪ੍ਰਬੰਧਕ ਵਜੋਂ ਵੀ ਮਕਬੂਲ ਹੋਏ। ਉਹਨਾ ਨੇ ਆਪਣੀ ਰਿਆਸਤ ਵਿੱਚ ਭੀਖ ਮੰਗਣ 'ਤੇ ਮੁਕੰਮਲ ਪਾਬੰਦੀ ਲਾਈ ਹੋਈ ਸੀ ਅਤੇ ਦੇਸ਼ ਦੇ ਬਟਵਾਰੇ ਸਮੇਂ ਉਸਨੇ ਆਪਣੀ ਰਿਆਸਤ ਵਿੱਚ ਇੱਕ ਵੀ ਦੰਗਾ ਫ਼ਸਾਦ, ਲੁੱਟ-ਖੋਹ ਜਾਂ ਕਤਲ ਨਹੀਂ ਹੋਣ ਦਿੱਤਾ। ਪਾਕਿਸਤਾਨ ਜਾਣ ਵਾਲੇ ਪਰਿਵਾਰਾਂ ਨੂੰ ਪੂਰੀ ਹਿਫ਼ਾਜ਼ਤ ਨਾਲ ਭੇਜਿਆ ਗਿਆ। ਮਹਾਰਾਜਾ ਹਰਿੰਦਰ ਸਿੰਘ ਨੇ ਆਪਣੇ ਰਾਜਭਾਗ ਦੌਰਾਨ ਫਰੀਦਕੋਟ ਸਿੱਖ ਰਿਆਸਤ ਬਾਰੇ ਇੱਕ ਵਸੀਅਤ ਕੀਤੀ ਸੀ, ਜਿਸ ਵਿੱਚ ਉਸ ਨੇ ਫਰੀਦਕੋਟ ਰਿਆਸਤ ਦੀਆਂ ਵਿਰਾਸਤੀ ਇਮਾਰਤਾਂ, ਖਜ਼ਾਨਾ, ਜਾਇਦਾਦ ਆਦਿ ਸੰਭਾਲਣ ਲਈ ਮਹਾਂਰਾਵਲ ਖੇਵਾ ਜੀ ਟਰੱਸਟ ਦੀ ਸਥਾਪਨਾ ਕੀਤੀ। ਭਾਰਤ ਸਰਕਾਰ ਨੇ 15 ਜੁਲਾਈ 1948 ਨੂੰ ਫਰੀਦਕੋਟ ਰਿਆਸਤ ਨੂੰ ਖਤਮ ਕਰਕੇ ਇੱਥੇ ਲੋਕਤੰਤਰ ਸਰਕਾਰ ਦਾ ਗਠਨ ਕਰ ਦਿੱਤਾ ਸੀ। ਬਾਅਦ ਵਿੱਚ ਪੰਜਾਬ ਸਰਕਾਰ ਨੇ ਫਰੀਦਕੋਟ ਰਿਆਸਤ ਦਾ ਵੱਡਾ ਹਿੱਸਾ ਜਾਇਦਾਦ ਅਤੇ ਇਮਾਰਤਾਂ ਨੂੰ ਆਪਣੇ ਕਬਜੇ ਵਿੱਚ ਲੈ ਲਿਆ। ਮਹਾਰਾਜਾ ਹਰਿੰਦਰ ਸਿੰਘ ਫ਼ਰੀਦਕੋਟ ਰਿਆਸਤ ਦੇ ਆਖਰੀ ਰਾਜਾ ਸਨ ਅਤੇ ਉਹਨਾਂ ਦਾ 16 ਅਕਤੂਬਰ 1989 ਨੂੰ ਦੇਹਾਂਤ ਹੋ ਗਿਆ ਸੀ। ਉਹਨਾਂ ਦੀਆਂ ਤਿੰਨ ਬੇਟੀਆਂ ਅਤੇ ਇੱਕ ਬੇਟਾ ਸਨ। ਇਨ੍ਹਾਂ ਦੇ ਪੁੱਤਰ ਪ੍ਰਿੰਸ ਹਰਮੋਹਿੰਦਰ ਸਿੰਘ ਦਾ ਦੇਹਾਂਤ 1981 ਵਿੱਚ ਹੀ ਹੋ ਗਿਆ ਸੀ। ਫ਼ਰੀਦਕੋਟ ਰਿਆਸਤ ਦਾ ਰਾਜ ਮਹਿਲ ਅਤੇ ਸ਼ਾਹੀ ਕਿਲਾ ਅੱਜ ਵੀ ਆਪਣੀ ਸਦੀ ਪੁਰਾਣੀ ਦਿੱਖ ਨੂੰ ਸੁਰੱਖਿਅਤ ਸਾਂਭੀ ਬੈਠਾ ਹੈ। ਇਸ ਅੰਦਰ ਆਮ ਲੋਕਾਂ ਦੇ ਜਾਣ 'ਤੇ ਮਨਾਹੀ ਹੈ ਜੋ ਸ਼ਾਇਦ ਆਉਣ ਵਾਲੇ ਸਮੇਂ ਵਿੱਚ ਸ਼ੁਰੂ ਹੋ ਸਕਦੀ ਹੈ। ਰਾਜ ਮਹਿਲ ਆਪਣੇ ਆਪ ਵਿੱਚ ਦੁਨੀਆਂ ਦੇ ਖ਼ੂਬਸੂਰਤ ਮਹਿਲਾਂ ਵਿੱਚੋਂ ਇੱਕ ਹੈ। ਸ਼ਾਹੀ ਕਿਲੇ ਦੇ ਤੋਸ਼ਖਾਨੇ ਵਿੱਚ ਰਿਆਸਤ ਦੇ ਹਥਿਆਰਾਂ ਸਮੇਤ ਦਸਮ ਗੁਰੂ ਸ੍ਰੀ ਗੋਬਿੰਦ ਸਿੰਘ ਜੀ ਦਾ ਖੜਗ ਅਤੇ ਢਾਲ ਅੱਜ ਵੀ ਪਈ ਹੈ ਜੋ ਉਹਨਾਂ ਨੇ ਚੌਧਰੀ ਕਪੂਰਾ ਸਿੰਘ ਨੂੰ ਬਖਸ਼ੀ ਸੀ। ਵਿਸ਼ਵ ਪ੍ਰਸਿੱਧ ਇਤਿਹਾਸਕਾਰ ਡਾ. ਸੁਭਾਸ਼ ਪਰਿਹਾਰ ਨੇ "ਰਿਆਸਤ ਫ਼ਰੀਦਕੋਟ" ਇਤਿਹਾਸ ਅਤੇ ਇਤਿਹਾਸਕ ਇਮਾਰਤਾਂ ਬਾਰੇ ਕਿਤਾਬ ਲਿਖੀ ਹੈ ਜੋ ਕਿ ਸਾਲ 2018 ਵਿੱਚ ਪੀਪਲਜ਼ ਫੋਰਮ ਬਰਗਾੜੀ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ , ਪੀਪਲਜ਼ ਫੋਰਮ ਤੋਂ ਇਹ ਕਿਤਾਬ ਵੀ.ਪੀ.ਪੀ ਰਾਹੀਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਕਿਤਾਬ ਦੇ ਛਪਣ ਨਾਲ ਫ਼ਰੀਦਕੋਟ ਵਿੱਚ ਪਏ ਸਿੱਖ ਰਿਆਸਤ ਦੇ ਅਮੀਰ ਵਿਰਸੇ ਨੂੰ ਜਾਣਨ ਦਾ ਦੁਨੀਆਂ ਨੂੰ ਮੌਕਾ ਮਿਲਿਆ ਹੈ। ਫ਼ਰੀਦਕੋਟ ਰਿਆਸਤ ਵਿੱਚ ਬਣਾਏ ਸਵਾਗਤੀ ਦਰਵਾਜੇ ਦੁਨੀਆਂ ਦੇ ਸਭ ਤੋਂ ਉੱਤਮ ਭਵਨ ਨਮੂਨਿਆਂ ਦੀ ਮਿਸਾਲ ਪੇਸ਼ ਕਰਦੇ ਹਨ। ਇਸ ਸ਼ਹਿਰ ਵਿੱਚ ਬਾਬਾ ਫ਼ਰੀਦ ਜੀ ਦੀ ਫੇਰੀ ਨੇ ਇਸਦੀ ਵਿਰਾਸਤ ਨੂੰ ਦੁਨੀਆਂ ਭਰ ਵਿੱਚ ਮਕਬੂਲ ਕਰਨ ਲਈ ਅਹਿਮ ਯੋਗਦਾਨ ਪਾਇਆ ਹੈ। ਬਾਬਾ ਫ਼ਰੀਦ ਦੀ ਯਾਦ ਵਿੱਚ ਬਣੇ ਟਿੱਲਾ ਬਾਬਾ ਫ਼ਰੀਦ ਵਿਖੇ ਦੁਨੀਆਂ ਭਰ ਤੋਂ ਬਾਬਾ ਫ਼ਰੀਦ ਜੀ ਦੇ ਸ਼ਰਧਾਲੂ ਇੱਥੇ ਆਉਂਦੇ ਹਨ ਅਤੇ ਉਹਨਾਂ ਦੀ ਯਾਦ ਵਿੱਚ ਹਰ ਸਾਲ 19 ਤੋਂ 23 ਸਤੰਬਰ ਤੱਕ ਪੰਜ ਰੋਜ਼ਾ ਆਗਮਨ ਪੁਰਬ ਮਨਾਇਆ ਜਾਂਦਾ ਹੈ। ਇਸ ਉਤਸਵ ਨੇ ਵੀ ਫ਼ਰੀਦਕੋਟ ਦੀ ਅਮੀਰ ਵਿਰਾਸਤ ਨੂੰ ਦੁਨੀਆਂ ਦੇ ਰੂ-ਬ-ਰੂ ਕੀਤਾ ਹੈ। ਪੰਜਾਬ ਸਰਕਾਰ ਨੇ ਬਾਬਾ ਫ਼ਰੀਦ ਆਗਮਨ ਪੁਰਬ ਨੂੰ ਵਿਰਾਸਤ ਮੇਲੇ ਦਾ ਦਰਜਾ ਦੇ ਦਿੱਤਾ ਹੈ। ਇਸ ਸਾਲ ਵੀ 19 ਤੋਂ 23 ਸਤੰਬਰ 2022 ਨੂੰ ਬਾਬਾ ਫ਼ਰੀਦ ਆਗਮਨ ਪੁਰਬ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ ਜਿਸ ਦੀਆਂ ਤਿਆਰੀਆਂ ਪ੍ਰਸ਼ਾਸ਼ਨ ਵੱਲੋਂ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਹਨ।

**ਵਿਰਾਸਤੀ ਰੁੱਖਾਂ ਦੀ ਬਲੀ:-** ਚਸ਼ਮਦੀਦ ਦੱਸਦੇ ਹਨ ਕਿ ਫ਼ਰੀਦਕੋਟ ਰਿਆਸਤ ਦੀ ਹੱਦ ਉਸ ਦੇ ਰੁੱਖਾਂ ਤੋਂ ਪਹਿਚਾਣੀ ਜਾਂਦੀ ਸੀ। ਜਿੱਥੋਂ ਤੱਕ ਵੀ ਫ਼ਰੀਦਕੋਟ ਰਿਆਸਤ ਦਾ ਰਾਜ ਭਾਗ ਸੀ, ਉੱਥੋਂ ਤੱਕ ਫ਼ਰੀਦਕੋਟ ਦੇ ਰਾਜੇ ਵੱਲੋਂ ਟਾਹਲੀਆਂ, ਅੰਬ ਅਤੇ ਜਾਮਣ ਦੇ ਬਾਗ਼ ਲਗਵਾਏ ਗਏ ਸਨ। ਫ਼ਰੀਦਕੋਟ ਰਿਆਸਤ ਵਿੱਚ ਘੁਗਿਆਣਾ ਅਤੇ ਸਿੱਖਾਂਵਾਲੇ ਦਾ ਬੀੜ ਵੀ ਸ਼ਾਮਿਲ ਸੀ ਜਿੱਥੇ ਹੁਣ ਕੋਈ ਰੁੱਖ ਨਹੀਂ ਬਚਿਆ ਅਤੇ ਰਿਆਸਤ ਦੇ ਸਾਰੇ ਜੰਗਲ ਵਿੱਚ ਪਹਾੜੀ ਕਿੱਕਰ ਹੀ ਬਾਕੀ ਰਹਿ ਗਏ ਹਨ।

**ਚਸ਼ਮਦੀਦਾਂ ਦੀ ਜ਼ੁਬਾਨੀ:-** ਬ੍ਰਿਟਿਸ਼ ਸਰਕਾਰ ਆਜ਼ਾਦ ਭਾਰਤ ਅਤੇ ਰਿਆਸਤ ਦਾ ਰਾਜਭਾਗ ਆਪਣੇ ਅੱਖੀਂ ਦੇਖਣ ਵਾਲੇ ਬਜ਼ੁਰਗਾਂ ਨੇ ਦੱਸਿਆ ਕਿ ਫ਼ਰੀਦਕੋਟ ਰਿਆਸਤ ਸਮੇਂ ਅਨੁਸ਼ਾਸਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਂਦਾ ਸੀ ਅਤੇ ਲੋਕਾਂ ਨੂੰ ਪਹਿਲ ਦੇ ਅਧਾਰ 'ਤੇ ਇਨਸਾਫ਼ ਦਿੱਤਾ ਜਾਂਦਾ ਸੀ। ਉਹਨਾਂ ਕਿਹਾ ਕਿ ਰਿਆਸਤ ਦੇ ਕਿਸਾਨਾਂ, ਮਜ਼ਦੂਰਾਂ ਅਤੇ ਕਾਮਿਆਂ ਨੂੰ ਵਿਸ਼ੇਸ਼ ਸਤਿਕਾਰ ਪ੍ਰਾਪਤ ਸੀ। ਧੱਕੇਸ਼ਾਹੀ ਅਤੇ ਭ੍ਰਿਸ਼ਟਾਚਾਰ ਵਰਗੀ ਕਦੇ ਕੋਈ ਗੱਲ ਸਾਹਮਣੇ ਨਹੀਂ ਆਈ ਸੀ। ਉਹਨਾਂ ਕਿਹਾ ਕਿ ਫ਼ਰੀਦਕੋਟ ਦੇ ਰਾਜੇ ਦਿਆਲੂ , ਪੜ੍ਹੇ-ਲਿਖੇ ਅਤੇ ਅਗਾਂਹ ਵਧੂ ਸ਼ਾਸ਼ਕ ਸਨ।

**ਸ਼ਾਹੀ ਸਮਾਧਾਂ:-** ਫ਼ਰੀਦਕੋਟ ਰਿਆਸਤ ਦੇ ਪਹਿਲੇ ਰਾਜਾ ਪਹਾੜਾ ਸਿੰਘ ਤੋਂ ਲੈ ਕੇ ਆਖਰੀ ਰਾਜਾ ਹਰਿੰਦਰ ਸਿੰਘ ਦਾ ਅੰਤਿਮ ਸੰਸਕਾਰ ਇੱਥੇ ਹੀ ਕੀਤਾ ਗਿਆ ਸੀ। ਸ਼ਾਹੀ ਪਰਿਵਾਰ ਦੇ ਕਬਰਸਤਾਨ ਨੂੰ ਸ਼ਾਹੀ ਸਮਾਧਾਂ ਦਾ ਨਾਮ ਦਿੱਤਾ ਗਿਆ ਹੈ।

ਸ਼ਾਹੀ ਪਰਿਵਾਰ ਦੀਆਂ ਸਮਾਧਾਂ ਵਾਲੀ ਵਿਸ਼ਾਲ ਇਮਾਰਤ ਦੀ ਦਿੱਖ ਵੀ ਰਿਆਸਤ ਦੀ ਸ਼ਾਹੀ ਠਾਠ ਬਿਆਨ ਕਰਦੀ ਹੈ।

ਮੇਰੀ ਦਿਲੋਂ ਪ੍ਰਮਾਤਮਾ ਅੱਗੇ ਇਹੀ ਦੁਆ ਹੈ ਕਿ ਸ਼ੇਖ ਫਰੀਦ ਜੀ ਦੀ ਚਰਨ ਛੋ ਪ੍ਰਾਪਤ ਇਹ ਧਰਤੀ ਅਤੇ ਸਮੁੱਚਾ ਜ਼ਿਲਾ ਫ਼ਰੀਦਕੋਟ ਹੋਰ ਤਰੱਕੀ ਕਰੇ ਅਤੇ ਇੱਥੋਂ ਦੇ ਲੋਕਾਂ ਵਿੱਚ ਪਿਆਰ, ਨਿਮਰਤਾ, ਮਿਲਵਰਤਨ, ਭਾਈਚਾਰਾ, ਸ਼ਹਿਨਸ਼ੀਲਤਾ ਆਦਿ ਗੁਣ ਘਰ ਕਰ ਜਾਣ ।

# ਘਰੇਲੂ ਔਰਤਾਂ ਨੂੰ ਘੱਟ ਆਂਕਣਾ ਅਸਲੀਅਤ ਤੋਂ ਮੂੰਹ ਫੇਰਨਾ



**ਗੋਬਿੰਦਰ ਸਿੰਘ ਢੀਂਡਸਾ 91-92560-66000**

ਔਰਤ ਅਤੇ ਮਰਦ ਜ਼ਿੰਦਗੀ ਦੇ ਸਾਇਕਲ ਦੇ ਦੋ ਪਹੀਏ ਹਨ, ਆਸਾਨ ਸਫ਼ਰ ਲਈ ਦੋਹਾਂ ਦੀ ਜ਼ਰੂਰਤ ਹੈ। ਮਕਾਨ ਨੂੰ ਘਰ, ਘਰ ਨੂੰ ਸਵਰਗ ਬਣਾਉਣ ਦੀ ਮੁਹਾਰਤ, ਬਰਕਤ ਅਤੇ ਕਲਾ ਕੁਦਰਤ ਨੇ ਔਰਤ ਨੂੰ ਬਖਸ਼ੀ ਹੈ। ਉਹ ਮਕਾਨ ਕਦੇ ਘਰ, ਘਰ ਸਵਰਗ ਨਹੀਂ ਬਣਦੇ ਜੋ ਔਰਤਾਂ ਤੋਂ ਸੱਖਣੇ ਹੁੰਦੇ ਹਨ। ਔਰਤਾਂ ਦੇ ਸਬਰ, ਸਹਿਜਤਾ ਅਤੇ ਕੋਮਲਤਾ ਕਰਕੇ ਹੀ ਕੁਦਰਤ ਨੇ ਉਸਨੂੰ ਮਾਂ ਵਰਗੇ ਉੱਚੇ ਰੁਤਬੇ ਨਾਲ ਨਿਵਾਜਿਆ ਹੈ। ਜਿਵੇਂ ਕਿ ਕਿਹਾ ਜਾਂਦਾ ਹੈ ਕਿ ਪਰਮਾਤਮਾ ਹਰ ਥਾਂ ਆਪ ਨਹੀਂ ਖਲੋ ਸਕਦਾ ਇਸ ਲਈ ਉਸ ਨੇ ਮਾਂ ਨੂੰ ਬਣਾਇਆ ਜੋ ਆਪਣੇ ਬੱਚਿਆਂ ਲਈ ਆਖਰੀ ਦਮ ਤੱਕ ਬਹੁੜਦੀ ਹੈ।

ਔਰਤ ਕੋਈ ਵੀ ਹੋਵੇ ਕੰਮਕਾਜੀ ਜਾਂ ਘਰੇਲੂ, ਉਸਦੀ ਕਿਸੇ ਵੀ ਹਾਲਤ ਵਿੱਚ ਅਹਿਮੀਅਤ ਘੱਟ ਨਹੀਂ ਹੈ। ਦੋਨੋਂ ਆਪਣੇ ਆਪਣੇ ਖੇਤਰ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਸਮਾਜ ਦਾ ਇਹ ਦੁਖਾਂਤ ਵੀ ਹੈ ਕਿ ਘਰੇਲੂ ਔਰਤਾਂ ਨੂੰ ਅਕਸਰ ਹਲਕੇ ਵਿੱਚ ਲਿਆ ਜਾਂਦਾ ਹੈ, ਉਹਨਾਂ ਦੇ ਮਹੱਤਵ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ ਹੈ। ਘਰੇਲੂ ਔਰਤ ਹੋਣਾ ਘੱਟ ਆਤਮ ਵਿਸ਼ਵਾਸੀ, ਪਿਛਾਕੜ ਦੀ ਨਿਸ਼ਾਨੀ ਕਦੇ ਵੀ ਨਹੀਂ ਅਤੇ ਨਾ ਹੀ ਕੋਈ ਹੀਣ ਭਾਵਨਾ ਨਾਲ ਗ੍ਰਸਿਤ ਹੋਣ ਦੀ ਸਥਿਤੀ ਹੈ। ਸਿੱਖਿਆ ਪ੍ਰਾਪਤ ਕਰਨਾ ਹਰ ਔਰਤ ਦਾ ਹੱਕ ਹੈ ਅਤੇ ਉੱਚ ਸਿੱਖਿਆ ਪ੍ਰਾਪਤ ਔਰਤ ਘਰ ਨੂੰ ਅਤੇ ਆਉਣ ਵਾਲੀ ਪੀੜੀ ਦੀ



ਹੋਰ ਸੁਚੱਜੇ ਢੰਗ ਨਾਲ ਦੇਖ-ਰੇਖ ਕਰ ਸਕਦੀ ਹੈ।

ਘਰੇਲੂ ਔਰਤਾਂ ਉਹ ਹਨ ਜੋ ਆਪਣਾ ਆਪ ਭੁਲਾ ਕੇ ਪਰਿਵਾਰਾਂ ਨੂੰ ਇੱਕ ਮਾਲਾ ਵਿੱਚ ਪਰੋਕੇ ਰੱਖਦੀਆਂ ਹਨ, ਸੰਭਾਲ ਕੇ ਰੱਖਦੀਆਂ ਹਨ ਅਤੇ ਉਹਨਾਂ ਲਈ ਬਿਨ੍ਹਾ ਕਿਸੇ ਸੁਆਰਥ ਜਾਂ ਲਾਲਚ ਤੋਂ ਸਮਰਪਿਤ ਹੋ ਜਾਂਦੀਆਂ ਹਨ। ਘਰੇਲੂ ਔਰਤਾਂ ਪਰਿਵਾਰਿਕ ਜ਼ਿੰਮੇਵਾਰੀਆਂ, ਰਿਸ਼ਤਿਆਂ ਦੇ ਨਿੱਕੇ ਨਿੱਕੇ ਹਿਸਾਬ ਬਿਨ੍ਹਾ ਕਿਸੇ ਲਿਖਤ ਪੜ੍ਹਤ ਤੋਂ ਜ਼ੁਬਾਨੀ ਯਾਦ ਰੱਖ ਛੱਡਦੀਆਂ ਹਨ ਤੇ ਆਪਣੀ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਿਭਾਉਂਦੀਆਂ ਹਨ ਜੋ ਕਿ ਉਹਨਾਂ ਨੂੰ ਬਾਕੀਆਂ ਨਾਲੋਂ ਵਿਸ਼ੇਸ਼ ਸਥਾਨ ਤੇ ਖੜ੍ਹਾ ਕਰ ਦਿੰਦਾ ਹੈ।

ਘਰੇਲੂ ਔਰਤਾਂ ਦਾ ਕੋਈ ਐਤਵਾਰ ਨਹੀਂ ਆਉਂਦਾ ਅਤੇ ਨਾ ਹੀ ਕੋਈ ਹੋਰ ਛੁੱਟੀ ਹੁੰਦੀ ਹੈ ਅਤੇ ਨਾ ਹੀ ਉਹਨਾਂ ਦਾ ਕੋਈ ਦਿਨ ਰਾਤ ਹੁੰਦਾ ਹੈ। ਇਹ ਉਹੀ ਘਰੇਲੂ ਔਰਤਾਂ ਹਨ ਜੋ ਬੂਹਾ ਖੜਕੇ ਤੇ ਅੱਧੀ ਰਾਤ ਨੂੰ ਵੀ ਇੱਕ ਦਮ ਉੱਠ ਖੜਦੀਆਂ ਹਨ, ਇਹਨਾਂ ਨੂੰ ਕਦੇ ਪੂਰੀ ਨੀਂਦ ਨਸੀਬ ਨਹੀਂ ਹੁੰਦੀ। ਘਰੇਲੂ ਔਰਤਾਂ ਦਾ ਪਰਿਵਾਰ ਸੰਭਾਲਣ ਅਤੇ ਕੰਮ ਕਰਨ ਦਾ ਕੋਈ ਅੱਠ ਘੰਟੇ ਦਾ ਨਿਸ਼ਚਿਤ ਟਾਇਮ ਨਹੀਂ ਹੁੰਦਾ ਬਲਕਿ ਚੌਬੀ ਘੰਟੇ, ਬਾਰ੍ਹਾਂ ਮਹੀਨੇ ਹਰ ਸਮੇਂ ਹਾਜ਼ਰ ਰਹਿੰਦੀਆਂ ਹਨ। ਘਰ ਦੇ ਬਜ਼ੁਰਗ, ਪਤੀ ਅਤੇ ਬੱਚਿਆਂ ਦਾ ਛੋਟੀ ਤੋਂ ਛੋਟੀ ਗੱਲ, ਕੰਮ, ਖਾਣਪੀਣ ਆਦਿ ਦਾ ਖਿਆਲ ਰੱਖਣਾ ਅਤੇ ਘਰਦੇ ਕੰਮਾਂ ਨੂੰ ਸੰਵਾਰਨਾ ਕੋਈ ਆਸਾਨ ਵਰਤਾਰਾ ਨਹੀਂ, ਇਹ ਘਰੇਲੂ ਔਰਤਾਂ ਹੀ ਹਨ ਜੋ ਆਪਣੀ ਕਾਬਲੀਅਤ ਨਾਲ ਇਸ ਨੂੰ ਸੰਭਾਲਦੀਆਂ ਹਨ। ਕਈ ਵਾਰ ਮਹਿਫਲਾਂ ਵਿੱਚ ਹਾਸੇ ਠੱਠੇ ਵਿੱਚ ਕਹਿ ਦਿੱਤਾ ਜਾਂਦਾ ਹੈ ਕਿ ਔਰਤਾਂ ਨੂੰ ਉਹਨਾਂ ਦੀ ਉਮਰ ਨਹੀਂ ਪੁੱਛੀਦੀ ਤੇ ਇਸਦਾ ਜਵਾਬ ਵੀ ਆਪਣੀ ਮੱਤ ਅਨੁਸਾਰ ਵਿਅੰਗਮਈ ਲੈ ਲਿਆ ਜਾਂਦਾ ਹੈ ਜਦਕਿ ਇਸ ਦਾ ਵਾਜਿਬ ਜਵਾਬ ਤਾਂ ਇਹ ਹੈ ਕਿ ਔਰਤਾਂ ਨੂੰ ਕਦੇ ਉਹਨਾਂ ਦੀ ਉਮਰ ਨਹੀਂ ਪੁੱਛੀਦੀ ਕਿਉਂਕਿ 'ਉਹ ਕਦੇ ਵੀ ਆਪਣੇ ਲਈ ਨਹੀਂ ਜਿਉਂਦੀਆਂ, ਸਗੋਂ ਹਮੇਸ਼ਾਂ ਆਪਣੇ ਪਰਿਵਾਰ ਲਈ ਜਿਉਂਦੀਆਂ ਹਨ'।

ਜੇ ਕਰ ਘਰੇਲੂ ਔਰਤਾਂ ਗੰਵਾਰ, ਅਰਥਹੀਣ, ਕਿਸੇ ਕੰਮ ਦੀਆਂ ਨਹੀਂ ਜਾਪਦੀਆਂ, ਸਮੇਂ ਤੋਂ ਬਹੁਤ ਪਿੱਛੇ ਜਾਪ ਰਹੀਆਂ ਹਨ ਤਾਂ ਇਹ ਉਹਨਾਂ ਦੀ ਗਲਤੀ ਨਹੀਂ ਇਹ ਤੁਹਾਡੀ ਸਮਾਜਿਕ ਅਤੇ ਮਾਨਸਿਕ ਸੋਚ ਦਾ ਨਿਘਾਰ ਹੈ, ਤੁਹਾਡੇ ਨਜ਼ਰੀਏ ਨੂੰ ਇਲਾਜ ਦੀ ਜ਼ਰੂਰਤ ਹੈ। ਘਰੇਲੂ ਔਰਤਾਂ ਨੂੰ ਕਿਸੇ ਪੱਖ ਤੋਂ ਘੱਟ ਆਂਕਣਾ ਸਿਰਫ਼ ਆਪਣੀ ਮੂਰਖਤਾ ਅਤੇ ਅਗਿਆਨਤਾ ਦੀ ਪ੍ਰੋੜਤਾ ਕਰਨਾ ਹੈ ਅਤੇ ਅਸਲੀਅਤ ਤੋਂ ਮੂੰਹ ਫੇਰਨਾ ਹੈ।

ਘਰੇਲੂ ਔਰਤਾਂ ਨੂੰ ਕੋਈ ਬੱਝਵੀਂ ਤਨਖਾਹ ਨਹੀਂ ਮਿਲਦੀ ਪਰੰਤੂ ਉਹ ਆਪਣਿਆਂ ਦੀ ਖੁਸ਼ੀ ਵਿੱਚ ਖੁਸ਼ ਹਨ ਅਤੇ ਆਪਣੇ ਸੁਪਨਿਆਂ ਨੂੰ ਲਾਂਭੇ ਰੱਖ ਪਰਿਵਾਰਾਂ ਨੂੰ ਪਹਿਲ ਦੇ ਰਹੀਆਂ ਹਨ, ਉਹਨਾਂ ਨੂੰ ਬਣਦਾ ਸਤਿਕਾਰ ਦੇਣਾ, ਉਹਨਾਂ ਦੇ ਸਮਰਪਣ ਅਤੇ ਕੀਤੀ ਜਾਂਦੀ ਅਣਥੱਕ ਮਿਹਨਤ ਨੂੰ ਸਿਜਦਾ ਕਰਨਾ ਚਾਹੀਦਾ ਹੈ।

# ਅਨੁਸੂਚਿਤ ਵਰਗ ਨੇ ਵੀ ਝੱਲਿਆ ਬਟਵਾਰੇ ਦਾ ਦਰਦ



ਹਰਦੀਪ ਸਿੰਘ ਚੁੰਬਰ
+91-94636-01616

ਅਖ਼ਬਾਰਾਂ ਪੱਤਰਕਾਰਾਂ ਅਤੇ ਹੋਰ ਮੀਡੀਆ ਭਾਰਤ ਪਾਕ ਵੰਡ ਸਮੇ ਦੇ ਉਜਾੜੇ ਦੇ ਦੁੱਖ ਦਰਦ ਦੀਆਂ ਕਹਾਣੀਆਂ ਬਹੁਤ ਹੀ ਮਨਾਂ ਨੂੰ ਛੂਹ ਦੇਣ ਵਾਲੇ ਢੰਗ ਨਾਲ ਵਰਨਣ ਕਰਦਾ ਆ ਰਿਹਾ ਹੈ। ਇਹ ਇੱਕ ਸ਼ਲਾਘਾਯੋਗ ਕੰਮ ਹੈ। ਹੁਣ ਤੱਕ ਬਟਵਾਰੇ ਸਮੇਂ ਦੇ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਨੂੰ ਉਸੇ ਸਮੇਂ ਜਾ ਬਾਅਦ ਵਿੱਚ ਵੀ ਉਹਨਾਂ ਦੀਆਂ ਸਮੱਸਿਆ 'ਤੇ ਦੇਖਭਾਲ ਅਤੇ ਧਿਆਨ ਦਿੱਤਾ ਗਿਆ ਹੈ। ਇਹਨਾਂ ਤਿੰਨਾਂ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਦੇ ਵਿੱਚ ਹਮੇਸ਼ਾ ਹੀ ਅਨੁਸੂਚਿਤ ਜਾਤੀਆਂ ਦੇ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਨੂੰ ਦੂਹਰੀ ਮਾਰ ਦੀ ਸ਼ਿਕਾਰ ਹੋਣਾ ਪਿਆ ਹੈ। ਪਹਿਲਾ ਆਮ ਸਮੱਸਿਆਵਾਂ ਜਿਹੜੀਆਂ ਸਮੇਂ-ਸਮੇਂ ਆਉਂਦੀਆਂ ਰਹਿੰਦੀਆਂ ਹਨ, ਦੂਜੀਆਂ ਉਹ ਜਿਹੜੀਆਂ ਜਨਰਲ ਵਰਗ ਦੇ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਦੁਆਰਾ ਉਹਨਾ ਲਈ ਖੜੀਆਂ ਕੀਤੀਆਂ ਜਾਂਦੀਆਂ ਹਨ। ਉਜਾੜੇ ਸਮੇਂ ਅਨੁਸੂਚਿਤ ਜਾਤੀਆਂ ਦੀ ਸਮੱਸਿਆਵਾਂ ਨੂੰ ਜਾਂ ਤਾਂ ਮੌਜੂਦ ਹੀ ਨਹੀਂ ਮੰਨਿਆ ਗਿਆ, ਜਾਂ ਇੰਨੀ ਛੋਟੀ ਸਮਝੀ ਗਈ ਹੈ ਕਿ ਵਿਸ਼ੇਸ਼ ਧਿਆਨ ਦੇਣ ਦੀ ਲੋੜ ਨਹੀਂ ਹੈ। ਹਾਲਾਂਕਿ ਕੁਝ ਲੋਕ ਅਨੁਸੂਚਿਤ ਜਾਤੀਆਂ ਦੀ ਸਮੱਸਿਆ ਦਾ ਜ਼ਿਕਰ ਕਰਨਾ ਪਸੰਦ ਨਹੀਂ ਕਰਦੇ ਹਨ, ਫਿਰ ਵੀ ਸਾਡੇ ਵਿੱਚੋਂ ਜਿਹੜੇ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਹਨ, ਉਹ ਜਾਣਦੇ ਹਨ ਕਿ: ਸਮੱਸਿਆ ਮੌਜੂਦ ਹੈ ਅਤੇ ਇਹ ਮੁਸਲਮਾਨਾਂ ਦੀ ਸਮੱਸਿਆ ਤੋਂ ਵੀ ਜ਼ਿਆਦਾ ਗੰਭੀਰ ਹੈ।

ਭਾਰਤ ਦੀ ਵੰਡ ਤੋਂ ਬਾਅਦ, ਬੰਗਾਲ ਅਤੇ ਪੰਜਾਬ ਵਿੱਚ, ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਸੰਪਰਦਾਇਕ ਝੜਪਾਂ ਇਸ ਪੱਧਰ 'ਤੇ ਪੈਦਾ ਹੋਈਆਂ ਜੋ ਪਹਿਲਾਂ ਕਦੇ ਨਹੀਂ ਅਨੁਭਵ ਕੀਤੀਆਂ ਗਈਆਂ ਸਨ। ਦੋਵਾਂ ਭਾਈਚਾਰਿਆਂ ਨੂੰ ਬਹੁਤ ਨੁਕਸਾਨ ਹੋਇਆ। ਪਰ ਉਜੜੇ ਲੋਕਾਂ ਦੇ ਉਸ ਬਦਤਰ ਹਾਲਾਤ ਵੀ ਜਾਤੀਵਾਦੀ ਲੋਕਾਂ ਦੇ ਮਨਾਂ ਵਿਚੋਂ ਲਹੀਂ ਕੱਢ ਸਕੇ। ਇਹ ਮਤਭੇਦ ਦੇ ਮਾੜੇ ਪ੍ਰਭਾਵ ਉਹਨਾਂ ਖੇਤਰਾਂ ਵਿੱਚ ਰਹਿ ਰਹੇ ਅਨੁਸੂਚਿਤ ਜਾਤੀਆਂ ਦੇ ਅਛੂਤਾਂ ਲੋਕਾਂ ਦੀ ਇੱਕ ਵੱਡੀ ਗਿਣਤੀ ਦੁਆਰਾ ਵੀ ਮਹਿਸੂਸ ਕੀਤੇ ਗਏ। ਹਿੰਦੂ ਧਰਮ ਦਾ ਅਧਾਰ ਹੀ ਵਰਣਵਾਦ ਅਤੇ ਜਾਤੀਵਾਦ ਹੈ ਇਹ ਦਿਖਾਈ ਦਿੰਦਾ ਹੋਵੇ ਜਾ ਮੌਜੂਦਾ ਸਮੇਂ ਅਦਿੱਖ ਹੋਵੇ ਉਸਦੇ ਅਗਾਮੀ ਪ੍ਰਭਾਵ ਹੋਣ ਵਾਲੇ ਹੋਣ, ਇਹ ਲੋਕ ਜਾਤੀਵਾਦੀ ਵਿਤਕਰਾ ਕਿਉਂ ਕਰਦੇ ਹਨ ਉਸ ਦਾ ਠੋਸ ਅਧਾਰ ਹੈ। ਪਰ ਸਿੱਖ ਹੋਣ ਦਾ ਬੋਰਡ ਲਗਾਉਣ ਵਾਲੇ ਵੀ ਜੇ ਕਰ ਇਹ ਵਿਤਕਰਾ ਕਰਦੇ ਹਨ ਤਾਂ ਉਹ ਸਿੱਖ ਹੋਣ ਦਾ ਢੌਂਗ ਹੀ ਹੈ, ਕਿਉਂਕਿ ਸਿੱਖ ਗੁਰੂ ਸਾਹਿਬ ਨੇ ਨਿਮਾਣਿਆਂ ਨਿਤਾਣਿਆਂ ਨੂੰ ਖਾਲਸਾ ਸਾਜ ਕੇ ਜਾਤਪਾਤ ਦਾ ਵਿਤਕਰਾ ਖਤਮ ਕਰਨ ਦਾ ਹੁਕਮ ਦਿੱਤਾ ਸੀ।

ਪਾਕਿਸਤਾਨ ਤੋਂ ਉਜੜ ਕੇ ਆਏ ਲੋਕਾਂ ਨੂੰ ਰਾਹਤ ਕੈਂਪਾਂ ਵਿੱਚ ਜਗਾ ਨਾਂ ਦੇਣਾ, ਉਹਨਾ ਰਾਹਤ ਸਮਗਰੀ ਦੇਣ ਵਿੱਚ ਵਿਤਕਰਾ ਕਰਨਾ ਆਮ ਜਿਹੀ ਗੱਲ ਸੀ। ਆਪਣੇ ਘਰਾਂ ਕਾਰੋਬਾਰਾਂ ਅਤੇ ਹੋਰ ਕੁੱਝ ਪਿੱਛੇ ਛੱਡਕੇ ਆਏ ਅਨੁਸੂਚਿਤ ਜਾਤੀਆਂ ਦੇ ਅਛੂਤ ਲੋਕਾਂ ਨਾਲ ਮੁੜ ਵਸੇਬੇ ਦਾ ਪ੍ਰਬੰਧ ਕਰਦੇ ਸਮੇਂ ਪੰਜਾਬ ਸਰਕਾਰ ਦੁਆਰਾ ਜ਼ਮੀਨਾਂ ਦੀ ਅਲਾਟਮੈਂਟ ਵਿੱਚ ਵਿਤਕਰਾ ਕੀਤਾ ਗਿਆ। ਕਿਉਂਕਿਪੰਜਾਬ ਪ੍ਰਾਂਤ ਵਿੱਚ ਲੈਂਡ ਅਲੀਨੇਸ਼ਨ ਐਕਟਅਨੁਸੂਚਿਤ ਜਾਤੀਆਂ ਨੂੰ ਜ਼ਮੀਨਾਂ ਤੋਂ ਬੇਦਖ਼ਲ ਕਰਦਾ ਹੈ। ਅਨੁਸੂਚਿਤ ਜਾਤੀਆਂ ਦੇ ਬਹੁਤ ਸਾਰੇ ਲੋਕ ਭਾਰਤ ਆਉਣਾ ਚਾਹੁੰਦੇ ਸਨ ਉਹਨਾ ਨੂੰ ਜ਼ਬਰਦਸਤੀ ਪਾਕਿਸਤਾਨ ਵਿੱਚ ਰੋਕਿਆ ਗਿਆ। ਸਿੱਖ ਅਤੇ ਜੱਟ ਲੋਕ ਭਾਰਤ ਵਿੱਚ ਰਹਿ ਰਹੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਤੋਂ ਜ਼ਬਰਦਸਤੀ ਉਹਨਾ ਦੇ ਘਰ ਬਾਰ ਅਤੇ ਕਾਰੋਬਾਰ ਖਾਲੀ ਕਰਵਾ ਰਹੇ ਹਨ।

ਡਾ ਬੀਆਰ ਅੰਬੇਡਕਰ ਨੂੰ ਅਛੂਤਾਂ ਦੁਆਰਾ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਅਤੇ ਜੱਟਾਂ ਦੁਆਰਾ ਦਿੱਤੇ ਜਾਣ ਵਾਲੇ ਦੁੱਖਾਂ ਨੂੰ ਝੱਲਣ ਦਾ ਵਰਣਨ ਕਰਨ ਵਾਲੀਆਂ ਬਹੁਤ ਸਾਰੀਆਂ ਚਿੱਠੀਆਂ ਪ੍ਰਾਪਤ ਹੋਈਆਂ ਸਨ। ਇਸ ਲਈ, ਉਸਨੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਇੱਕ ਪੱਤਰ ਮਿਤੀ 18 ਦਸੰਬਰ 1947 ਲਿਖਿਆ, ਜਿਸ ਵਿੱਚ ਉਹਨਾਂ ਨੂੰ ਅਛੂਤਾਂ ਦੇ ਦੁੱਖਾਂ ਦੀ ਜਾਣਕਾਰੀ ਦਿੱਤੀ ਅਤੇ ਉਹਨਾਂ ਨੂੰ ਅਨੁਸੂਚਿਤ ਜਾਤੀ ਦੇ ਸ਼ਰਨਾਰਥੀਆਂ - ਸੰਪਾਦਕਾਂ ਨੂੰ ਰਾਹਤ ਦੇਣ ਦੀ ਬੇਨਤੀ ਕੀਤੀ।

ਨਵੀਂ ਦਿੱਲੀ, 18 ਦਸੰਬਰ 1947

**ਮੇਰੇ ਪਿਆਰੇ ਸ਼੍ਰੀ ਜਵਾਹਰ ਲਾਲ,**

ਮੈਨੂੰ ਪਾਕਿਸਤਾਨ ਤੋਂ ਭਾਰਤ ਆਉਣ ਵਾਲੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੇ ਨਾਲ-ਨਾਲ ਉਨ੍ਹਾਂ ਤੋਂ ਵੀ ਬਹੁਤ ਸਾਰੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ ਜਿਨ੍ਹਾਂ ਨੂੰ ਪਾਕਿਸਤਾਨ ਸਰਕਾਰ ਨੇ ਦੇਖਿਆ ਹੈ ਅਤੇ ਭਾਰਤ ਆਉਣ ਤੋਂ ਰੋਕਿਆ ਹੈ। ਮੈਨੂੰ ਲੱਗਦਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਮੈਂ ਉਨ੍ਹਾਂ ਦੇ ਦੁੱਖਾਂ ਵੱਲ ਤੁਹਾਡਾ ਧਿਆਨ ਖਿੱਚਾਂ। ਕੀ ਹੋ ਰਿਹਾ ਹੈ ਅਤੇ ਕੀ ਕੀਤਾ ਜਾਣਾ ਚਾਹੀਦਾ ਹੈ, ਇਸ ਬਾਰੇ ਤੁਹਾਨੂੰ ਇੱਕ ਵਿਚਾਰ ਦੇਣ ਦੇ ਉਦੇਸ਼ ਲਈ, ਮੈਂ ਹੇਠਾਂ ਉਹਨਾਂ ਦੇ ਦੁੱਖਾਂ ਦੇ ਕਾਰਨਾਂ ਅਤੇ ਉਹਨਾਂ ਨੂੰ ਦੂਰ ਕਰਨ ਲਈ ਅਪਨਾਏ ਜਾਣ ਵਾਲੇ ਉਪਾਵਾਂ ਬਾਰੇ ਦੱਸ ਰਿਹਾ ਹਾਂ।

(1) ਪਾਕਿਸਤਾਨ ਸਰਕਾਰ ਹਰ ਸੰਭਵ ਤਰੀਕੇ ਨਾਲ ਅਨੁਸੂਚਿਤ ਜਾਤੀਆਂ ਨੂੰ ਆਪਣੇ ਖੇਤਰ ਵਿੱਚੋਂ ਕੱਢਣ ਤੋਂ ਰੋਕ ਰਹੀ ਹੈ। ਇਸ ਦਾ ਕਾਰਨ ਮੈਨੂੰ ਜਾਪਦਾ ਹੈ ਕਿ ਉਹ ਚਾਹੁੰਦੇ ਹਨ ਕਿ ਅਨੁਸੂਚਿਤ ਜਾਤੀਆਂ ਪਾਕਿਸਤਾਨ ਵਿੱਚ ਰਹਿ ਕੇ ਮਾਮੂਲੀ (ਸਾਫ ਸਫਾਈ ਦੇ) ਕੰਮ ਕਰਨ ਅਤੇ ਪਾਕਿਸਤਾਨ ਦੇ ਜ਼ਮੀਨਦਾਰ ਲੋਕਾਂ ਦੀ ਇਹ ਬੇਜ਼ਮੀਨੇ ਮਜ਼ਦੂਰਾਂ ਵਜੋਂ ਕੰਮ ਕਰਨ। ਪਾਕਿਸਤਾਨ ਸਰਕਾਰ ਖਾਸ ਤੌਰ 'ਤੇ ਉਨ੍ਹਾਂ ਸਫ਼ਾਈ ਕਰਮਚਾਰੀਆਂ ਨੂੰ ਕੈਦ ਕਰ ਲਿਆ ਹੈ ਜਿਨ੍ਹਾਂ ਨੂੰ ਉਨ੍ਹਾਂ ਨੇ ਜ਼ਰੂਰੀ ਸੇਵਾਵਾਂ ਨਾਲ ਸਬੰਧਿਤ ਵਿਅਕਤੀ ਘੋਸ਼ਿਤ ਕੀਤਾ ਹੈ ਅਤੇ ਜਿਨ੍ਹਾਂ ਨੂੰ ਉਹ ਇਕ ਮਹੀਨੇ ਦੇ ਨੋਟਿਸ ਦੇਣ ਤੋਂ ਬਾਅਦ ਵੀ ਰਿਹਾ ਕਰਨ ਲਈ ਤਿਆਰ ਨਹੀਂ ਚਿੰਤਤ ਕਰਦਾ ਹੈ।

2) ਐਮ ਈ ਓਵਜੋਂ ਜਾਣੀ ਜਾਂਦੀ ਸੰਸਥਾ ਅਨੁਸੂਚਿਤ ਜਾਤੀ ਦੇ ਸ਼ਰਣਾਰਥੀਆਂ ਦੀ ਮਦਦ ਕਰਨ ਵਿੱਚ ਕੁਝ ਲਾਭਦਾਇਕ ਰਿਹਾ ਹੈ ਜੋ ਪਾਕਿਸਤਾਨ ਤੋਂ ਬਾਹਰ ਨਿਕਲਣ ਲਈ ਬੇਚੈਨ ਹਨ। ਹਾਲਾਂਕਿ ਮੈਂ ਸਮਝਦਾ ਹਾਂ ਕਿ ਪਾਕਿਸਤਾਨ ਸਰਕਾਰ ਉਨ੍ਹਾਂ ਅਨੁਸੂਚਿਤ ਜਾਤੀਆਂ ਨਾਲ ਸਿੱਧਾ ਸੰਪਰਕ ਕਰਨ ਲਈ ਐਮ ਈ ਓ ਨੂੰ ਇਜਾਜ਼ਤ ਨਹੀਂ ਦੇ ਰਹੀ ਜੋ ਛੱਡਕੇ ਜਾਣਾ ਚਾਹੁੰਦੇ ਹਨ। ਸਿੱਟੇ ਵਜੋਂ, ਅਨੁਸੂਚਿਤ ਜਾਤੀਆਂ ਨੂੰ ਬਾਹਰ ਕੱਢਣ ਦੀ ਪ੍ਰਕਿਰਿਆ ਬਹੁਤ ਹੌਲੀ ਚੱਲ ਰਹੀ ਹੈ, ਅਤੇ ਕੁਝ ਥਾਵਾਂ 'ਤੇ ਇਹ ਰੁਕੀ ਹੋਈ ਹੈ। ਮੈਨੂੰ ਇਹ ਵੀ ਦੱਸਿਆ ਗਿਆ ਹੈ ਕਿ ਐਮਈਓ। ਬਹੁਤ ਜਲਦੀ ਬੰਦ ਹੋਣ ਜਾ ਰਿਹਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਪਾਕਿਸਤਾਨ ਤੋਂ ਅਨੁਸੂਚਿਤ ਜਾਤੀਆਂ ਨੂੰ ਕੱਢਣਾ ਕਾਫੀ ਅਸੰਭਵ ਹੋ ਜਾਵੇਗਾ।

(3) ਕੀ ਕਰਨਾ ਜ਼ਰੂਰੀ ਹੈ: - ਪਾਕਿਸਤਾਨ ਸਰਕਾਰ ਨੂੰ ਕਿਹਾ ਜਾਵੇ ਉਹ ਅਨੁਸੂਚਿਤ ਜਾਤੀਆਂ ਦੇ ਨਿਕਾਸੀ ਦੇ ਰਾਹ ਵਿਚ ਕੋਈ ਰੁਕਾਵਟ ਨਾ ਪਾਉਣ। ਐਮ ਈ ਓ ਅਨੁਸੂਚਿਤ ਜਾਤੀਆਂ ਦੇ ਲੋਕਾਂ ਨਾਲ ਸਿੱਧੇ ਸੰਪਰਕ ਵਿੱਚ ਆਉਣ ਲਈ ਅਤੇ ਛੱਡਕੇ ਜਾਣ ਦੀ ਇੱਛਾ ਰੱਖਦੇ ਹਨ, ਐਮ ਈ ਓ ਨੂੰ ਉਸ ਸਮੇਂ ਤੱਕ ਕੰਮ ਕਰਨਾ ਚਾਹੀਦਾ ਹੈਜਦੋਂ ਤੱਕ ਸਾਰੀਆਂ ਅਨੁਸੂਚਿਤ ਜਾਤੀਆਂ ਨੂੰ ਬਾਹਰ ਨਹੀਂ ਕੱਢਿਆ ਜਾਂਦਾ।

(4) ਹੁਣ ਤੱਕ ਰਾਹਤ ਅਤੇ ਮੁੜ ਵਸੇਬਾ ਮੰਤਰਾਲੇ ਨੇ ਪੱਛਮੀ ਪੰਜਾਬ ਲਈ ਅਨੁਸੂਚਿਤ ਜਾਤੀਆਂ ਵਿੱਚੋਂ ਸਿਰਫ਼ ਇੱਕ ਅਧਿਕਾਰੀ ਦੀ ਨਿਯੁਕਤੀ ਕੀਤੀ ਹੈ। ਪਰ ਪਾਕਿਸਤਾਨ ਦੇ ਹੋਰ ਸੂਬੇ ਜਿਵੇਂ ਕਿ ਐਨ। ਡਬਲਯੂਐਫਪੀ, ਸਿੰਧ ਅਤੇ ਭਹਾਵਲਪੁਰ ਬਚੇ ਹਨ ਅਤੇ ਜਿਨ੍ਹਾਂ ਲਈ ਅਜਿਹਾ ਕੋਈ ਅਧਿਕਾਰੀ ਨਿਯੁਕਤ ਨਹੀਂ ਕੀਤਾ ਗਿਆ ਹੈ। ਮੰਤਰਾਲੇ ਨੂੰ ਨਿਰਦੇਸ਼ ਦਿੱਤੇ ਜਾਣੇ ਚਾਹੀਦੇ ਹਨ ਕਿ ਇਨ੍ਹਾਂ ਖੇਤਰਾਂ ਵਿੱਚ ਤੁਰੰਤ ਨਿਯੁਕਤੀਆਂ ਕੀਤੀਆਂ ਜਾਣ ਤਾਂ ਜੋ ਵਿਸ਼ੇਸ਼ ਅਧਿਕਾਰੀ ਪਾਕਿਸਤਾਨ ਖੇਤਰ ਦਾ ਦੌਰਾ ਕਰ ਸਕਣ ਅਤੇ ਉਨ੍ਹਾਂ ਥਾਵਾਂ ਦਾ ਪਤਾ ਲਗਾ ਸਕਣ ਜਿੱਥੇ ਪਾਕਿਸਤਾਨ ਸਰਕਾਰ ਦੁਆਰਾ ਅਨੁਸੂਚਿਤ ਜਾਤੀਆਂ ਨੂੰ ਆਉਣ ਤੋਂ ਰੋਕਿਆ ਗਿਆ ਹੈ।

ਉਨ੍ਹਾਂ ਅਨੁਸੂਚਿਤ ਜਾਤੀਆਂ ਦੇ ਸਬੰਧ ਵਿੱਚ ਜੋ ਪਾਕਿਸਤਾਨ ਤੋਂ ਪੂਰਬੀ ਪੰਜਾਬ ਵਿੱਚ ਆਏ ਹਨ, ਉਨ੍ਹਾਂ ਨੇ ਵੀ ਆਪਣੀਆਂ ਸ਼ਿਕਾਇਤਾਂ ਭੇਜੀਆਂ ਹਨ। ਉਨ੍ਹਾਂ ਦੀ ਗਿਣਤੀ ਉਨ੍ਹਾਂ ਲੋਕਾਂ ਨਾਲੋਂ ਕਿਤੇ ਜ਼ਿਆਦਾ ਹੈ, ਜਿਨ੍ਹਾਂ ਨੂੰ ਪਾਕਿਸਤਾਨ ਵਿਚ ਰੋਕ ਕੇ ਰੱਖਿਆ ਗਿਆ ਹੈ। ਮੇਰੇ ਕੋਲ ਉਹਨਾਂ ਦਾ ਸੰਖੇਪ ਹੇਠਾਂ ਦਿੱਤਾ ਗਿਆ ਹੈ: -

(ੳ) (1) ਪੂਰਬੀ ਪੰਜਾਬ ਵਿੱਚ ਆਉਣ ਵਾਲੇ ਅਨੁਸੂਚਿਤ ਜਾਤੀ ਦੇ ਲੋਕ ਭਾਰਤ ਸਰਕਾਰ ਦੁਆਰਾ ਸਥਾਪਿਤ ਸ਼ਰਨਾਰਥੀ ਕੈਂਪ ਵਜੋਂ ਰਹਿ ਰਹੇ ਹਨ। ਕਾਰਨ ਇਹ ਹੈ ਕਿ ਇਨ੍ਹਾਂ ਸ਼ਰਨਾਰਥੀ ਕੈਂਪਾਂ ਦੇ ਇੰਚਾਰਜ ਅਧਿਕਾਰੀ ਜਾਤੀ ਹਿੰਦੂ ਸ਼ਰਣਾਰਥੀਆਂ ਅਤੇ ਅਨੁਸੂਚਿਤ ਜਾਤੀ ਦੇ ਸ਼ਰਣਾਰਥੀਆਂ ਵਿਚਕਾਰ ਵਿਤਕਰਾ ਕਰਦੇ ਹਨ।

(2) ਅਜਿਹਾ ਪ੍ਰਤੀਤ ਹੁੰਦਾ ਹੈ ਕਿ ਰਾਹਤ ਅਤੇ ਮੁੜ ਵਸੇਬਾ ਵਿਭਾਗ ਨੇ ਇੱਕ ਨਿਯਮ ਬਣਾਇਆ ਹੈ ਕਿ ਇਹ ਸਿਰਫ ਇਹ ਹੈ ਕਿ ਜੋ ਸ਼ਰਨਾਰਥੀ ਰਾਹਤ ਕੈਂਪਾਂ ਵਿੱਚ ਰਹਿ ਰਹੇ ਹਨ ਉਨ੍ਹਾਂ ਨੂੰ ਰਾਸ਼ਨ, ਕੱਪੜੇ ਆਦਿ ਮਿਲ ਸਕਦੇ ਹਨ ਕਿਉਂਕਿ ਉਹਨਾਂ ਦੇ ਸ਼ਰਨਾਰਥੀ ਕੈਂਪਾਂ ਵਿੱਚ (ਵਿਤਕਰੇ) ਦੱਸੇ ਗਏ ਕਾਰਨ ਕਰਕੇ ਨਹੀਂ ਰੁਕੇ ਹਨ। ਉਪਰੋਕਤ, ਅਨੁਸੂਚਿਤ ਜਾਤੀ ਦੇ ਸ਼ਰਣਾਰਥੀਆਂ ਨੂੰ ਕੋਈ ਰਾਹਤ ਨਹੀਂ ਮਿਲ ਰਹੀ ਹੈ। ਇਹ ਇੱਕ ਵੱਡੀ ਕਠਿਨਾਈ ਹੈ।

(3) ਕਿਉਂਕਿ ਵਿਤਕਰੇ ਨੂੰ ਰੋਕਿਆ ਨਹੀਂ ਜਾ ਸਕਦਾ, ਇਸ ਲਈ ਨਿਯਮ ਨੂੰ ਸੋਧਣਾ ਜ਼ਰੂਰੀ ਹੈ ਤਾਂ ਜੋ ਕੈਂਪਾਂ ਤੋਂ ਬਾਹਰ ਰਹਿ ਰਹੇ ਅਨੁਸੂਚਿਤ ਜਾਤੀ ਦੇ ਸ਼ਰਨਾਰਥੀ ਵੀ ਉਸੇ ਤਰ੍ਹਾਂ ਅਤੇ ਕੈਂਪਾਂ ਵਿੱਚ ਰਹਿ ਰਹੇ ਸ਼ਰਣਾਰਥੀਆਂ ਵਾਂਗ ਹੀ ਰਾਹਤ ਦੇ ਹੱਕਦਾਰ ਹੋਣ।

(ਅ) (1) ਪੂਰਬੀ ਪੰਜਾਬ ਸਰਕਾਰ ਦੁਆਰਾ ਜ਼ਮੀਨਾਂ ਦੀ ਅਲਾਟਮੈਂਟ ਵਿੱਚ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ ਹੈ। ਪੂਰਬੀ ਪੰਜਾਬ ਦਾ ਪ੍ਰਸ਼ਾਸਨ ਪੂਰੀ ਤਰ੍ਹਾਂ ਜਾਤੀ ਹਿੰਦੂਆਂ ਦੇ ਹੱਥਾਂ ਵਿੱਚ ਹੋਣ ਕਾਰਨ ਅਨੁਸੂਚਿਤ ਜਾਤੀਆਂ ਦੇ ਉਜਾੜੇ ਦੇ ਮੁੜ ਵਸੇਬੇ ਵਿੱਚ ਕੋਈ ਵੀ ਨਿੱਜੀ ਦਿਲਚਸਪੀ ਲੈਣ ਵਾਲਾ ਨਹੀਂ ਹੈ ਅਤੇ ਨਾ ਹੀ ਭਾਰਤ ਸਰਕਾਰ ਦੁਆਰਾ ਨਿਯੁਕਤ ਕੀਤੀ ਗਈ ਕੋਈ ਏਜੰਸੀ ਵਿਸ਼ੇਸ਼ ਤੌਰ 'ਤੇ ਇੱਥੇ ਲਿਆਉਣ ਦੀ ਡਿਊਟੀ ਨਿਭਾ ਰਹੀ ਹੈ। ਪੂਰਬੀ ਪੰਜਾਬ ਸਰਕਾਰ ਦੇ ਨੋਟਿਸ ਵਿੱਚ ਕਿ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਦੀ ਅਣਦੇਖੀ ਕੀਤੀ ਜਾਂਦੀ ਹੈ।

(2) ਇਸ ਲਈ ਇਹ ਜ਼ਰੂਰੀ ਹੈ ਕਿ ਪੂਰਬੀ ਪੰਜਾਬ ਵਿਚ ਕੰਮ ਕਰਨ ਲਈ ਭਾਰਤ ਸਰਕਾਰ ਦੁਆਰਾ ਨਿਯੁਕਤ ਕੀਤੇ ਗਏ ਬਹੁਤ ਸਾਰੇ ਅਧਿਕਾਰੀ ਹੋਣੇ ਚਾਹੀਦੇ ਹਨ ਜਿਨ੍ਹਾਂ ਦੀ ਵਿਸ਼ੇਸ਼ ਡਿਊਟੀ ਇਹ ਦੇਖਣ ਦੀ ਹੈ ਕਿ ਜ਼ਮੀਨ ਦੀ ਵੰਡ ਨਿਰਪੱਖ ਢੰਗ ਨਾਲ ਹੋਈ ਹੈ ਅਤੇ ਅਨੁਸੂਚਿਤ ਜਾਤੀ ਦੇ ਸ਼ਰਣਾਰਥੀਆਂ ਨੂੰ ਮਿਲਦੀ ਹੈ। ਉਹਨਾਂ ਦਾ ਜਾਇਜ਼ ਹਿੱਸਾ।

(3) ਮੈਂ ਮਾਨਯੋਗ ਸ੍ਰੀ ਨਿਓਗੀ ਨੂੰ ਇਸ ਮੰਤਵ ਲਈ ਨਿਯੁਕਤ ਕੀਤੇ ਜਾਣ ਵਾਲੇ ਵਿਅਕਤੀਆਂ ਦੀ ਸੂਚੀ ਦਿੱਤੀ ਹੈ, ਜੋ ਕਿ ਜਿੱਥੋਂ ਤੱਕ ਮੈਨੂੰ ਪਤਾ ਹੈ, ਇਹ ਕੰਮ ਕਰਨ ਲਈ ਸਭ ਤੋਂ ਵੱਧ ਯੋਗ ਹਨ।

(4) (ੳ) ਇਹ ਇੱਕ ਬਹੁਤ ਹੀ ਮਾੜਾ ਤੱਥ ਹੈ ਕਿ ਪੂਰਬੀ ਪੰਜਾਬ ਵਿੱਚ ਬਹੁਤ ਹੀ ਪ੍ਰਮੁੱਖ ਅਹੁਦਿਆਂ 'ਤੇ ਕਾਬਜ਼ ਸਿੱਖ ਅਤੇ ਜੱਟ ਪੂਰਬੀ ਪੰਜਾਬ ਦੇ ਵਸਨੀਕ ਅਨੁਸੂਚਿਤ ਜਾਤੀਆਂ ਨੂੰ ਆਪਣੇ ਮਕਾਨਾਂ ਅਤੇ ਜ਼ਮੀਨ ਦੀ ਜਾਇਦਾਦ ਹੋਰ ਵਸਤਾਂ ਦਾ ਪ੍ਰਬੰਧ ਕਰਨ ਲਈ ਆਪਣੇ ਮੂਲ ਘਰ ਖਾਲੀ ਕਰਨ ਲਈ ਮਜਬੂਰ ਕਰ ਰਹੇ ਹਨ।ਅਨੁਸੂਚਿਤ ਜਾਤੀਆਂ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਸਿੱਖਾਂ ਅਤੇ ਜੱਟਾਂ ਦੁਆਰਾ ਆਪਣੇ ਉੱਤੇ ਕੀਤੇ ਗਏ ਜਬਰ ਅਤੇ ਜ਼ੁਲਮ ਤੋਂ ਕੋਈ ਰਾਹਤ ਅਤੇ ਨਿਵਾਰਨ ਪ੍ਰਾਪਤ ਕਰਨ ਵਿੱਚ ਅਸਮਰਥ ਹਨ ਕਿਉਂਕਿ ਪੂਰਬੀ ਪੰਜਾਬ ਵਿੱਚ ਮੈਜਿਸਟਰੇਸੀ ਅਤੇ ਨੀਤੀ ਪੂਰੀ ਤਰ੍ਹਾਂ ਸਿੱਖਾਂ ਅਤੇ ਜੱਟਾਂ ਦੁਆਰਾ ਚਲਾਈ ਜਾਂਦੀ ਹੈ। ਕੁਦਰਤੀ ਤੌਰ 'ਤੇ ਗਲਤ ਕੰਮ ਕਰਨ ਵਾਲਿਆਂ ਦੀ ਰੱਖਿਆ ਕਰ ਰਹੇ ਹਨ ਕਿਉਂ ਜੋ ਉਹ, ਉਨ੍ਹਾਂ ਦੇ ਰਿਸ਼ਤੇਦਾਰ ਹਨ ਅਤੇ ਅਨੁਸੂਚਿਤ ਜਾਤੀਆਂ ਦੀਆਂ ਸ਼ਿਕਾਇਤਾਂ ਵੱਲ ਕੋਈ ਧਿਆਨ ਨਹੀਂ ਦਿੰਦੇ ਹਨ।





1947 ਦੇ ਦੇਸ਼ ਦੇ ਬਟਵਾਰੇ ਸਮੇਂ ਉਜਾੜੇ ਅਤੇ ਮੁੜ ਵਸੇਬੇ ਦੇ ਪ੍ਰਬੰਧਾਂ ਵਿੱਚ ਦੂਹਰੀ ਮਾਰ ਦਾ ਸ਼ਿਕਾਰ ਅਨੁਸੂਚਿਤ ਵਰਗ ਦੇ ਲੋਕ

(ਅ) ਇਸ ਲਈ, ਇਹ ਬਿਲਕੁਲ ਜ਼ਰੂਰੀ ਹੈ ਕਿ ਪੂਰਬੀ ਪੰਜਾਬ ਸਰਕਾਰ ਨੂੰ ਆਪਣੀ ਸਿਵਲ ਪੁਲਿਸ ਵਿੱਚ ਘੱਟੋ-ਘੱਟ 300 ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਭਰਤੀ ਕਰਨ ਲਈ ਮਜਬੂਰ ਕੀਤਾ ਜਾਵੇ। ਹਾਲ ਹੀ ਵਿੱਚ ਅਖ਼ਬਾਰਾਂ ਵਿੱਚ ਛਪਿਆ ਸੀ ਕਿ ਪੂਰਬੀ ਪੰਜਾਬ ਸਰਕਾਰ ਨੇ ਆਪਣੀ ਪੁਲਿਸ ਫੋਰਸ ਵਿੱਚ ਲਗਭਗ 300 ਅਨੁਸੂਚਿਤ ਜਾਤੀਆਂ ਦੀ ਭਰਤੀ ਕੀਤੀ ਹੈ, ਪੁੱਛਣ 'ਤੇ ਪਤਾ ਲੱਗਾ ਕਿ ਇਹ ਭਰਤੀ ਫਰੰਟੀਅਰ ਕਾਂਸਟੇ-ਬਲਰੀ ਦੇ ਉਦੇਸ਼ ਲਈ ਕੀਤੀ ਗਈ ਹੈ ਨਾ ਕਿ ਆਮ ਸਿਵਲ ਪੁਲਿਸ ਫੋਰਸ ਲਈ। ਅਨੁਸੂਚਿਤ ਜਾਤੀਆਂ ਨੂੰ ਆਪਣੀ ਸੁਰੱਖਿਆ ਦੇ ਉਦੇਸ਼ ਲਈ ਪੂਰਬੀ ਪੰਜਾਬ ਦੀ ਸਿਵਲ ਪੁਲਿਸ ਵਿੱਚ ਭਰਤੀ ਦੀ ਲੋੜ ਹੈ। ਮੈਨੂੰ ਸੂਚਿਤ ਕੀਤਾ ਗਿਆ ਹੈ ਕਿ ਪੂਰਬੀ ਪੰਜਾਬ ਦੀ ਸਿਵਲ ਪੁਲਿਸ ਫੋਰਸ ਵਿੱਚ ਇੱਕ ਵੀ ਅਨੁਸੂਚਿਤ ਜਾਤੀ ਦਾ ਵਿਅਕਤੀ ਸ਼ਾਮਲ ਨਹੀਂ ਹੈ।

(5) (ੳ) ਪੂਰਬੀ ਪੰਜਾਬ ਦੀ ਭੂਮੀ ਮਾਲੀਆ ਪ੍ਰਣਾਲੀ ਨੇ ਪਿੰਡਾਂ ਦੇ ਵਸਨੀਕਾਂ ਨੂੰ ਦੋ ਵਰਗਾਂ ਜ਼ਿਮੀਂਦਾਰਾਂ ਅਤੇ ਕਮੀਨਾਂ ਵਿਚ ਵੰਡ ਦਿੱਤਾ ਸੀ। ਜ਼ਿਮੀਂਦਾਰ ਦੀ ਸ਼੍ਰੇਣੀ ਵਿੱਚ ਉਹ ਪਰਿਵਾਰ ਸ਼ਾਮਲ ਹਨ ਜਿਨ੍ਹਾਂ ਕੋਲ ਪਿੰਡ ਦੀ ਹੱਦ ਅੰਦਰ ਸਥਿਤ ਜ਼ਮੀਨ ਦੀ ਮਾਲਕੀ ਦਾ ਵਿਸ਼ੇਸ਼ ਅਧਿਕਾਰ ਹੈ। ਕਮੀਨਾਂ ਨੂੰ ਉਸ ਪਿੰਡ ਵਿੱਚ ਸਥਿਤ ਜ਼ਮੀਨ ਖਰੀਦਣ ਜਾਂ ਰੱਖਣ ਦਾ ਕੋਈ ਅਧਿਕਾਰ ਨਹੀਂ ਹੈ ਜਿਸ ਦੇ ਉਹ ਵਸਨੀਕ ਹਨ। ਇੱਥੋਂ ਤੱਕ ਕਿ ਜਿਨ੍ਹਾਂ ਥਾਵਾਂ 'ਤੇ ਉਨ੍ਹਾਂ ਦੇ ਘਰ ਸਥਿਤ ਹਨ, ਉਹ ਵੀ ਜ਼ਿਮੀਂਦਾਰਾਂ ਦੇ ਹਨ, ਨਤੀਜੇ ਵਜੋਂ ਜੇ ਜ਼ਿਮੀਂਦਾਰ ਇਕੱਠੇ ਹੋ ਜਾਣ ਤਾਂ ਉਹ ਕਮੀਨਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਹਟਾਉਣ ਲਈ ਕਹਿ ਕੇ ਪਿੰਡ ਛੱਡਣ ਲਈ ਮਜਬੂਰ ਕਰ ਸਕਦੇ ਹਨ। ਇਹ ਕਾਨੂੰਨ ਹਰ ਪਿੰਡ ਦੇ ਕਮੀਨਾਂ ਨੂੰ ਜ਼ਿਮੀਂਦਾਰਾਂ ਦੇ ਰਹਿਮੋ-ਕਰਮ 'ਤੇ ਰੱਖ ਦਿੰਦਾ ਹੈ। ਪੂਰਬੀ ਪੰਜਾਬ ਦੇ ਸਾਰੇ ਪਿੰਡਾਂ ਵਿੱਚ ਅਨੁਸੂਚਿਤ ਜਾਤੀਆਂ ਨੂੰ ਕਮੀਨਾਂ ਵਜੋਂ ਸ਼੍ਰੇਣੀਬੱਧ ਕੀਤਾ ਜਾਂਦਾ ਹੈ ਅਤੇ ਇਸ ਲਈ ਉਹ ਪਿੰਡ ਦੇ ਜ਼ਿਮੀਂਦਾਰਾਂ ਦੀ ਪੂਰੀ ਗੁਲਾਮੀ ਵਿੱਚ ਰਹਿ ਰਹੇ ਹਨ।

(ਅ) ਇਸ ਲਈ, ਇਹ ਜ਼ਰੂਰੀ ਹੈ ਕਿ ਪੂਰਬੀ ਪੰਜਾਬ ਸਰਕਾਰ ਨੂੰ ਆਪਣੀ ਜ਼ਮੀਨੀ ਮਾਲ ਪ੍ਰਣਾਲੀ ਨੂੰ ਬਦਲ ਕੇ ਅਤੇ ਇਸ ਨੂੰ ਰਾਇਤਵਾੜੀ ਪ੍ਰਣਾਲੀ ਦੇ ਸਮਾਨ ਬਣਾ ਕੇ ਇਸ ਭੇਦ ਨੂੰ ਖਤਮ ਕਰਨ ਲਈ ਕਿਹਾ ਜਾਵੇ, ਜਿਸ ਦੇ ਅਧੀਨ ਆਪਣੀ ਜ਼ਮੀਨ ਨਾਲ ਸਬੰਧਿਤ ਸਾਰੇ ਪਿੰਡ ਵਾਸੀਆਂ ਨੂੰ ਸਮਰੱਥਾ ਅਨੁਸਾਰ ਬਰਾਬਰ ਦੇ ਪੱਧਰ 'ਤੇ ਰੱਖਿਆ ਗਿਆ ਹੈ।

(6) (ੳ) ਪੂਰਬੀ ਪੰਜਾਬ ਪ੍ਰਾਂਤ ਵਿੱਚ ਲੈਂਡ ਅਲੀਨੇਸ਼ਨ ਐਕਟ ਕਿਹਾ ਜਾਂਦਾ ਹੈ ਜਿਸਦਾ ਉਦੇਸ਼ ਕਿਸਾਨਾਂ ਨੂੰ ਸ਼ਾਹੂਕਾਰਾਂ ਤੋਂ ਬਚਾਉਣਾ ਹੈ। ਪਰ ਇਸ ਵਿਚ ਥੋੜ੍ਹਾ ਜਿਹਾ ਸ਼ੱਕ ਨਹੀਂ ਕੀਤਾ ਜਾ ਸਕਦਾ ਕਿ ਇਹ ਕਾਨੂੰਨ ਦਾ ਸਭ ਤੋਂ ਘਿਨਾਉਣਾ ਹਿੱਸਾ ਹੈ ਕਿਉਂਕਿ ਇਸ ਵਿਚ ਖੇਤੀਬਾੜੀ ਦੀ ਪਰਿਭਾਸ਼ਾ ਹੈ ਜੋ ਕਿ ਸੰਪਰਦਾਇਕ ਹੈ ਨਾ ਕਿ ਕਿੱਤਾਮੁਖੀ। ਇਸ ਕਾਨੂੰਨ ਦੇ ਅਨੁਸਾਰ। ਇੱਕ ਵਿਅਕਤੀ ਇੱਕ ਕਿਸਾਨ ਹੈ ਜੇਕਰ ਉਹ ਇੱਕ ਅਜਿਹੇ ਭਾਈਚਾਰੇ ਨਾਲ ਸਬੰਧਿਤ ਹੈ ਜਿਸਨੂੰ ਸਰਕਾਰ ਦੁਆਰਾ ਇੱਕ ਖੇਤੀਬਾੜੀ ਭਾਈਚਾਰੇ ਵਜੋਂ ਘੋਸ਼ਿਤ ਕੀਤਾ ਗਿਆ ਹੈ।

ਪੁਰਾਣੀ ਪੰਜਾਬ ਸਰਕਾਰ ਨੇ ਇਸ ਗੱਲ ਦਾ ਖਾਸ ਧਿਆਨ ਰੱਖਿਆ ਕਿ ਅਨੁਸੂਚਿਤ ਜਾਤੀਆਂ ਨੂੰ ਖੇਤੀਬਾੜੀ ਭਾਈਚਾਰੇ ਵਜੋਂ ਘੋਸ਼ਿਤ ਨਾ ਕੀਤਾ ਜਾਵੇ ਹਾਲਾਂਕਿ ਅਨੁਸੂਚਿਤ ਜਾਤੀਆਂ ਦਾ ਹਰ ਮੈਂਬਰ ਜਾਂ ਤਾਂ ਜ਼ਮੀਨ ਦਾ ਕਾਸ਼ਤਕਾਰ ਹੈ ਜਾਂ ਖੇਤੀਬਾੜੀ ਮਜ਼ਦੂਰ ਹੈ। ਨਤੀਜਾ ਇਹ ਹੈ ਕਿ ਪੂਰਬੀ ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਨੂੰ ਜ਼ਮੀਨ ਜਾਇਦਾਦ ਖਰੀਦਣ ਜਾਂ ਹਾਸਲ ਕਰਨ ਤੋਂ ਰੋਕ ਦਿੱਤਾ ਗਿਆ ਹੈ ਅਤੇ ਉਹ ਆਪਣੀ ਰੋਜ਼ੀ-ਰੋਟੀ ਲਈ ਹਿੰਦੂ, ਸਿੱਖ ਅਤੇ ਜੱਟ ਜ਼ਿਮੀਂਦਾਰਾਂ 'ਤੇ ਨਿਰਭਰ ਬੇਜ਼ਮੀਨੇ ਮਜ਼ਦੂਰਾਂ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਇਹ ਕਾਨੂੰਨ ਦਾ ਇੱਕ ਬੇਰਹਿਮ ਹਿੱਸਾ ਹੈ ਅਤੇ ਮੈਨੂੰ ਲੱਗਦਾ ਹੈ ਕਿ ਇਸ ਨੂੰ ਕਾਨੂੰਨ ਦੀ ਕਿਤਾਬ 'ਤੇ ਨਹੀਂ ਰਹਿਣ ਦਿੱਤਾ ਜਾਣਾ ਚਾਹੀਦਾ ਹੈ।

(ਅ) ਪੂਰਬੀ ਪੰਜਾਬ ਸਰਕਾਰ ਨੂੰ 'ਖੇਤੀਕਾਰ' ਸ਼ਬਦ ਦੀ ਪਰਿਭਾਸ਼ਾ ਨੂੰ ਸੋਧ ਕੇ ਇਸ ਨੂੰ ਕਿੱਤਾਮੁਖੀ ਬਣਾਉਣਾ ਚਾਹੀਦਾ ਹੈ ਤਾਂ ਜੋ ਹਰ ਕੋਈ ਜੋ ਖੇਤੀ ਕਰਕੇ ਆਪਣੀ ਰੋਜ਼ੀ-ਰੋਟੀ ਕਮਾਉਂਦਾ ਹੈ, ਭਾਵੇਂ ਉਸ ਦੀ ਜਾਤ-ਪਾਤ ਦੀ ਪਰਵਾਹ ਕੀਤੇ ਬਿਨਾਂ, ਉਹ ਕਿਸਾਨ ਬਣ ਜਾਵੇ ਅਤੇ ਉਹ ਜ਼ਮੀਨ ਦੀ ਮਾਲਕੀ ਦਾ ਹੱਕਦਾਰ ਬਣ ਸਕੇ।

ਮੈਂ ਅਨੁਸੂਚਿਤ ਜਾਤੀਆਂ ਦੀਆਂ ਸਾਰੀਆਂ ਮੁਸ਼ਕਲਾਂ ਨੂੰ ਗਿਣਿਆ ਹੈ ਜੋ ਮੇਰੇ ਧਿਆਨ ਵਿੱਚ ਲਿਆਂਦੀਆਂ ਗਈਆਂ ਹਨ ਅਤੇ ਉਪਾਅ, ਜੋ ਮੈਨੂੰ ਲੱਗਦਾ ਹੈ, ਜੇਕਰ ਅਪਣਾਇਆ ਜਾਵੇ ਤਾਂ ਉਹ ਦੂਰ ਹੋ ਜਾਣਗੇ। ਕੁਝ ਇਲਾਜ ਭਾਰਤ ਸਰਕਾਰ ਦੇ ਹੱਥਾਂ ਵਿੱਚ ਹਨ ਅਤੇ ਬਾਕੀ ਪੂਰਬੀ ਪੰਜਾਬ ਸਰਕਾਰ ਦੇ ਹੱਥਾਂ ਵਿੱਚ ਹਨ। ਅਜਿਹੇ ਉਪਾਅ ਲਾਗੂ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਜਿਵੇਂ ਕਿ ਭਾਰਤ ਸਰਕਾਰ ਦੇ ਹੱਥਾਂ ਵਿੱਚ ਹੈ ਜੇਕਰ ਉਹ ਅਜਿਹਾ ਕਰਨ ਦੀ ਇੱਛਾ ਰੱਖਦੀ ਹੈ। ਪੂਰਬੀ ਪੰਜਾਬ ਸਰਕਾਰ ਦੇ ਹੱਥਾਂ ਵਿੱਚ ਹੋਣ ਵਾਲੇ ਉਪਾਅ ਦੇ ਸਬੰਧ ਵਿੱਚ ਵੀ ਭਾਰਤ ਸਰਕਾਰ ਨੂੰ ਬੇਵਸ ਮਹਿਸੂਸ ਕਰਨ ਦੀ ਲੋੜ ਨਹੀਂ ਹੈ। ਕਿਉਂਕਿ, ਕਿਉਂਕਿ ਭਾਰਤ ਸਰਕਾਰ ਮੁੜ ਵਸੇਬੇ ਦਾ ਖਰਚਾ ਅਦਾ ਕਰ ਰਹੀ ਹੈ, ਇਸ ਲਈ ਪੂਰਬੀ ਪੰਜਾਬ ਦੀ ਸਰਕਾਰ ਨੂੰ ਅਜਿਹਾ ਉਪਾਅ ਅਪਣਾਉਣ ਲਈ ਮਜਬੂਰ ਕਰਨ ਦਾ ਨੈਤਿਕ ਅਧਿਕਾਰ ਹੈ ਜੋ ਭਾਰਤ ਸਰਕਾਰ ਸਾਰੇ ਵਰਗਾਂ ਦੇ ਲੋਕਾਂ ਨਾਲ ਨਿਰਪੱਖ ਅਤੇ ਬਰਾਬਰ ਦੇ ਵਿਵਹਾਰ ਲਈ ਜ਼ਰੂਰੀ ਸਮਝਦੀ ਹੈ। ਇਹੀ ਕਾਰਨ ਹੈ ਕਿ ਮੈਂ ਭਾਰਤ ਸਰਕਾਰ ਦੀ ਕਾਰਵਾਈ ਨੂੰ ਸ਼ਾਮਲ ਕਰਨ ਤੋਂ ਝਿਜਕਿਆ ਨਹੀਂ ਹੈ ਜਿਵੇਂ ਕਿ ਪੂਰਬੀ ਪੰਜਾਬ ਸਰਕਾਰ ਦੇ ਹੱਥਾਂ ਵਿੱਚ ਪਏ ਉਪਾਅ।


ਹੁਣ ਤੱਕ ਮੁਸਲਮਾਨਾਂ ਦੀ ਸਮੱਸਿਆ 'ਤੇ ਭਾਰਤ ਸਰਕਾਰ ਦੁਆਰਾ ਪੂਰੀ ਦੇਖਭਾਲ ਅਤੇ ਧਿਆਨ ਦਿੱਤਾ ਗਿਆ ਹੈ। ਅਨੁਸੂਚਿਤ ਜਾਤੀਆਂ ਦੀ ਸਮੱਸਿਆਵਾਂ ਨੂੰ ਜਾਂ ਤਾਂ ਮੌਜੂਦ ਹੀ ਨਹੀਂ ਮੰਨਿਆ ਗਿਆ, ਜਾਂ ਇੰਨੀ ਛੋਟੀ ਸਮਝੀ ਗਈ ਹੈ ਕਿ ਵਿਸ਼ੇਸ਼ ਧਿਆਨ ਦੇਣ ਦੀ ਲੋੜ ਨਹੀਂ ਹੈ। ਹਾਲਾਂਕਿ ਕੁਝ ਲੋਕ ਅਨੁਸੂਚਿਤ ਜਾਤੀਆਂ ਦੀ ਸਮੱਸਿਆ ਦਾ ਜ਼ਿਕਰ ਕਰਨਾ ਪਸੰਦ ਨਹੀਂ ਕਰਦੇ ਹਨ, ਫਿਰ ਵੀ ਸਾਡੇ ਵਿੱਚੋਂ ਜਿਹੜੇ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਹਨ, ਉਹ ਜਾਣਦੇ ਹਨ ਕਿ: ਸਮੱਸਿਆ ਮੌਜੂਦ ਹੈ ਅਤੇ ਇਹ ਮੁਸਲਮਾਨਾਂ ਦੀ ਸਮੱਸਿਆ ਤੋਂ ਵੀ ਜ਼ਿਆਦਾ ਗੰਭੀਰ ਹੈ। ਮੈਂ ਕਈ ਵਾਰ ਪਾਕਿਸਤਾਨ ਅਤੇ ਭਾਰਤ ਵਿਚ ਅਨੁਸੂਚਿਤ ਜਾਤੀ ਦੇ ਸ਼ਰਣਾਰਥੀਆਂ ਦੀ ਸਮੱਸਿਆ ਨੂੰ ਭਾਰਤ ਸਰਕਾਰ ਦੁਆਰਾ ਨਜ਼ਰਅੰਦਾਜ਼ ਕਰਨ ਵੱਲ ਲੋਕਾਂ ਦਾ ਧਿਆਨ ਖਿੱਚਣ ਬਾਰੇ ਸੋਚਿਆ ਸੀ।

ਸਪੱਸ਼ਟ ਕਾਰਨਾਂ ਕਰਕੇ ਮੈਂ ਅਜਿਹਾ ਕਰਨ ਤੋਂ ਗੁਰੇਜ਼ ਕੀਤਾ ਹੈ। ਹੋਰ ਮਾਮਲਿਆਂ ਵਿੱਚ ਤੁਹਾਡੀ ਪੂਰਵ-ਵਿਆਪਕਤਾ ਦੇ ਕਾਰਨ, ਮੈਂ ਇਸ ਸਵਾਲ ਬਾਰੇ ਤੁਹਾਡੀ ਚੁੱਪ ਬਾਰੇ ਕੋਈ ਸ਼ਿਕਾਇਤ ਨਹੀਂ ਕੀਤੀ ਹੈ। ਪਰ ਮੈਨੂੰ ਡਰ ਹੈ ਕਿ ਉਹ ਸਮਾਂ ਆ ਗਿਆ ਹੈ ਜਦੋਂ ਮੈਨੂੰ ਰਾਹਤ ਅਤੇ ਮੁੜ ਵਸੇਬਾ ਮੰਤਰੀ ਅਤੇ ਬਿਨਾਂ ਪੋਰਟਫੋਲੀਓ ਮੰਤਰੀ ਨੂੰ ਨਿਰਦੇਸ਼ ਜਾਰੀ ਕਰਕੇ ਇਸ ਸਮੱਸਿਆ ਵੱਲ ਨਿੱਜੀ ਤੌਰ 'ਤੇ ਧਿਆਨ ਦੇਣ 'ਤੇ ਜ਼ੋਰ ਦੇਣਾ ਚਾਹੀਦਾ ਹੈ ਤਾਂ ਜੋ ਅਨੁਸੂਚਿਤ ਜਾਤੀਆਂ ਨੂੰ ਉਨ੍ਹਾਂ ਦੇ ਦੁੱਖਾਂ ਤੋਂ ਰਾਹਤ ਦਿੱਤੀ ਜਾ ਸਕੇ। ਇਸ ਪੱਤਰ ਵਿੱਚ ਜਾਂ ਮੇਰੇ ਦੁਆਰਾ ਨਿਰਧਾਰਿਤ ਉਦੇਸ਼ਾਂ ਨੂੰ ਲਾਗੂ ਕਰਨ ਲਈ ਬਿਹਤਰ ਉਪਾਅ ਤਿਆਰ ਕਰਨ ਦੁਆਰਾ ਸੁਝਾਅ ਦਿੱਤਾ ਗਿਆ ਹੈ। ਜੇਕਰ ਤੁਸੀਂ ਇਸ ਮਾਮਲੇ ਵੱਲ ਤੁਰੰਤ ਧਿਆਨ ਦਿਓਗੇ ਤਾਂ ਮੈਂ ਧੰਨਵਾਦੀ ਹੋਵਾਂਗਾ।

ਸੁਭਕਾਮਨਾਵਾਂ, (Sd/—) ਡਾ ਅੰਬੇਡਕਰ

ਡਾ ਅੰਬੇਡਕਰ ਸਾਹਿਬ ਦੇ ਇਸ ਪੱਤਰ ਦਾ ਜਵਾਬ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਦਿੰਦੇ ਹੋਏ ਭਰੋਸਾ ਵੀ ਦਿੱਤਾ ਸੀ ਕਿ ਅਨੁਸੂਚਿਤ ਜਾਤੀਆਂ ਦੀਆਂ ਸਮੱਸਿਆਵਾਂ ਦਾ ਧਿਆਨ ਰਖਿਆ ਜਾਵੇਗਾ।

# 23 ਸਾਲ ਦੇ ਸੰਘਰਸ਼ ਬਾਅਦ ਜਨਤਕ ਥਾਵਾਂ ਤੋਂ ਸਾਫ ਪਾਣੀ ਪੀਣ ਦਾ ਹੱਕ ਮਿਲਿਆ ਸੀ ਐਸਸੀ ਐਸਟੀ ਲੋਕਾਂ ਨੂੰ








ਹਰਦੀਪ ਸਿੰਘ ਚੁੰਬਰ
+91-94636-01616

ਜਨਤਕ ਥਾਵਾਂ ਤੋਂ ਸਾਫ ਪਾਣੀ ਪੀਣ ਦਾ ਹੱਕ ਲੈਣ ਲਈ ਭਾਰਤ ਦੇ ਸੈਂਕੜੇ ਅਛੂਤ ਲੋਕਾਂ ਨੇ ਸ਼ਹਾਦਤ ਦਿੱਤੀ। ਹਜਾਰਾਂ ਸਾਲਾਂ ਬਾਅਦ ਅੰਗਰੇਜ਼ ਸ਼ਾਸਕ ਹੋਣ ਦੇ ਲਾਭ ਹੋਣ ਦੇ ਨਾਤੇ23 ਸਾਲ ਦੀ ਸਮਾਜਿਕ, ਰਾਜਨੀਤਿਕ ਅਤੇ ਕਾਨੂੰਨੀ ਲੜਾਈ ਦੀ ਜਿੱਤ ਮਗਰੋਂ ਭਾਰਤ ਦੇ ਬੇਦਖ਼ਲ ਸਮਾਜ ਨੂੰ ਜਨਤਕ ਥਾਵਾਂ ਉੱਤੇ ਬਣੇ ਪਾਈ ਦਾ ਸਾਧਨਾਂ ਅਤੇ ਤਲਾਬਾਂ ਤੋਂ ਪਾਣੀ ਪੀਣ ਦਾ ਅਧਿਕਾਰ ਪ੍ਰਾਪਤ ਹੋਇਆ।

ਲੰਮੇ ਸਮੇਂ ਬਾਅਦ ਸਰਕਾਰੀ ਇਜਾਜ਼ਤ ਹੋਣ ਦੇ ਕਾਰਨ19 ਮਾਰਚ 1927 ਨੂੰ ਅਛੂਤ ਵਰਗ ਦੇ ਬਹੁਤ ਸਾਰੇ ਵਿਅਕਤੀ ਟੈਂਕੀ ਦੇ ਪਾਣੀ ਨਾਲ ਆਪਣੇ ਹੱਥ ਅਤੇ ਚਿਹਰੇ ਧੋਤੇ। ਇਸ ਨੂੰ ਹਿੰਦੂ ਲੋਕ ਤਲਾਬ ਨੂੰਦੂਸ਼ਿਤ ਕਰਾਰ ਦਿੱਤਾ। ਸਿੱਟੇ ਵਜੋਂ 24/25 ਘੰਟਿਆਂ ਤੋਂ ਵੱਧ ਸਮੇਂ ਤੱਕ ਇਸ ਦੂਸ਼ਿਤ ਹੋਏ ਪਾਣੀ ਨੂੰ ਛੂਹਣਯੋਗ ਵਰਗ ਟੈਂਕੀ ਤੋਂ ਪਾਣੀ ਨਹੀਂ ਲੈ ਸਕਦੇ ਸਨ, ਜਦੋਂ ਤੱਕ ਪਾਣੀ ਨੂੰ ਸੁੱਧ ਨਹੀਂ ਕੀਤਾ ਜਾਂਦਾ, ਵੱਡੀ ਕੀਮਤ 'ਤੇ, ਹਿੰਦੂ ਸ਼ਾਸਤਰਾਂ ਦੁਆਰਾ ਨਿਰਧਾਰਤ ਰਸਮਾਂ ਨਿਭਾ ਕੇ ਪਾਣੀ ਨੂੰ ਸੁੱਧ ਕਰਨ ਦੀ ਰਸ਼ ਕੀਤੀ।

ਮਹਾਡ ਨਗਰ ਪਾਲਿਕਾ ਨੇ 4 ਅਗਸਤ, 1927 ਨੂੰ ਆਪਣੇ 1924 ਦੇ ਮਤੇ ਨੂੰ ਰੱਦ ਕਰ ਦਿੱਤਾ, ਜਿਸ ਦੇ ਤਹਿਤ ਇਸ ਨੇ ਚੌਂਦਰ ਟੈਂਕ ਨੂੰ ਬੇਦਖ਼ਲ ਵਰਗਾਂ ਲਈ ਖੁੱਲ੍ਹਾ ਐਲਾਨੀਆ ਸੀ। ਡਾ: ਅੰਬੇਡਕਰ ਨੇ ਇਸ ਚੁਣੌਤੀ ਨੂੰ ਸਵੀਕਾਰ ਕੀਤਾ ਅਤੇ 11 ਸਤੰਬਰ 1927 ਨੂੰ ਦਾਮੋਦਰ ਹਾਲ, ਬੰਬਈ ਵਿੱਚ ਇੱਕ ਜਨਤਕ ਮੀਟਿੰਗ ਵਿੱਚ, ਮਹਾਡ ਤਲਾਬ ਵਿੱਚ ਦੱਬੇ-ਕੁਚਲੇ ਵਰਗਾਂ ਦੇ ਅਧਿਕਾਰਾਂ ਦੀ ਮੁੜ ਪ੍ਰਾਪਤ ਕਰਨ ਦੇ ਸੰਘਰਸ਼ ਨੂੰ ਸਫਲ ਬਣਾਉਣ ਲਈ ਤਰੀਕੇ ਅਤੇ ਸਾਧਨ ਤਿਆਰ ਕਰਨ ਲਈ ਇੱਕ ਕਮੇਟੀ ਦਾ ਗਠਨ ਕੀਤਾ ਗਿਆਅਤੇ ਤਾਰੀਖ਼ਾਂ ਦੇ ਫੈਸਲਾ ਅਤੇ ਵੇਰਵਿਆਂ ਨੂੰ ਇਕੱਠੇ ਕਰਨ ਲਈ। ਚਾਰ ਦਿਨਾਂ ਬਾਅਦ ਕਮੇਟੀ ਨੇ ਡਾ। ਅੰਬੇਡਕਰ ਦੇ ਦਫ਼ਤਰ ਵਿੱਚ ਮੀਟਿੰਗ ਕੀਤੀ ਅਤੇ ਸੱਤਿਆਗ੍ਰਹਿ ਕਰਨ ਲਈ 25 ਅਤੇ 26 ਦਸੰਬਰ 1927 ਦਾ ਐਲਾਨ ਕੀਤਾ। ਸੱਤਿਆਗ੍ਰਹਿ ਕੀਤਾ, ਕੱਟੜਪੰਥੀ ਹਿੰਦੂਆਂ ਨੇ ਹਮਲੇ ਕੀਤੇ, ਕੁੱਝ ਦੀ ਮੌਤ ਅਤੇ ਸੈਂਕੜੇ ਅਛੂਤਾਂ ਦੇ ਹੱਥ ਪੈਰ ਟੁੱਟੇ, ਸਰਕਾਰ ਦਾ ਦਖ਼ਲ ਅਤੇ ਮੁਕੱਦਮੇ ਹੋਏ।1914 ਵਿੱਚ ਅੰਗਰੇਜ਼ ਸਰਕਾਰ ਨੇ ਅਛੂਤਾਂ ਲਈ ਇਜਾਜ਼ਤ ਦੇ ਦਿਤੀ ਗਈ ਸੀ।

ਹਿੰਦੂਆਂ ਦੁਆਰਾ ਜਨਤਕ ਥਾਵਾਂ ਤੇ ਰੋਕ ਨੂੰ ਹਟਾਉਣ ਲਈ ਐਸਸੀ ਐਸਟੀ ਲੋਕਾਂ ਨੂੰ ਸਾਫ ਪਾਣੀ ਪੀਣ ਦਾ ਹੱਕ ਲੈਣ ਲਈ ਲੰਮੀ ਲੜਾਈ ਲੜਨੀ ਪਈ। ਜਿਹੜਾ ਅਸੀਂ ਅੱਜ ਜਨਤਕ ਥਾਵਾਂ ਤੋਂ ਸਾਫ ਪਾਣੀ ਪੀ ਰਹੇ ਹਾਂ ਉਸਦੀ ਪ੍ਰਾਪਤੀ ਲਈ 23 ਸਾਲ ਤੱਕ ਸੰਘਰਸ਼ ਚਲਦਾ ਰਿਹਾ।

ਇਹ ਵੀ ਅੰਗਰੇਜ ਸਰਕਾਰ ਦੇ ਹੋਣ ਕਾਰਨ ਹੋ ਪਾਇਆ। 1927 ਵਿੱਚ ਹਿੰਦੂਆਂ ਨੇ ਐਸਸੀ ਸਮਾਜ ਨੂੰ ਜਨਤਕ ਤਲਾਬਾਂ ਤੋਂ ਰੋਕਣ ਲਈ ਮੁਕੱਦਮਾ ਦਰਜ ਕੀਤਾ। 6 ਸਾਲ ਕੇਸ਼ ਚਲਿਆ।1933 ਵਿੱਚ ਐਸਸੀ ਐਸਟੀ ਸਮਾਜ ਦੇ ਹੱਕ ਵਿੱਚ ਫੈਸਲਾ ਆਇਆ। 1937 ਵਿੱਚ ਹਿੰਦੂਆਂ ਨੇ ਹਾਈਕੋਰਟ ਵਿੱਚ ਕੇਸ ਕਰਨ ਦੀ ਅਰਜ਼ੀ ਦਿੱਤੀ ਗਈ, ਅਦਾਲਤ ਨੇ ਇਸ ਨੂੰ ਖਾਰਜ ਕਰ ਦਿੱਤਾ ਸੀ।

# ਪੂਨਾ ਸਮਝੌਤਾ ਕਰਕੇ ਅਛੂਤਾਂ ਨੂੰ ਜ਼ਬਰਦਸਤੀ ਵੰਚਿਤ ਕੀਤਾ ਗਾਂਧੀ ਨੇ ਬ੍ਰਿਟਿਸ਼ ਨੇਤਾਵਾਂ ਨੇ ਗਾਂਧੀਵਾਦੀ ਚਾਲਾਂ ਦੀ ਆਲੋਚਨਾ ਕੀਤੀ

ਲਾਰਡ ਵਿੰਟਰਟਨ ਨੇ 16 ਜੁਲਾਈ 1947 ਨੂੰ ਹਾਊਸ ਆਫ ਕਾਮਨਜ਼ ਵਿੱਚ ਭਾਰਤ ਸੁਤੰਤਰਤਾ ਬਿੱਲ 'ਤੇ ਬਹਿਸ ਦੌਰਾਨ ਅਨੁਸੂਚਿਤ ਜਾਤੀਆਂ ਦੀ ਸਥਿਤੀ 'ਤੇ ਬੋਲਦੇ ਹੋਏ ਕਿਹਾ ਕਿ ਸ਼੍ਰੀਮਾਨ ਗਾਂਧੀ ਨੇ ਭਾਰਤ ਲਈ ਕੀਤੇ ਬਹੁਤ ਸਾਰੇ ਮਾੜੇ ਕੰਮਾਂ ਵਿੱਚੋਂ ਇੱਕ ਪੂਨਾ ਪੈਕਟ ਨੂੰ ਲਿਆਉਣਾ ਵਿੱਚ ਉਹ ਸਫਲ ਸਨ।ਜੇਕਰ ਉਨ੍ਹਾਂ ਦੀ ਇਹ ਕਾਰਵਾਈ ਨਾ ਹੁੰਦੀ ਤਾਂ ਇਨ੍ਹਾਂ ਲੋਕਾਂ ਨੂੰ ਅੱਜ ਦੇ ਮੁਕਾਬਲੇ ਬਿਹਤਰ ਮੱਤਅਧਿਕਾਰ ਮਿਲਦਾ, ਪਰ ਸ਼੍ਰੀ ਗਾਂਧੀ ਨੇ ਮਰਨ ਵਰਤ ਦੀ ਧਮਕੀ ਦਿੱਤੀ।ਜੇ ਉਹ ਬ੍ਰਿਟਿਸ਼ ਦੇ ਸੱਤਾ ਦੇ ਤਬਾਦਲੇ ਤੋਂ ਬਾਅਦ ਦੁਬਾਰਾ ਮਰਨ ਵਰਤ ਰੱਖਣ ਦੀ ਧਮਕੀ ਦਿੰਦੇ ਹਨ, ਤਾਂ ਇਹ ਬ੍ਰਿਟਿਸ਼ ਸਰਕਾਰ ਦੇ ਮਾਮਲੇ ਦੀ ਗੱਲ ਨਹੀਂ ਹੋਵੇਗੀ।



ਕਿਹਾ ਜਾਂਦਾ ਹੈ ਕਿ ਬ੍ਰਿਟੇਨ ਨੇ ਕਾਕਪਿਟ(ਜਹਾਜ ਦਾ ਪਾਇਲਟ ਦਾ ਰੂਮ) ਨੂੰ ਭਾਰਤ ਲਈ ਛੱਡ ਦਿੱਤਾ ਹੈ।ਕੁਝ ਲੋਕਾਂ ਨੇ ਇਸ ਨੂੰ ਕਾਕਪਿਟ ਨੂੰ ਭਾਰਤ ਦੇ ਹੱਥਾਂ ਵਿੱਚ ਲਿਆਉਣ ਲਈ ਸ੍ਰੀ ਗਾਂਧੀ ਤੋਂ ਵੱਧ ਕੰਮ ਕੀਤਾ,ਮਿਸਟਰ ਜਿਨਾਹ ਅਤੇ ਦੂਜੇ ਪਾਸੇ ਮਿਸਟਰ ਨਹਿਰੂ ਨੇ, ਅਤੇ ਉਹਨਾਂ ਨੇ ਅਫ਼ਸੋਸ ਪ੍ਰਗਟਾਇਆ ਕਿ ਇਸ ਦੇਰ ਦੇ ਸਮੇਂ ਦੌਰਾਨ ਸ੍ਰੀ ਗਾਂਧੀ ਨੇ ਅੰਗਰੇਜ਼ਾਂ ਦੁਆਰਾ ਕੀਤੇ ਗਏ ਕਾਰਜਾਂ ਦੀ ਸ਼ਲਾਘਾ ਨਹੀਂ ਕੀਤੀ।

ਭਾਰਤ ਵਿੱਚ ਘੱਟ ਗਿਣਤੀਆਂ ਦੀ ਸਮੱਸਿਆ 'ਤੇ ਗੱਲ ਕਰਨ ਵਾਲੇ ਇੱਕ ਹੋਰ ਪ੍ਰਮੁੱਖ ਰੂੜੀਵਾਦੀ ਨੇਤਾ ਮਿਸਟਰ ਬੁਚਰ ਨੇ ਕਿਹਾ, "ਘੱਟ ਗਿਣਤੀਆਂ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ, ਖਾਸ ਕਰਕੇ ਕਮੇਟੀ ਪੱਧਰ 'ਤੇ। ਉਨ੍ਹਾਂ (ਅਨੁਸੂਚਿਤ ਜਾਤੀਆਂ) ਦੇ ਕੇਸ ਨੂੰ ਚੁੱਕਣਾ ਲਗਭਗ ਅਸੰਭਵ ਹੈ, ਅਸਲ ਵਿੱਚ ਅਜਿਹਾ ਕਰਨਾ ਬਹੁਤ ਮੁਸ਼ਕਲ ਹੈ ਕਿਉਂਕਿ ਇਹ ਸਦਨ ਅੱਜ ਖੁਦ ਪ੍ਰਭੂਸੱਤਾ ਅਤੇ ਸ਼ਕਤੀ ਭਾਰਤੀਆਂ ਨੂੰ ਸੌਂਪਣ ਦਾ ਫੈਸਲਾ ਕਰ ਰਿਹਾ ਹੈ।

"ਅਸੀਂ ਇਹ ਵੀ ਫੈਸਲਾ ਕਰ ਰਹੇ ਹਾਂ ਕਿ ਅਸਲ ਸੰਵਿਧਾਨ ਬਣਾਉਣ ਤੋਂ ਪਹਿਲਾਂ ਭਾਰਤ ਆਜ਼ਾਦ ਹੋ ਜਾਵੇਗੀ। ਇਸ ਦਾ ਮਤਲਬ ਹੈ ਕਿ ਸੰਵਿਧਾਨ ਸਭਾਵਾਂ ਕੋਲ ਸੰਵਿਧਾਨ ਬਣਾਉਣ ਦਾ ਅਧਿਕਾਰ ਹੋਵੇਗਾ ਜਿਸ ਦੇ ਅਧੀਨ ਘੱਟ ਗਿਣਤੀਆਂ ਨੂੰ ਰਹਿਣਾ ਹੋਵੇਗਾ।

ਅਨੁਸੂਚਿਤ ਜਾਤੀਆਂ ਦੇ ਆਗੂ ਡਾ। ਅੰਬੇਦਕਰ, ਜਿਨ੍ਹਾਂ ਨੇ ਖੁਦ ਸਰਕਾਰੀ ਸੇਵਾ ਨਿਭਾਈ ਹੈ, ਨੇ ਮੈਨੂੰ ਦੱਸਿਆ ਹੈ ਕਿ ਜੇਕਰ ਉਨ੍ਹਾਂ ਦੇ ਅਨੁਸੂਚਿਤ ਜਾਤੀ ਭਾਈਚਾਰੇ ਦਾ ਕੁਝ ਜ਼ਿਕਰ ਕੀਤਾ ਜਾਵੇ ਤਾਂ ਇਹ ਮਦਦਗਾਰ ਹੋਵੇਗਾ।"ਇਸ ਲਈ, ਮੈਂ ਕਹਿੰਦਾ ਹਾਂ ਕਿ ਮੈਨੂੰ ਭਰੋਸਾ ਹੈ ਕਿ ਜਦੋਂ ਨਵਾਂ ਸੰਵਿਧਾਨ ਬਣਾਇਆ ਜਾਵੇਗਾ, ਤਾਂ ਅਨੁਸੂਚਿਤ ਜਾਤੀਆਂ ਦੀ ਸਥਿਤੀ ਵੱਲ ਧਿਆਨ ਦਿੱਤਾ ਜਾਵੇਗਾ।



"ਕਦੇ-ਕਦੇ ਇਹ ਕਿਹਾ ਜਾਂਦਾ ਹੈ ਕਿ ਬਰਤਾਨੀਆ ਨੇ ਉਨ੍ਹਾਂ (ਅਨੁਸੂਚਿਤ ਜਾਤੀ ਭਾਈਚਾਰੇ) ਲਈ ਕਾਫ਼ੀ ਕੁਝ ਨਹੀਂ ਕੀਤਾ ਹੈ। ਇਹ ਸਭ ਨੂੰ ਪਤਾ ਹੈ ਕਿ ਮਹਾਰਾਣੀ ਵਿਕਟੋਰੀਆ ਦੀ ਅਸਲ ਘੋਸ਼ਣਾ ਕਿ ਅਸੀਂ ਧਰਮ ਵਿਚ ਬਹੁਤ ਜ਼ਿਆਦਾ ਦਖ਼ਲ ਨਹੀਂ ਦਿੰਦੇ, ਅਤੇ ਲੋਕਾਂ ਦੀਆਂ ਆਦਤਾਂ ਨੇ ਬ੍ਰਿਟਿਸ਼ ਨੂੰ ਜਿੰਨਾ ਪ੍ਰਭਾਵਿਤ ਕੀਤਾ, ਜਿਵੇਂ ਉਹਕਰਨਾ ਚਾਹੁੰਦਾ ਸੀ, ਓਨਾ ਹੀ ਕਰਨ ਤੋਂ ਰੋਕ ਦਿੱਤਾ।

"ਪਰ ਬਾਅਦ ਦੇ ਸਾਲਾਂ ਵਿੱਚ, ਵੱਖ-ਵੱਖ ਸਾਧਨਾਂ ਦੁਆਰਾ, ਅਸੀਂ ਇਹਨਾਂ ਅਨੁਸੂਚਿਤ ਸ੍ਰੇਣੀਆਂ ਨੂੰ ਸੁਧਾਰਨ ਅਤੇ ਛੂਤ-ਛਾਤ ਦੀ ਭਿਆਨਕਤਾ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਹੈ।"ਫ੍ਰੈਂਚਾਈਜ਼ ਕਮੇਟੀ ਨੇ ਇੱਕ ਵੋਟਰਾਂ ਦੀ ਸਿਫ਼ਾਰਸ਼ ਕੀਤੀ ਜਿਸ ਨਾਲ ਅਨੁਸੂਚਿਤ ਸ੍ਰੇਣੀਆਂ ਨੂੰ ਉਹਨਾਂ ਦੇ ਆਪਣੇ ਮਾਮਲਿਆਂ ਦੀ ਦੇਖਭਾਲ ਕਰਨ ਦਾ ਮੌਕਾ ਮਿਲੇਗਾ।

### ਚਮਤਕਾਰ ਅਤੇ ਢੌਂਗਵਾਦ ਦੇ ਵਿਰੁੱਧ ਬੌਧਿਕਤਾ ਦੀ ਲੜਾਈ

ਸ਼੍ਰੀਮਾਨ ਗਾਂਧੀ ਜੀ ਦੇ ਅਨੁਸੂਚਿਤ ਵਰਗ ਦੇ ਪ੍ਰਤੀ ਰਵਈਏ ਦੀ ਨਿਖੇਧੀ ਜਿਥੇ ਅੰਗਰੇਜ਼ ਸਰਕਾਰ ਦੇ ਨੇਤਾ ਨੇ ਕੀਤੀ ਸੀ, ਪਰ ਡਾ। ਅੰਬੇਡਕਰ, ਗਾਂਧੀ ਜੀਦੀਆਂ ਅਨੁਸੂਚਿਤ ਵਰਗ ਦੇ ਖਿਲਾਫ਼ ਚਾਲਾਂ ਦੇ ਢੌਂਗ ਨੂੰ ਬਹੁਤ ਪਹਿਲਾਂ ਹੀ ਜਾਣ ਚੁੱਕੇ ਸਨ। ਉਹ ਆਪਣੇ ਸੰਘਰਸ਼ ਨੂੰ ਚਮਤਕਾਰ ਅਤੇ ਢੌਂਗਵਾਦ ਦੇ ਵਿਰੁੱਧ ਬੌਧਿਕਤਾ ਦੀ ਲੜਾਈ ਕਰਾਰ ਦਿੰਦੇ ਸਨ।

1938 ਦੀ ਦਿਵਾਲੀ ਦੇ ਮੌਕੇ ਉੱਤੇ ਖਾਸ ਆਰਟੀਕਲਪਬਲਿਸ਼ ਕੀਤਾ ਗਿਆ। ਉਹ ਲਿਖਦੇ ਹਨ, ਕੀ ਗਾਂਧੀ ਮਹਾਤਮਾ ਹੈ? ਮੈਂ ਇਸ ਸਵਾਲ ਮੈਨੂੰ ਪਰੇਸ਼ਾਨ ਕਰਦਾ ਹੈ। ਇਸ ਦੇ ਦੋ ਕਾਰਨ ਹਨ। ਸਭ ਤੋਂ ਪਹਿਲਾਂ, ਮੈਂ ਅਜਿਹੇ ਸਾਰੇ ਮਹਾਤਮਾਂ ਨੂੰ ਨਫ਼ਰਤ ਕਰਦਾ ਹਾਂ ਅਤੇ ਪੱਕਾ ਵਿਸ਼ਵਾਸ ਕਰਦਾ ਹਾਂ ਕਿ ਉਨ੍ਹਾਂ ਨੂੰ ਹਟਾ ਕੇ ਇੱਕ ਪਾਸੇ ਕਰ ਦੇਣਾ ਚਾਹੀਦਾ ਹੈ। ਮੇਰਾ ਵਿਚਾਰ ਹੈ ਕਿ ਉਨ੍ਹਾਂ ਦੀ ਹੋਂਦ ਉਸ ਕੌਮ ਲਈ ਸਰਾਪ ਹੈ ਜਿਸ ਵਿੱਚ ਉਹ ਪੈਦਾ ਹੋਏ ਹਨ। ਮੇਰੇ ਅਜਿਹਾ ਕਹਿਣ ਦਾ ਕਾਰਨ ਇਹ ਹੈ ਕਿ ਉਹ ਬੁੱਧੀ ਅਤੇ ਤਰਕ ਦੀ ਥਾਂ ਅੰਧ ਵਿਸ਼ਵਾਸ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ।

ਦੂਜਾ, ਮੈਨੂੰ ਨਹੀਂ ਪਤਾ ਕਿ ਮਹਾਤਮਾ ਸ਼ਬਦ ਤੋਂ ਲੋਕ ਕੀ ਸਮਝਦੇ ਹਨ।ਇੱਕ ਆਮ ਹਿੰਦੂ ਦੇ ਅਨੁਸਾਰ ਮਹਾਤਮਾ ਬਣਨ ਲਈ ਇੱਕ ਵਿਅਕਤੀ ਕੋਲ ਤਿੰਨ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ, ਅਰਥਾਤ ਉਸਦਾ ਚੋਲਾ, ਉਸਦਾ ਚਰਿੱਤਰ ਅਤੇ ਉਸਦਾ ਵਿਸ਼ੇਸ਼ ਸਿਧਾਂਤ। ਜੇਕਰ ਇਹਨਾਂ ਗੁਣਾਂ ਨੂੰ ਮਹਾਤਮਾ ਦਾ ਨਿਰਣਾ ਕਰਨ ਲਈ ਇੱਕ ਮਾਪਦੰਡ ਵਜੋਂ ਲਿਆ ਜਾਵੇ ਤਾਂ ਅਗਿਆਨ ਅਤੇ ਅਨਪੜ੍ਹ ਵਿਅਕਤੀਆਂ ਦੀ ਨਜ਼ਰ ਵਿੱਚ ਜੋ ਮੁਕਤੀ ਲਈ ਦੂਜੇ ਵੱਲ ਦੇਖਦੇ ਹਨ, ਮੋਹਨਦਾਸ ਕਰਮਚੰਦ ਗਾਂਧੀ ਨੂੰ ਮਹਾਤਮਾ ਕਿਹਾ ਜਾ ਸਕਦਾ ਹੈ। ਭਾਰਤ ਵਿੱਚ ਕਿਸੇ ਵੀ ਵਿਅਕਤੀ ਲਈ ਸਿਰਫ਼ ਆਪਣਾ ਪਹਿਰਾਵਾ ਬਦਲ ਕੇ ਮਹਾਤਮਾ ਬਣਨਾ ਬਹੁਤ ਆਸਾਨ ਹੈ। ਜੇਕਰ ਤੁਸੀਂ ਸਾਧਾਰਨ ਪਹਿਰਾਵਾ ਪਹਿਨ ਕੇ ਸਾਧਾਰਨ ਜੀਵਨ ਬਤੀਤ ਕਰ ਰਹੇ ਹੋ, ਭਾਵੇਂ ਤੁਸੀਂ ਅਸਾਧਾਰਨ ਨੇਕ ਕੰਮ ਕਰਦੇ ਹੋ, ਕੋਈ ਵੀ ਤੁਹਾਡੇ ਵੱਲ ਧਿਆਨ ਨਹੀਂ ਦਿੰਦਾ। ਪਰ, ਜਿਹੜਾ ਵਿਅਕਤੀ ਸਾਧਾਰਨ ਢੰਗ ਨਾਲ ਵਿਵਹਾਰ ਨਹੀਂ ਕਰਦਾ ਅਤੇ ਆਪਣੇ ਚਰਿੱਤਰ ਵਿੱਚ ਕੁਝ ਅਜੀਬ ਜਿਹੇ ਰੁਝਾਨ ਅਤੇ ਅਸਧਾਰਨਤਾਵਾਂ ਨੂੰ ਦਰਸਾਉਂਦਾ ਹੈ, ਉਹ ਇੱਕ ਸੰਤ ਜਾਂ ਮਹਾਤਮਾ ਬਣ ਜਾਂਦਾ ਹੈ। ਜੇਕਰ ਤੁਸੀਂ ਸੂਟ ਜਾਂ ਸਾਧਾਰਨ ਪਹਿਰਾਵਾ ਪਾ ਕੇ ਕੁਝ ਕਰਦੇ ਹੋ ਤਾਂ ਲੋਕ ਤੁਹਾਡੇ ਵੱਲ ਦੇਖਣਾ ਵੀ ਪਸੰਦ ਨਹੀਂ ਕਰਨਗੇ।

ਪਰ ਜੇਕਰ ਉਹੀ ਵਿਅਕਤੀ ਆਪਣੇ ਕੱਪੜੇ ਉਤਾਰ ਦੇਵੇ, ਨੰਗਾ ਹੋ ਕੇ ਦੌੜੇ, ਲੰਬੇ ਵਾਲ ਵਧਾ ਲਵੇ, ਲੋਕਾਂ ਨੂੰ ਗਾਲ੍ਹਾਂ ਕੱਢੇ ਅਤੇ ਨਾਲੀਆਂ ਦਾ ਗੰਦਾ ਪਾਣੀ ਪੀਵੇ ਤਾਂ ਲੋਕ ਉਸ ਦੇ ਪੈਰੀਂ ਪੈ ਕੇ ਉਸ ਦੀ ਪੂਜਾ ਕਰਨ ਲੱਗ ਪੈਂਦੇ ਹਨ। ਅਜਿਹੇ ਹਾਲਾਤ ਵਿੱਚ ਜੇਕਰ ਗਾਂਧੀ ਭਾਰਤ ਵਿੱਚ ਮਹਾਤਮਾ ਬਣ ਜਾਂਦੇ ਹਨ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਜੇਕਰ ਇਹ ਗੱਲਾਂ ਕਿਸੇ ਹੋਰ ਸਭਿਅਕ ਦੇਸ਼ ਵਿੱਚ ਚੱਲੀਆਂ ਹੁੰਦੀਆਂ ਤਾਂ ਲੋਕ ਉਸ ਉੱਤੇ ਹੱਸਦੇ।

# ਸਕਿੱਟ ਮੁਕਾਬਲੇ ਵਿੱਚ ਮਿਡਲ ਸਕੂਲ ਜੌਲੀਆਂ ਅੱਵਲ

**ਭਵਾਨੀਗੜ (ਚਮਨਦੀਪ ਸ਼ਰਮਾ)** ਦੇਸ਼ ਦੀ ਅਜ਼ਾਦੀ ਦੇ 75 ਸਾਲਾ ਦੇ ਅੰਮ੍ਰਿਤ ਮਹਾਂਉਤਸਵ ਨੂੰ ਸਮਰਪਿਤ ਜਿਲ੍ਹਾ ਪੱਧਰੀ ਸਹਿ ਵਿਦਿਅਕ ਮੁਕਾਬਲੇ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿੱ) ਕੁਲਤਰਨਜੀਤ ਸਿੰਘ, ਡਿਪਟੀ ਡੀਈਓ ਅੰਗਰੇਜ਼ ਸਿੰਘ ਦੀ ਯੋਗ ਅਗਵਾਈ ਹੇਠ ਮੈਰੀਟੋਰੀਅਸ ਸਕੂਲ ਘਾਬਦਾਂ ਵਿਖੇ ਸਫਲਤਾਪੂਰਵਕ ਸੰਪੰਨ ਹੋਏ। ਬਲਾਕ ਅਧੀਨ ਆਉਦੇ ਸਰਕਾਰੀ ਮਿਡਲ ਸਕੂਲ ਜੌਲੀਆਂ ਨੇ ਮਿਡਲ ਵਰਗ ਵਿੱਚ ਸਕਿੱਟ ਮੁਕਾਬਲਾ ਜਿੱਤ ਕੇ ਵਿਸ਼ੇਸ ਉਪਲਬਧੀ ਹਾਸਲ ਕੀਤੀ ਹੈ। ਇਸ ਬਾਰੇ ਦੱਸਦੇ ਹੋਏ




ਜੈ ਸਕੂਲ ਇੰਚਾਰਜ ਭਗਵਾਨ ਬਾਤਿਸ਼ ਨੇ ਕਿਹਾ ਕਿ ਇਸ ਸਫਲਤਾ ਦਾ ਸਿਹਰਾ ਐਕਟੀਵਿਟੀ ਇਨਚਾਰਜ ਅਤੇ ਗਾਈਡ ਟੀਚਰ ਸੰਦੀਪ ਕੌਰ ਸ਼ਾਰਦਾ ਨੂੰ ਜਾਂਦਾ ਹੈ ਜਿਸਨੇ ਵਿਦਿਆਰਥੀਆਂ ਨੂੰ ਤਿਆਰੀ ਕਰਵਾਉਣ ਲਈ ਵਾਧੂ ਸਮਾਂ ਵੀ ਲਗਾਇਆ। ਵਿਦਿਆਰਥੀਆਂ ਦੀ ਹੌਸਲਾ ਅਫਜਾਈ ਦੇ ਲਈ ਉਹਨਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਨੋਡਲ ਅਫਸਰ ਸ਼ਸ਼ੀ ਬਾਲਾ, ਬੀਐੱਨਓ ਪ੍ਰੀਤਇੰਦਰ ਘਈ, ਅਜੈ ਕੁਮਾਰ, ਮੀਨੂੰ ਮਹਿਰਾ ਆਦਿ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।

# 15 ਅਗਸਤ 1947 ਦੀ ਇੱਕ ਘਟਨਾ

ਬਲਰਾਜ ਸਿੰਘ ਸਿੱਧੂ
ਕਮਾਂਡੈਂਟ
9501100062



1947 ਵਿੱਚ ਵੰਡ ਵੇਲੇ ਭਾਰਤ ਅਤੇ ਪਾਕਿਸਤਾਨ ਵਿੱਚ ਭਿਆਨਕ ਹੈਵਾਨੀਅਤਵਾਲੀ ਹਨੇਰੀ ਝੁੱਲੀ ਸੀ।ਦੁਨੀਆਂ ਦੇ ਇਤਿਹਾਸ ਵਿੱਚ ਦੋ ਦੇਸ਼ਾਂ ਦਰਮਿਆਨ ਅਬਾਦੀ ਦੀਐਨੀ ਵੱਡੀ ਹਿਜ਼ਰਤਅੱਜ ਤੱਕ ਨਹੀਂ ਹੋਈ। ਮੁਰੱਬਿਆਂ ਦੇ ਮਾਲਕ ਜਗੀਰਦਾਰ ਅਤੇ ਕਰੋੜਾਂਪਤੀ ਵਪਾਰੀਰਾਤੋ ਰਾਤ ਸੜਕਾਂ 'ਤੇ ਰੁਲਣ ਲੱਗ ਪਏ ਸਨ। ਦੰਗਿਆਂ ਸਬੰਧੀ ਭਾਰਤ - ਪਾਕਿਸਤਾਨ ਵਿੱਚ ਸੈਂਕੜੇ ਕਿਤਾਬਾਂ ਲਿਖੀਆਂ ਗਈਆਂ ਅਤੇ ਅਨੇਕਾਂ ਫਿਲਮਾਂ ਬਣੀਆਂ ਹਨ। ਇਨਸਾਨੀਅਤ ਤੋਂ ਗਿਰੇ ਹੋਏ ਉਸ ਕਤਲੇਆਮ ਲਈ ਦੋਵੇਂ ਦੇਸ਼ ਇੱਕ ਦੂਸਰੇ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਪਰ ਕੌੜੀ ਸੱਚਾਈ ਇਹ ਹੈ ਕਿ ਕਿਸੇ ਵੀ ਧਿਰ ਨੇ ਘੱਟ ਨਹੀਂ ਸੀ ਗੁਜ਼ਾਰੀ। ਦੋਵੇਂ ਪਾਸਿਆਂ ਤੋਂ ਲਾਸ਼ਾਂ ਦੀਆਂਟਰੇਨਾਂ ਭਰ ਭਰ ਕੇ ਭੇਜੀਆਂ ਗਈਆਂ ਸਨ ਤੇ ਔਰਤਾਂ ਦੀ ਰੱਜ ਕੇ ਬੇਪੱਤੀ ਕੀਤੀ ਗਈ ਸੀ। ਜਦੋਂ ਲੋਕ ਉੱਜੜ ਕੇ ਭਾਰਤ ਜਾਂ ਪਾਕਿਸਤਾਨ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਅਖੀਰ ਤੱਕ ਇਹ ਉਮੀਦ ਸੀ ਕਿ ਅਸੀਂ ਵਾਪਸ ਆ ਜਾਣਾ ਹੈ। ਉਨ੍ਹਾਂ ਨੂੰ ਇਹ ਪਤਾ ਹੀ ਨਹੀਂ ਸੀ ਕਿ ਪੱਕੇ ਤੌਰ 'ਤੇ ਘਰ ਛੱਡਣੇ ਪੈ ਰਹੇ ਹਨ। ਅੱਜ ਕਲ੍ਹ ਭਾਰਤੀਆਂ ਅਤੇ ਪਾਕਿਸਤਾਨੀਆਂ ਦਰਮਿਆਨ ਜਿਹੜਾ ਪਿਆਰ ਵੇਖਣ ਨੂੰ ਮਿਲਦਾ ਹੈ, ਉਹ ਸਿਰਫ ਜ਼ੁਬਾਨ ਦੀ ਸਾਂਝ ਕਾਰਨ ਲਹਿੰਦੇ ਅਤੇ ਚੜ੍ਹਦੇ ਪੰਜਾਬੀਆਂ ਤੱਕ ਹੀ ਸੀਮਤ ਹੈ। ਵੰਡ ਦੀ ਸਭ ਤੋਂ ਵੱਧ ਮਾਰ ਵੀ ਪੰਜਾਬ ਨੂੰ ਹੀ ਪਈ ਸੀ। ਰੱਬ ਦਾ ਸ਼ੁਕਰ ਹੈ ਕਿ ਉਹ ਖੂਨੀ ਹਨੇਰੀ ਆਈ ਤੇ ਚਲੀ ਗਈ। ਹੁਣ ਦੋਵਾਂ ਦੇਸ਼ਾਂ ਦੇ ਪੰਜਾਬੀ ਇੱਕ ਦੂਜੇ ਨੂੰ ਭਰਾਵਾਂ ਵਾਂਗ ਉੱਡ ਕੇ ਮਿਲਦੇ ਹਨ। ਤੁਸੀਂ ਲਾਹੌਰ ਵਿਖੇ ਕਿਸੇ ਦੁਕਾਨ ਤੋਂ ਚਾਹੇ 10000 ਦਾ ਸਮਾਨ ਖਰੀਦ ਲਓ, ਦੁਕਾਨਦਾਰ ਇੱਕ ਵਾਰ ਜਰੂਰ ਕਹੇਗਾ, "ਛੱਡੋ ਭਾਅ ਜੀ, ਰਹਿਣ ਦਿਉ ਪੈਸੇ।"



ਜਦੋਂ ਦੇਸ਼ ਨੂੰ ਅੱਜ ਭਲਕ ਅਜ਼ਾਦੀ ਮਿਲਣ ਦੀਆਂ ਖਬਰਾਂ ਫੈਲ ਰਹੀਆਂ ਸਨ ਤਾਂ ਉਸ ਵੇਲੇ ਸਾਡਾ ਇੱਕ ਰਿਸ਼ਤੇਦਾਰ ਹਜ਼ਾਰਾ ਸਿੰਘ ਭੰਗੂ ਕਿਸੇ ਹੋਰ ਹੀ ਖਲਜਗਣ ਵਿੱਚ ਫਸਿਆ ਹੋਇਆ ਸੀ। ਹਜ਼ਾਰਾ ਸਿੰਘ ਬਹੁਤ ਹੀ ਦਲੇਰ ਅਤੇ ਅੜ੍ਹਬ ਕਿਸਮ ਦਾ ਬੰਦਾ ਸੀ ਜਿਸ ਕਾਰਨ ਉਸ ਦਾ ਇਲਾਕੇ ਵਿੱਚ ਚੰਗਾ ਦਬਦਬਾ ਸੀ। ਉਸ ਦੇ ਇੱਕ ਰਿਸ਼ਤੇਦਾਰਝੰਡਾ ਸਿੰਘ ਨੂੰ ਸਾਂਝੇ ਪੰਜਾਬ ਦੇ ਜਿਲ੍ਹੇ ਲਾਇਲਪੁਰ (ਹੁਣ ਫੈਸਲਾਬਾਦ) ਦੇ ਥਾਣੇ ਜੜ੍ਹਾਂਵਾਲਾ ਦੇ ਪਿੰਡ ਚੱਕ ਨੰਬਰ 238 ਕੰਮੂਆਣਾ ਵਿਖੇ ਜ਼ਮੀਨ ਅਲਾਟ ਹੋਈ ਸੀ। ਉਸ ਦਾ ਆਪਣੇ ਗੁਆਂਢੀ ਦਲੀਪ ਸਿੰਘ ਨਾਲ ਦੋ ਕਿੱਲੇ ਜ਼ਮੀਨ ਪਿੱਛੇ ਜਬਰਦਸਤ ਤਕਰਾਰ ਚੱਲਦਾ ਸੀ ਤੇ ਕਈ ਵਾਰ ਲੜਾਈ ਝਗੜਾ ਹੋ ਚੁੱਕਾ ਸੀ। ਜਦੋਂ ਪਾਣੀ ਸਿਰ ਤੋਂ ਟੱਪ ਗਿਆ ਤਾਂ ਇੱਕ ਪਾਸਾ ਕਰਨ ਲਈ ਝੰਡਾ ਸਿੰਘ ਨੇ ਹਜ਼ਾਰਾ ਸਿੰਘ ਨੂੰ ਬੰਦਿਆਂ ਸਮੇਤ ਪਹੁੰਚਣ ਲਈ ਸੁਨੇਹਾ ਭੇਜ ਦਿੱਤਾ। ਉਧਰੋਂ ਦੂਸਰੀ ਧਿਰ ਨੇ ਵੀ ਬੰਦੇ ਇਕੱਠੇ ਕੀਤੇ ਹੋਏ ਸਨ। ਜਦੋਂ ਪਰ੍ਹੇ ਪੰਚਾਇਤ ਵਿੱਚ ਗੱਲ ਨਾ ਮੁੱਕੀ ਤਾਂ 13 ਅਗਸਤ ਨੂੰ ਦੋਵਾਂ ਧਿਰਾਂ ਵਿੱਚ ਜੰਮ ਕੇ ਲੜਾਈ ਹੋਈ। ਝੰਡਾ ਸਿੰਘ ਪਾਰਟੀ ਦਾ ਇੱਕ ਤੇ ਦਲੀਪ ਸਿੰਘ ਪਾਰਟੀ ਦੇ ਦੋ ਬੰਦੇ ਮਾਰੇ ਗਏ। ਇਸ ਤੋਂ ਇਲਾਵਾ ਦੋਵਾਂ ਧਿਰਾਂ ਦੇ ਦਸ ਬਾਰਾਂ ਬੰਦੇ ਜ਼ਖਮੀ ਵੀ ਹੋ ਗਏ।

ਥਾਣਾ ਜੜ੍ਹਾਂਵਾਲਾ (ਸਦਰ) ਪਿੰਡ ਤੋਂ ਕੋਈ ਅੱਠ ਦਸ ਕਿ।ਮੀ। ਦੂਰ ਸੀ ਜਿਸ ਕਾਰਨ ਕੁਝ ਹੀ ਸਮੇਂ ਵਿੱਚ ਪੁਲਿਸ ਮੌਕੇ 'ਤੇ ਪਹੁੰਚ ਗਈ। ਦੋਵਾਂ ਧਿਰਾਂ ਵੱਲੋਂ ਵੱਲੋਂ ਇੱਕ ਦੂਸਰੇ ਦੇ ਖਿਲਾਫ ਕਰਾਸ ਕੇਸ ਦਰਜ਼ ਹੋ ਗਿਆ। ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ ਤੇ ਹਜ਼ਾਰਾ ਸਿੰਘ, ਝੰਡਾ ਸਿੰਘ ਤੇ ਵਿਰੋਧੀ ਦਲੀਪ ਸਿੰਘ ਸਮੇਤ ਦੋਵਾਂ ਧਿਰਾਂ ਦੇ ਵੀਹ ਪੱਚੀ ਬੰਦੇ ਪਕੜ ਕੇ ਹਵਾਲਾਤ ਵਿੱਚ ਬੰਦ ਕਰ ਦਿੱਤੇ ਗਏ। ਥਾਣੇ ਦਾ ਐਸ।ਐਚ।ਉ। ਪਠਾਨ ਸੀ ਤੇ ਸਿਰੇ ਦਾ ਫਿਰਕੂ ਤੇ ਭ੍ਰਿਸ਼ਟ ਆਦਮੀ ਸੀ। ਉਸ ਨੇ ਪੈਸੇ ਭੋਟਣ ਦੀ ਗਰਜ਼ ਨਾਲ ਦੋਵਾਂ ਧਿਰਾਂ ਦੀ ਰੱਜ ਕੇ ਕੁੱਟ ਮਾਰ ਕੀਤੀ। ਦੋ ਦਿਨਾਂ ਬਾਅਦ ਹੀ ਦੇਸ਼ ਅਜ਼ਾਦ ਹੋ ਗਿਆ ਤੇ ਫੈਸਲਾਬਾਦ ਪਾਕਿਸਤਾਨ ਦੇ ਹਿੱਸੇ ਆ ਗਿਆ। 16 ਅਗਸਤ ਦੀ ਸ਼ਾਮ ਨੂੰ ਐਸਐਚਉ ਹਵਾਲਾਤ ਦੇ ਸਾਹਮਣੇ ਆਇਆ ਤੇ ਹਜ਼ਾਰਾ ਸਿੰਘ ਵਗੈਰਾ ਨੂੰ ਕਹਿਣ ਲੱਗਾ, "ਪੁੱਤ ਬਣ ਗਿਆ ਪਾਕਿਸਤਾਨ। ਤੁਹਾਡਾ ਕਰਦਾ ਆਂ ਮੈਂ ਅੱਜ ਪੱਕਾ ਇਲਾਜ।" ਥਾਣੇ ਦਾ ਮੁੰਸ਼ੀ ਸਿੱਖ ਸੀ। ਉਸ ਨੇ ਐਸਐਚਉ ਨੂੰ ਪੁੱਛਿਆ ਕਿ ਚੌਧਰੀ ਸਾਹਿਬ ਇਨ੍ਹਾਂ ਨੂੰ ਜੇਲ੍ਹ ਨਹੀਂ ਭੇਜਣਾ? ਐਸ।ਐਚ।ਉ।ਨੇ ਅੱਗੋਂ ਹੱਸ ਕੇ ਕਿਹਾ ਕਿ ਜੇਲ੍ਹ ਨਹੀਂ, ਇਨ੍ਹਾਂ ਨੂੰ ਉੱਪਰ ਭੇਜਣਾ ਹੈ।

ਐਸਐਚਉ ਦੀ ਗੱਲ ਸੁਣ ਕੇ ਸਾਰੇ ਘਬਰਾ ਗਏ। ਹੁਣ ਤੱਕ ਹਵਾਲਾਤ ਵਿੱਚ ਇੱਕ ਦੂਸਰੇ ਵੱਲ ਲਾਲ ਡੇਲੇ ਕੱਢ ਕੇ ਘੂਰ ਰਹੀਆਂ ਦੋਵੇਂ ਧਿਰਾਂ ਸਿਰ 'ਤੇ ਨੱਚ ਰਹੀ ਮੌਤ ਵੇਖ ਕੇਫੌਰਨ ਇਕੱਠੀਆਂ ਹੋ ਗਈਆਂ। ਜਦੋਂ ਐਸ।ਐਚ।ਉ। ਚਲਾ ਗਿਆ ਤਾਂ ਉਨ੍ਹਾਂ ਨੇ ਆਪਸ ਵਿੱਚ ਖੁਸਰ ਫੁਸਰ ਕੀਤੀ ਤੇ ਹਜ਼ਾਰਾ ਸਿੰਘ ਨੇ ਮੁੰਸ਼ੀ ਨੂੰ ਅਵਾਜ਼ ਮਾਰ ਲਈ। ਥਾਣੇ ਦੇ ਮੁਲਾਜ਼ਮਾਂ ਵਿੱਚੋਂ ਅੱਧੇ ਦੇ ਕਰੀਬ ਹਿੰਦੂ - ਸਿੱਖ ਸਨ। ਉਸ ਨੇ ਮੁੰਸ਼ੀ ਨੂੰ ਕਿਹਾ ਕੇ ਜੇ ਚੌਧਰੀ ਨੇ ਸਾਨੂੰ ਮਾਰ ਦਿੱਤਾ ਤਾਂ ਛੱਡਣਾ ਤੁਹਾਨੂੰ ਵੀ ਨਹੀਂ। ਅਜੇ ਗੱਲਾਂ ਕਰ ਹੀ ਰਹੇ ਸਨ ਕਿ ਐਸ।ਐਚ।ਉ। ਦੇ ਬੁਲਾਏ ਹੋਏ ਦੰਗਈਆਂ ਨੇ ਥਾਣੇ 'ਤੇ ਹੱਲਾ ਬੋਲ ਦਿੱਤਾ। ਮੁੰਸ਼ੀ ਨੇ ਫਟਾ ਫਟ ਥਾਣੇ ਦਾ ਗੇਟ ਬੰਦ ਕਰ ਲਿਆ ਤੇ ਸਾਰੇ ਹਵਾਲਤੀਆਂ ਨੂੰ ਬਾਹਰ ਕੱਢ ਕੇ ਸਮੇਤ ਹਿੰਦੂ - ਸਿੱਖ ਮੁਲਾਜ਼ਮਾਂ ਦੇ ਅਸਲ੍ਹਾ ਵੰਡ ਦਿੱਤਾ। ਐਨੇ ਨੂੰ ਦੰਗਈਆਂ ਨੇ ਗੇਟ ਤੋੜ ਦਿੱਤਾ ਤੇ ਦੋਵਾਂ ਧਿਰਾਂ ਵਿੱਚ ਜੰਮ ਕੇ ਗੋਲਾਬਾਰੀ ਹੋਈ। ਡਾਂਗਾਂ, ਕਿਰਪਾਨਾਂਅਤੇ ਬਾਰਾਂ ਬੋਰ ਦੀਆਂ ਬੰਦੂਕਾਂ ਪੱਕੀਆਂ ਥਰੀ ਨਟ ਥਰੀ ਰਾਈਫਲਾਂ ਦਾ ਮੁਕਾਬਲਾ ਕਿਵੇਂ ਕਰ ਸਕਦੀਆਂ ਸਨ?ਐਸ।ਐਚ।ਉ। ਸਮੇਤ ਦਰਜ਼ਨ ਦੇ ਕਰੀਬ ਗੁੰਡੇ ਮਾਰੇ ਗਏ ਤੇ ਬਾਕੀ ਮੈਦਾਨ ਛੱਡ ਕੇ ਭੱਜ ਗਏ। ਹਜ਼ਾਰਾ ਸਿੰਘ ਤੇ ਉਸ ਦੇ ਸਾਥੀਆਂ ਨੇ ਭਾਰਤ ਵੱਲ ਚਾਲੇ ਪਾ ਦਿੱਤੇ ਤੇ ਫੈਸਲਾਬਾਦ ਦੇ ਰਹਿਣ ਝੰਡਾ ਸਿੰਘ, ਦਲੀਪ ਸਿੰਘ ਅਤੇ ਪੁਲਿਸ ਵਾਲੇਆਪਣੇ ਪਰਿਵਾਰਾਂ ਨੂੰ ਬਚਾਉਣਲਈ ਆਪੋ ਆਪਣੇ ਪਿੰਡਾਂ ਵੱਲ ਨੱਸ ਗਏ।

ਫੈਸਲਾਬਾਦ ਤੋਂ ਅੰਮ੍ਰਿਤਸਰ ਦਾ ਸੜਕ ਰਾਹੀਂ ਫਾਸਲਾ ਕਰੀਬ 225 ਕਿਮੀ ਬਣਦਾ ਹੈ। ਹਜ਼ਾਰਾ ਸਿੰਘ ਹੁਣੀ ਦਿਨੇ ਕਮਾਦਾਂ ਚਰ੍ਹੀਆਂ ਵਿੱਚ ਲੁਕੇ ਰਹਿੰਦੇ ਤੇ ਰਾਤ ਨੂੰ ਸਫਰ ਕਰਦੇ। ਉਨ੍ਹਾਂ ਨੂੰ ਝਬਾਲ ਲਾਗਲੇ ਆਪਣੇ ਪਿੰਡ ਪਹੁੰਚਣ ਵਿੱਚ ਕਰੀਬ ਇੱਕ ਮਹੀਨਾ ਲੱਗ ਗਿਆ। ਜਦੋਂ ਉਹ ਘਰ ਪਹੁੰਚੇ ਤਾਂ ਪਤਾ ਲੱਗਾ ਕਿ ਘਰ ਵਾਲੇ ਉਨ੍ਹਾਂ ਨੂੰ ਮਰਿਆ ਹੋਇਆ ਸਮਝ ਕੇ ਭੋਗ ਵੀ ਪਾ ਚੁੱਕੇ ਸਨ।

# ਸਾੜੇ ਦਾ ਉਬਾਲ਼ਾ !

-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



ਹੁਣ ਤਾਂ ਸਾਨੂੰ ਵੀ ਅਮਰੀਕਾ ਆਇਆਂ ਅਠਾਰਾਂ ਸਾਲ ਹੋ ਚੱਲੇ! ਇਹ ਗੱਲ ਉਦੋਂ ਦੀ ਹੈ ਜਦ ਵੱਡੀ ਭੈਣ ਵਲੋਂ ਮੇਰੀ 'ਬਲੱਡ ਰਿਲੇਸ਼ਨ' ਵਾਲੀ ਪਟੀਸ਼ਨ ਹੋ ਚੁੱਕੀ ਸੀ। ਕਿਸੇ ਕੰਮ ਲਾਗਲੇ ਪਿੰਡ ਗਿਆ ਹੋਇਆ ਸਾਂ। ਗਰਮੀਆਂ ਦੀ ਰੁੱਤੇ ਪਿੰਡ ਦੇ ਬੋਹੜ ਥੱਲੇ ਮੁੰਡਿਆਂ ਨੇ ਮਹਿਫਲ ਲਾਈ ਹੋਈ ਸੀ। ਉਨ੍ਹਾਂ 'ਚ ਬੈਠਾ ਅਮਰੀਕਾ ਤੋਂ ਪਿੰਡ ਆਇਆ ਇੱਕ ਮੁੰਡਾ ਉੱਥੋਂ ਦੇ ਕਲਚਰ ਤੇ ਕੰਮਾਂ ਕਾਰਾਂ ਬਾਰੇ ਰੰਗ-ਬਰੰ-ਗੀਆਂ ਗੱਲਾਂ ਸੁਣਾ ਰਿਹਾ ਸੀ! ਪੇਂਡੂ ਮੁੰਡੇ ਬੜੀ ਦਿਲਚਸਪੀ ਨਾਲ ਉਹਨੂੰ ਸੁਣ ਰਹੇ ਸਨ!

ਅਮਰੀਕਾ ਬਾਰੇ ਅਗਾਊਂ ਸੋਝੀ ਲੈਣ ਦੀ ਮਨਸ਼ਾ ਨਾਲ ਮੈਂ ਵੀ ਉੱਥੇ ਬਹਿ ਗਿਆ।ਇੱਕ ਮੁੰਡੇ ਵਲੋਂ ਉਹਨੂੰ ਅਮਰੀਕਾ ਵਿੱਚ ਗ.ਲੀ-ਮਹੱਲਿਆਂ ਤੇ ਘਰਾਂ ਮਕਾਨਾਂ ਬਾਰੇ ਪੁੱਛਿਆ ਗਿਆ ਤਾਂ ਉਹ ਸਾਹਮਣੇ ਇੱਕ ਦੁਮੰਜਲੀ ਕੋਠੀ ਵੱਲ੍ਹ ਹੱਥ ਕਰਕੇ ਦੱਸਣ ਲੱਗਾ ਕਿ ਉੱਥੇ ਮੇਰਾ ਘਰ ਔਹ ਕੋਠੀ ਨਾ.ਲੋਂ ਵੀ ਕਾਫੀ ਵੱਡਾ ਐ...!



ਏਨੇ ਚਿਰ ਨੂੰ ਉੱਥੇ ਇਸੇ ਪਿੰਡ ਦਾ ਇੱਕ ਉਹ ਮੁੰਡਾ ਵੀ ਆਪਣੀ ਟ੍ਰੈਕਟਰ-ਟਰਾਲੀ ਲੈ ਕੇ ਆ ਪਹੁੰਚਾ,ਜਿਹਦੇ ਬਾਰੇ ਪਿੰਡ 'ਚ ਚੁਰ-ਚੁਰਾ ਹੁੰਦੀ ਸੀ ਕਿ ਉਹ ਅਮਰੀਕਾ ਤੋਂ 'ਡਿਪੋਰਟ' ਕੀਤਾ ਹੋਇਆ ਹੈ ! ਪਰ ਉਹ ਦੱਸਦਾ ਹੁੰਦਾ ਸੀ ਕਿ ਮੇਰਾ ਉੱਥੇ ਦਿਲ ਨਹੀਂ ਸੀ ਲੱਗਾ,ਤਦ ਵਾਪਸ ਆ ਗਿਆਂ! ਮਿੱਤਰਾਂ ਦੀ ਮਹਫਿਲ ਦੇਖ ਉਹ ਵੀ ਟ੍ਰੈਕਟਰ ਖੜ੍ਹਾ ਕਰਕੇ ਉੱਥੇ ਆ ਸਜਿਆ ! ਅਮਰੀਕਾ ਵਾਲੇ ਮੁੰਡੇ ਮੂੰਹੋਂ ਆਪਣੇ 'ਵੱਡੇ ਘਰ' ਦੀਆਂ ਸਿਫਤਾਂ ਸੁਣ ਕੇ ਉਹ ਮੁੰਡਾ,ਆਪਣੀ ਟਰਾਲੀ ਵੱਲ੍ਹ ਨੂੰ ਹੱਥ ਕਰਕੇ ਅਮਰੀਕਣ ਨੂੰ ਕਹਿੰਦਾ-

'ਉ ਏ ਕੰਤਿਆ,ਮੈਂ ਦੇਖੇ ਹੋਏ ਆ 'ਤੇਰੇ ਅਮਰੀਕਾ' ਵਾ.ਲੇ ਘਰ ਵੀ ਭਰਾਵਾ ! ਬਣੇ ਹੋਏ ਓਸ ਘਰ ਦੇ ਸਾਰੇ ਫੱਟੇ-ਫੱਟੀਆਂ, ਜੇ ਢਾਹ ਕੇ ਲੱਦਣੇ ਹੋਣ ਤਾਂ ਮੇਰੀ ਔਹ ਇੱਕੋ ਟਰਾਲੀ ਵਿੱਚ ਹੀ ਲੱਦ ਹੋ ਜਾਣ !'

ਮਹਿਫਿਲ 'ਚ ਹਾਸੜ ਮੱਚ ਗਈ !!


...ਕੁੱਝ ਦਿਨ ਪਹਿਲਾਂ ਮੈਂ ਆਪਣੇ ਸ਼ਹਿਰ 'ਚ ਆਹ ਘਰ ਬਣਦਾ ਦੇਖਿਆ ਤਾਂ ਮੈਨੂੰ ਉਕਤ ਗੱਲ ਯਾਦ ਆ ਗਈ !ਉਦੋਂ ਤਾਂ ਮੈਨੂੰ ਲੱਗਿਆ ਸੀ ਕਿ ਅਮਰੀਕਾ ਤੋਂ ਮੁੜੇ ਹੋਏ ਮੁੰਡੇ ਨੇ ਸਾੜੇ ਨਾਲ ਗੱਲ ਕਹੀ ਹੋਊ ਪਰ 'ਫੱਟੇ ਫੱਟੀਆਂ' ਨਾਲ ਬਣ ਰਿਹਾ ਘਰ ਦੇਖ ਕੇ ਸੋਚਿਆ ਕਿ ਉਸਨੇ ਸੱਚਾਈ ਹੀ ਤਾਂ ਦੱਸੀ ਸੀ ! ਦੋਸਤੋ ਸੱਚਾਈ ਮੰਨੀਏਂ ਕਿ ਸਾੜਾ ? ਨਜਰੀਆ ਤੇ ਸੋਚਣੀ ਆਪੋ ਆਪਣੀ!


# ਵਿਚਲਾ ਕੋਈ ਰਾਹ ਨਹੀਂ ਹੈ

ਸ਼ਾਂਤ ਰਾਹਾਂ ਵਿੱਚ
ਦਾਨਵ, ਰਾਖ਼ਸ਼
ਦਨਦਨਾਉਂਦੇ
ਅੱਗ ਵਰਾਉਂਦੇ
ਹੱਥਾਂ ਦੇ ਵਿਚ
ਤ੍ਰਿਸ਼ੂਲ ਤੇ ਬਰਛੇ
ਦਰਾਂ ਉੱਤੇ
ਧਮਚੱੜ ਪਾਉਂਦੇ
ਜ਼ਹਿਰ ਫੈਲਾਉਂਦੇ
ਵੰਡੀਆਂ ਪਾਉਂਦੇ
ਬੰਦੇ ਤੋਂ
ਬੰਦਾ ਮਰਵਾਉਂਦੇ


ਚੁੱਪ ਚੁਪੀਤੇ
ਦੇਖਣ ਨਾਲੋਂ
ਹੱਥ ਤੇ ਹੱਥ ਧਰ
ਬੈਠਣ ਨਾਲੋਂ
ਅੱਖਾਂ 'ਤੇ ਪੱਟੀ
ਬੰਨਣ ਨਾਲੋਂ
ਬੇਬੱਸ ਹੋ ਕੇ
ਬੈਠਣ ਨਾਲੋਂ
ਦੈਂਤਾਂ ਨਾਲ ਹੈ
ਲੜਨਾ ਚੰਗਾ
ਜੀਣ ਦੇ ਲਈ
ਲੜਦੇ-ਲੜਦੇ
ਮਰਨਾ ਚੰਗਾ
ਸੰਘਰਸ਼ ਦੇ ਬਾਝੋਂ
ਕੋਈ ਰਾਹ ਨਹੀਂ ਹੈ
ਵਿਚਲਾ ਕੋਈ
ਰਾਹ ਨਹੀਂ ਹੈ।
ਵਿਚਲਾ ਕੋਈ
ਰਾਹ ਨਹੀਂ

-ਰਿਪੁਦਮਨ ਸਿੰਘ ਰੂਪ
91-98767-96960







Book Available
http://www.unistarbooks.com/home/5512-pagrhi-sambhal-lehar-to-samyukt-kisan-morcha.html
http://www.unistarbooks.com/home/5512-pagrhi-sambhal-lehar-to-samyukt-kisan-morcha.html




Contact:
Dr. Harjinder Kumar 301 675 1579
Dr. Paramjit Chumber 304 629 3790




My Struggle in Life:
Das Pawar, Ishwar: 9781682131558:
Amazon.com: Book
https://www.amazon.com/Struggle-Life-Ishwar-Das-Pawar/dp/1682131556

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


# ਬੇਅਣਖੇ ਸਮਾਜ 'ਚ ਅਣਖ ਪੈਦਾ ਕਰਨ ਦੀ ਕੋਸ਼ਿਸ਼ ਕਰੋ- ਕਾਂਸ਼ੀ ਰਾਮ



ਲਾਲ ਸਿੰਘ ਸੁਲਹਾਣੀ
91-98721-55120

1992 ਦੀਆਂ ਆਮ ਚੋਣਾਂ ਚ ਅਕਾਲੀ ਧਿਰਾਂ ਵਲੋਂ ਚੋਣਾਂ ਦਾ ਮੁਕੰਮਲ ਬਾਈਕਾਟ ਕੀਤਾ ਗਿਆ ਸੀ। ਕਾਂਗਰਸ ਦੇ ਮੁਕਾਬਲੇ ਬਹੁਜਨ ਸਮਾਜ ਪਾਰਟੀ ਪੂਰੇ ਜਾਹੋ ਜਲਾਲ ਨਾਲ ਚੋਣ ਅਮਲ ਵਿਚ ਕੁੱਦ ਚੁਕੀ ਸੀ। ਪਰ ਚੋਣ ਅਮਲ ਦੇ ਆਖਰੀ ਦਿਨਾਂ ਵਿਚ ਦਹਿਸ਼ਤ ਪਾਉਣ ਲਈ ਬਹੁਜਨ ਸਮਾਜ ਪਾਰਟੀ ਦੇ ਦੋ ਦਰਜਨ ਦੇ ਕਰੀਬ ਕਾਰਕੁੰਨ ਪਰਚਾਰ ਕਰਦੇ ਹੋਏ ਜਾਂ ਘਰਾਂ ਵਿਚੋਂ ਕਢ ਕੇ ਗੋਲੀਆਂ ਨਾਲ ਭੁੰਨ ਦਿੱਤੇ ਗਏ। ਸਾਹਿਬ ਕਾਂਸ਼ੀ ਰਾਮ ਮੁਤਾਬਕ ਸ਼ਕ ਦੀ ਸੂਈ ਕਾਂਗਰਸ ਵਲ ਘੁੰਮਦੀ ਰਹੀ ਪਰ ਕਦੇ ਸਰਕਾਰ ਨੇ ਪੜਤਾਲ ਕਰਨ ਦੀ ਜਹਿਮਤ ਨਹੀਂ ਉਠਾਈ। ਫਿਰ ਪੀੜਤ ਪਰਿਵਾਰਾਂ ਨੂੰ ਇਨਸਾਫ ਕਿਥੋਂ ਮਿਲਣਾ ਸੀ। ਐਸੇ ਦਹਿਸ਼ਤਜਦਾ ਮਹੌਲ ਵਿੱਚ ਕਾਂਗਰਸ ਪਾਰਟੀ ਭਾਰੀ ਗਿਣਤੀ ਨਾਲ ਰਾਜ ਭਾਗ ਤੇ ਕਾਬਜ ਹੋ ਗਈ । ਭਾਵੇਂ ਬਹੁਤੇ ਉਮੀਦਵਾਰਾਂ ਨੂੰ ਸੈਂਕੜੇ ਵੋਟ ਹੀ ਨਸੀਬ ਹੋ ਸਕੇ। ਬੇਅੰਤ ਸਿੰਘ ਜਿਵੇਂ ਕਿਵੇਂ ਬਣੀ ਸਰਕਾਰ ਦਾ ਮੁਖ ਮੰਤਰੀ ਬਣ ਬੈਠਾ। ਉਸਦੇ ਰਾਜ ਦੌਰਾਨ ਸਿਖ ਜਵਾਨੀ ਦਾ ਕੇਪੀਐਸ ਗਿੱਲ ਡੀਜੀਪੀ ਨੇ ਨਿੱਠ ਕੇ ਘਾਣ ਕੀਤਾ। ਬਹੁਜਨ ਸਮਾਜ ਪਾਰਟੀ ਦੇ ਵੀ ਨੌਂ ਵਿਧਾਇਕ ਤੇ ਫਿਰੋਜ਼ਪੁਰ ਤੋਂ ਇਕ ਸਾਂਸਦ ਜਿਤ ਗਏ।

ਸਾਹਿਬ ਕਾਂਸ਼ੀ ਰਾਮ ਉਮੀਦ ਕਰਦੇ ਸਨ ਕਿ ਜਿਵੇਂ ਕਿਵੇਂ ਵੀ ਜਿੱਤੇ ਵਿਧਾਇਕ ਤੇ ਸਾਂਸਦ ਜਿਹੜੇ ਸਰਕਾਰੀ ਸਹੂਲਤਾਂ ਅਤੇ ਸਰਕਾਰੀ ਗਡੀਆਂ ਦੇ ਹੱਕਦਾਰ ਬਣ ਗਏ ਹਨ। ਇਹਨਾਂ ਸਹੂਲਤਾਂ ਦਾ ਸਮਾਜ ਦੇ ਹਕ ਵਿਚ ਇਸਤੇਮਾਲ ਕਰਕੇ ਬਹੁਜਨ ਸਮਾਜ ਬਣਾਉਣ ਲਈ ਯੋਗਦਾਨ ਪਾਉਣ ਤਾਂ ਕਿ ਸਦੀਆਂ ਤੋਂ ਗੁਲਾਮੀ ਦੀ ਚੱਕੀ ਵਿਚ ਪਿਸ ਰਿਹਾ ਦਲਿਤ ਸੋਸ਼ਿਤ ਸਮਾਜ ਹੁਕਮਰਾਨ ਸਮਾਜ ਬਣ ਸਕੇ। ਪਰ 'ਭੁੱਖੇ ਜਟ ਕੋਟਲਾ ਲੱਭਾ ਪਾਣੀ ਪੀ ਪੀ ਆਫਰਿਆ ' ਦੀ ਕਹਾਵਤ ਅਨੁਸਾਰ ਨਵੇਂ ਬਣੇ ਵਿਧਾਇਕਾਂ ਵਿਚੋਂ ਬਹੁਤੇ ਐਸ਼ਪ੍ਰਸਤੀ ਵਿਚ ਗਲਤਾਨ ਹੋ ਗਏ। ਕੁਰਸੀ ਗਰਮ ਕਰਨ ਦੇ ਨਾਲ ਨਾਲ ਕੁਝ ਤਾਂ ਰੰਗ ਰਲੀਆਂ ਮਨਾਉਣ ਵਿਚ ਗਲਤਾਨ ਹੋ ਗਏ। ਵਡੇ ਕਦ ਬੁਤ ਵਾਲੇ ਇਕ ਵਿਧਾਇਕ ਨੂੰ ਤਾਂ ਸਾਹਿਬ ਕਾਂਸ਼ੀ ਰਾਮ ਸ਼ਰੇਆਮ ਮੁਸ਼ਟੰਡੇ ਵਰਗੇ ਲਕਬ ਨਾਲ ਸਨਮਾਨਦੇ ਰਹੇ। ਇਸ ਤਰਾਂ ਪੰਜਾਬ ਦੇ ਆਗੂਆਂ ਖਾਸ ਕਰਕੇ ਕੁਰਸੀਆਂ ਦਾ ਅਨੰਦ ਮਾਣਦੇ ਵਿਧਾਇਕਾਂ ਸਾਂਸਦਾਂ ਦੀ ਬੇਹਦ ਢਿੱਲੀ ਮੱਠੀ ਤੇ ਭੈੜੀ ਕਾਰਗੁਜਾਰੀ ਪ੍ਰਤੀ ਉਹ ਬੇਹੱਦ ਨਿਰਾਸ਼ ਸਨ। ਫਰਵਰੀ 1997 'ਚ ਆਮ ਚੋਣਾਂ ਆਉਣ ਵਾਲੀਆਂ ਸਨ ਪਰ ਬਹੁਜਨ ਸਮਾਜ ਪਾਰਟੀ ਵਿਰੋਧੀ ਪਾਰਟੀਆਂ ਦੇ ਮੁਕਾਬਲੇ ਬਹੁਤ ਪਛੜ ਗਈ ਜਾਪਦੀ ਸੀ। ਸਾਹਿਬ ਜਿਥੇ ਗਾਹੇ ਬਗਾਹੇ ਪੰਜਾਬ ਦੇ ਯੂਨਿਟ ਨੂੰ ਚੁਸਤ ਦਰੁਸਤ ਕਰਨ ਲਈ ਆਪਣੇ ਬੇਸ਼ਕੀਮਤੀ ਵਕਤ ਚੋਂ ਵਕਤ ਕਢ ਕੇ ਯਤਨ ਕਰਦੇ ਰਹਿੰਦੇ ਸਨ ਉਥੇ ਉਹਨਾਂ ਨੇ ਨਵੰਬਰ 1996 ਵਿਚ ਹੈਲੀਕਾਪਟਰ ਰਾਹੀਂ ਤੇਰਾਂ ਦਿਨਾਂ ਚ ਪੰਜਾਬ ਦੀਆਂ 117 ਸੀਟਾਂ ਤੇ ਪੁਜਣ ਦਾ ਪਰੋਗਰਾਮ ਉਲੀਕ ਲਿਆ। ਯਾਨੀ ਹਰ ਰੋਜ਼ ਨੌਂ ਸੀਟਾਂ ਤੇ ਪੁਜ ਕੇ ਸਮਾਜ ਨੂੰ ਹੁਕਮਾਨ ਬਣਨ ਲਈ ਰਜਾਮੰਦ ਕਰਨ ਦਾ ਯਤਨ। ਫਰੀਦਕੋਟ ਤੇ ਫਿਰੋਜ਼ਪੁਰ ਦੀਆਂ ਕਈ ਸੀਟਾਂ ਤੇ ਆਪਣੇ ਇਕ ਮਿਤਰ ਬਲਵਿੰਦਰ ਸਿੰਘ ਘਾਲੀ ਦੁਆਰਾ ਵਧੀਆ ਗੱਡੀ ਦਾ ਪਰਬੰਧ ਕਰਨ ਕਰਕੇ ਮੈਂ ਸਾਹਿਬ ਦੇ ਭਾਸ਼ਨ ਦੀ ਸਮਾਪਤੀ ਹੁੰਦਿਆਂ ਹੀ ਚਲ ਪੈਂਦਾ ਤੇ ਉਹਨਾਂ ਦੇ ਪੁਜਣ ਤੋਂ ਪਹਿਲਾਂ ਈ ਰੈਲੀ ਵਾਲੀ ਥਾਂ ਤੇ ਪੁੱਜ ਜਾਂਦਾ। ਸਾਹਿਬ ਕਾਂਸ਼ੀ ਰਾਮ ਦਾ ਆਦੇਸ਼ ਸੀ ਕਿ ਹੈਲੀਪੈਡ ਰੈਲੀ ਵਾਲੀ ਥਾਂ ਦੇ ਨੇੜੇ ਈ ਬਣਾਇਆ ਜਾਵੇ। ਇਸ ਨਾਲ ਜਿਥੇ ਸਮੇਂ ਦੀ ਬਚਤ ਹੁੰਦੀ ਸੀ ਉਥੇ ਦੱਬੇ ਕੁਚਲੇ ਸਮਾਜ ਦੇ ਲੋਕ ਇਸ ਉਡਣ ਖਟੋਲੇ ਨੂੰ ਨੇੜਿਓਂ ਦੇਖ ਸਕਣ। ਕੰਮੀਆਂ ਦੇ ਵਿਹੜੇ ਦੇ ਸੂਰਜ ਅਤੇ ਆਪਣੇ ਮਹਿਬੂਬ ਨੇਤਾ ਨੂੰ ਆਕਾਸ਼ੋਂ ਉਤਰਦਾ ਦੇਖ ਕੇ ਦਲਿਤਾਂ ਸੋਸ਼ਿਤਾਂ ਦੇ ਚਿਹਰਿਆਂ ਦਾ ਜਲੌਅ ਦੇਖਣ ਵਾਲਾ ਹੁੰਦਾ। ਉਹ ਖੁਸ਼ੀ 'ਚ ਖੀਵੇ ਹੋ ਉਠਦੇ ਤੇ ਜੋਸ਼ ਵਿਚ ਆਕੇ ਨਾਅਰਿਆਂ ਨਾਲ ਆਕਾਸ਼ ਗੂੰਜਣ ਲਾ ਦਿੰਦੇ।



ਸਾਹਿਬ ਕਾਂਸ਼ੀ ਰਾਮ ਆਪਣੀ ਦਰਦ ਭਰੀ ਆਵਾਜ਼ ਵਿਚ ਆਖਦੇ -

ਇਸ ਸਭਾ ਚ ਇਕਠੇ ਹੋਏ ਮੇਰੇ ਸਾਥੀਓ!

ਪੰਜਾਬ ਦੇ ਸਾਰੇ ਲੋਕਾਂ ਨੂੰ ਇਸ ਗਲ ਦੀ ਜਾਣਕਾਰੀ ਹੈ ਕਿ ਪੰਜ ਸਾਲ ਤੋਂ ਬਾਅਦ 19 ਫਰਵਰੀ ਤੋਂ ਪਹਿਲਾਂ ਪੰਜਾਬ 'ਚ ਨਵੀਂ ਸਰਕਾਰ ਚੁਣਨ ਲਈ ਚੁਣਾਓ ਹੋਣਗੇ। ਪੰਜਾਬ ਵਿਚ ਆਉਣ ਵਾਲੇ ਚੁਨਾਵ ਨੂੰ ਧਿਆਨ ਵਿਚ ਰਖ ਕੇ ਮੈਨੂੰ ਜ਼ਿਆਦਾ ਸੋਚਣਾ ਪਿਆ। ਸਾਰੇ ਦੇਸ਼ ਦੇ ਕਾਰੋਬਾਰ ਨੂੰ ਅੱਗੇ ਵਧਾਉਣ ਵਾਸਤੇ ਮੈਂ ਘੁੰਮਦਾ ਰਿਹਾ ਹਾਂ। ਮੈਨੂੰ ਘੁੰਮਦੇ ਫਿਰਦੇ ਕਈ ਵਾਰ ਪੰਜਾਬ ਆਉਣ ਦਾ ਵੀ ਮੌਕਾ ਮਿਲਿਆ। ਉਸ ਮੌਕੇ ਤੇ ਮੈਨੂੰ ਦੱਬੇ ਕੁਚਲੇ ਲੋਕਾਂ ਵਾਸਤੇ ਕੁਝ ਸੋਚਣ ਦਾ ਮੌਕਾ ਮਿਲਿਆ। ਸੋਚਣ ਤੋਂ ਬਾਅਦ ਮੈਂ ਇਸ ਨਤੀਜੇ ਤੇ ਪਹੁੰਚਿਆਂ ਹਾਂ ਕਿ ਅਜ ਵੀ ਪੰਜਾਬ ਵਿੱਚ ਜਿਹਨਾਂ ਲੋਕਾਂ 'ਚ ਮੈਂ ਪੈਦਾ ਹੋਇਆ ਹਾਂ ਉਹ ਬੇਗੈਰਤ ਲੋਕ ਹਨ । ਅਜ ਵੀ ਆਪਣੇ ਵਿਚ ਗੈਰਤ ਪੈਦਾ ਨਹੀਂ ਕਰ ਸਕੇ। ਨਿਮਾਣੇ ਲੋਕ, ਅਜ ਵੀ ਉਹ ਆਪਣੇ ਆਪ ਵਿਚ ਮਾਣ ਸਨਮਾਨ ਨਾਲ ਜਿਉਣ ਲਈ ਮਹੌਲ ਪੈਦਾ ਨਹੀ ਕਰ ਸਕੇ। ਇਸ ਦੇਸ਼ ਦੀ ਸਮਾਜ ਵਿਵਸਥਾ ਉਹਨਾਂ ਨੂੰ ਮਾਣ ਸਨਮਾਨ ਨਾਲ ਨਾ ਜਿਉਣ ਦਾ ਪਰਬੰਧ ਕਰ ਕਰ ਚੁੱਕੀ ਹੈ। ਉਸ ਵਿਵਸਥਾ ਦਾ ਮੁਕਾਬਲਾ ਕਰਕੇ, ਉਹ ਆਪਣੇ ਆਪ ਨੂੰ ਤਿਆਰ ਕਰਕੇ, ਉਹ ਮਾਣ ਸਨਮਾਨ ਨਾਲ ਜਿਉਣ ਲਈ ਉਹ ਆਪਣੇ ਆਪ ਨੂੰ ਤਿਆਰ ਕਰ ਸਕਣ ਇਹੋ ਜਿਹਾ ਕੰਮ ਅਜ ਤਕ ਨਹੀਂ ਹੋਇਆ ਇਹ ਕੰਮ ਉਹੀ ਲੋਕ ਕਰ ਸਕਦੇ ਹਨ ਜਿਹਨਾਂ 'ਚ ਕੋਈ ਅਣਖ ਹੋਵੇ ਉਹਨਾਂ ਦੀ ਅਣਖ ਨੂੰ ਜਦੋਂ ਲਲਕ-ਾਰਿਆ ਜਾਵੇ ਤਾਂ ਉਠਕੇ ਖੜ੍ਹੇ ਹੋਣ ਤੇ ਦੂਜੇ ਲੋਕਾਂ ਨੂੰ ਤਿਆਰ ਕਰਕੇ, ਸਾਰਾ ਸਮਾਜ ਅਣਖ ਦੀ ਜਿੰਦਗੀ ਜੀਅ ਸਕੇ ਇਹੋ ਜਿਹੀ ਉਹ ਤਿਆਰੀ ਕਰਨ ਅਰ ਅਜ ਤਕ ਪੰਜਾਬ ਅੰਦਰ ਇਹੋ ਜਿਹੀ ਤਿਆਰੀ ਨਹੀਂ ਹੋਈ। 15 ਸਾਲ ਤੋਂ ਬਗਾਹੇ ਮੈਂ ਵੀ ਕੋਸ਼ਿਸ਼ ਕਰਦਾ ਰਿਹਾ ਹਾਂ। ਕੁਝ ਲੋਕਾਂ ਨੂੰ ਤਿਆਰ ਕੀਤਾ ਕੁਰਸੀਆਂ ਤੇ ਬਿਠਾਇਆ। ਸਾਡਾ ਪੰਜਾਬ ਦਾ ਪਰਧਾਨ 15 ਸਾਲ ਤੋਂ ਕੁਰਸੀ ਤੇ ਬੈਠਾ ਹੈ ਹੋਰ ਵੀ ਛੋਟੀਆਂ ਛੋ-ਟੀਆਂ ਕੁਰਸੀਆਂ ਤੇ ਲੋਕਾਂ ਨੂੰ ਬਿਠਾਇਆ। ਪਰ ਉਹਦੀ ਕੁਰਸੀ ਨੂੰ ਕਦੇ ਕਿਸੇ ਨੇ ਛੇੜਿਆ ਨਹੀਂ।

ਫਿਰ ਵੀ ਡਰਦਾ ਮਾਰਿਆ ਉਹ ਕੁਰਸੀ ਛਡਣ ਲਈ ਤਿਆਰ ਨਹੀਂ ਕਿ ਉਸਦੀ ਗੈਰ ਹਾਜਰੀ ਵਿਚ ਕੋਈ ਦੂਸਰਾ ਹੋਰ ਕੁਰਸੀ ਤੇ ਨਾ ਬੈਠ ਜਾਵੇ। ਇਸ ਲਈ ਪੰਜਾਬ 'ਚ ਕੋਈ ਕੰਮ ਨਹੀਂ ਹੋਇਆ। ਪੰਜਾਬ ਵਿਚ ਪੰਜ ਸਾਲ ਪਹਿਲਾ ਚੁਣਾਓ ਹੋਏ ਸਨ ਸਾਡੇ ਪੰਜਾਬ ਦਾ ਪਰਧਾਨ ਐਮ ਪੀ ਬਣਿਆਂ ਤੇ ਜਨਰਲ ਸਕੱਤਰ ਐਮ ਐਲ ਏ ਬਣਿਆਂ ਹੋਰ ਵੀ ਐਮ ਐਲ ਏ ਬਣੇ। ਮੈਨੂੰ ਬੜੀ ਖੁਸ਼ੀ ਹੋਈ ਕਿ ਜਿਹੜਾ ਕੰਮ ਪਿਛਲੇ ਦਸਾਂ ਸਾਲਾਂ ਵਿੱਚ ਨਹੀਂ ਕੀਤਾ ਉਹ ਇਕ ਐਮ ਪੀ। ਤੇ ਨੌਂ ਐਮ ਐਲ ਏ ਮਿਲਕੇ ਕਰ ਲੈਣਗੇ। ਪਰ ਉਹਨਾਂ ਨੇ ਪੰਜ ਸਾਲ ਕੋਈ ਕੰਮ ਨਹੀਂ ਕੀਤਾ।

ਪੰਜਾਬ ਦੇ ਛੋਟੇ ਛੋਟੇ ਅਸੰਬਲੀ ਹਲਕੇ ਹਨ। ਛੋਟਾ ਸੂਬਾ ਹੈ ਛੋਟੇ ਛੋਟੇ 117 ਹਲਕੇ ਹਨ। ਜੇ 9 ਐਮ ਐਲ ਏ ਛੋਟੇ ਛੋਟੇ 13-13 ਹਲਕੇ ਤਿਆਰ ਕਰਨ ਦੀ ਜਿੰਮੇਵਾਰੀ ਲੈਂਦੇ ਤਾਂ ਪੰਜਾਬ ਤਿਆਰ ਹੋ ਸਕਦਾ ਸੀ ਤੇ 117 ਹਲਕੇ ਤਿਆਰ ਹੋ ਜਾਣੇ ਚਾਹੀਦੇ ਸਨ । ਹੁਣ ਜਦੋਂ ਚੁਣਾਓ ਆਇਆ ਹੈ ਤਾਂ ਅਸੀਂ ਖੁਸ਼ੀ ਖੁਸ਼ੀ ਚੁਣਾਓ ਲੜ ਸਕਦੇ ਸੀ। ਪਰ ਚੁਣਾਓ ਮੌਕੇ ਮੈਨੂੰ ਇਹ ਨਜਰ ਆਉਂਦਾ ਹੈ ਨੌਂ ਵਿਧਾਇਕਾਂ ਨੇ ਆਪਣੇ ਆਪਣੇ ਹਲਕੇ ਵੀ ਤਿਆਰ ਨਹੀਂ ਕੀਤੇ । ਇਸ ਲਈ ਨੌਂ ਚੋਂ ਕਿੰਨੇ ਝੜ ਜਾਣਗੇ ਇਸ ਚੁਣਾਓ 'ਚ ਕੁਝ ਨਹੀਂ ਕਿਹਾ ਜਾ ਸਕਦਾ। ਐਮ ਪੀ ਵੀ ਡਰਿਆ ਐ ਤੇ ਐਮ ਐਲ ਏ ਵੀ ਡਰੇ ਡਰੇ ਮੇਰੇ ਕੋਲ ਪਹੁੰਚੇ ਕਿ ਤੁਸੀਂ ਸਾਨੂੰ ਦੁਬਾਰਾ ਜਿਤਾਉਣ ਦੀ ਕੋਸ਼ਿਸ਼ ਕਰੋ ਪੰਜਾਬ 'ਚ ਆਓ ਅਰ ਸਾਨੂੰ ਦੁਬਾਰਾ ਜਿਤਾਉਣ ਦੀ ਕੋਸ਼ਿਸ਼ ਕਰੋ। ਸਾਨੂੰ ਐਮ। ਐਲ। ਏ। ਦੀ ਕੁਰਸੀ ਤੇ ਬੈਠਣ ਦਾ ਬੜਾ ਚਾਅ ਹੈ। ਪੰਜ ਸਾਲ ਅਸੀਂ ਐਮ। ਐਲ। ਏ ਦੀਆਂ ਕੁਰਸੀਆਂ ਗਰਮ ਕਰਦੇ ਰਹੇ ਹਾਂ ਆਉਣ ਵਾਲੇ ਸਮੇਂ ਚ ਵੀ ਪੰਜ ਸਾਲ ਹੋਰ ਕੁਰਸੀ ਗਰਮ ਕਰ ਸਕੀਏ ਇਹੋ ਜਿਹਾ ਪਰਬੰਧ ਕਰੋ। ਪੰਜਾਬ 'ਚ ਕਿਸੇ ਨਾਲ ਸਾਂਝ ਪਾਕੇ ਚੁਣਾਓ ਲੜੋ ,ਕਿਸੇ ਵੀ ਪਾਰਟੀ ਨਾਲ ਜਿਹੜੀ ਸਾਨੂੰ ਜਿਤਾ ਸਕੇ। ਕਿਸੇ ਬੜੀ ਲੱਕੜੀ ਨਾਲ ਲੋਹਾ ਲਾ ਦਿਓ ਜਿਹੜਾ ਲੱਕੜੀ ਨਾਲ ਇਹ ਵੀ ਤਰ ਜਾਵੇ, ਏਹੋ ਜਿਹਾ ਕੋਈ ਪਰਬੰਧ ਕਰੋ । ਚਾਹੇ ਤੁਹਾਨੂੰ ਭੀਖ ਮੰਗਣੀ ਪਵੇ। ਜਿਸ ਤਰ੍ਹਾਂ ਐਮ ਪੀ ਬਣਾਉਣ ਵਾਸਤੇ ਭੀਖ ਮੰਗਣੀ ਪਈ। ਇਸ ਤਰ੍ਹਾਂ ਸਾਨੂੰ ਐਮ। ਐਲ। ਏ। ਬਣਾਉਣ ਵਾਸਤੇ ਤੁਸੀਂ ਕੋਈ ਉਪਰਾਲਾ ਕਰੋ।

ਸਾਥੀਓ! ਪੰਜਾਬ ਦੀ ਇਹੋ ਜਿਹੀ ਹਾਲਤ ਵੇਖ ਕੇ ਮੈਨੂੰ ਇਹ ਲੱਗਿਆ ਕਿ ਜਾਂ ਤਾਂ ਮੈਨੂੰ ਪੰਜਾਬ ਨੂੰ ਭੁਲ ਜਾਣਾ ਚਾਹੀਦਾ ਹੈ ਜਾਂ ਜੇ ਭੁੱਲਣਾ ਨਹੀਂ ਤਾਂ ਬਾਕੀ ਏਰੀਏ ਦਾ ਕੰਮ ਛਡ ਕੇ ਮੈਨੂੰ ਆਉਣ ਵਾਲਾ ਪੂਰਾ ਸਮਾਂ ਪੰਜਾਬ ਵਿਚ ਲਾ ਦੇਣਾ ਚਾਹੀਦਾ ਹੈ। ਇਸ ਕਰਕੇ ਮੈਂ ਫੈਸਲਾ ਕੀਤਾ ਹੈ ਕਿ ਪੰਜਾਬ ਦੇ ਛੋਟੇ ਛੋਟੇ 117 ਹਲਕਿਆਂ 'ਚ ਜਿਹਨਾਂ 'ਚ ਸਾਡੇ ਪੰਜਾਬ ਦੇ ਸਾਥੀਆਂ ਨੂੰ ਘੁੰਮ ਕੇ ਬਹੁਜਨ ਸਮਾਜ ਬਣਾ ਲੈਣਾ ਚਾਹੀਦਾ ਸੀ ਓਹ ਕੰਮ ਕਰਨ ਵਾਸਤੇ ਮੈਨੂੰ 117 ਹਲਕਿਆਂ 'ਚ ਪਹੁੰਚ ਕੇ ਆਪਣੇ ਸਮਾਜ ਦੇ ਲੋਕਾਂ ਚੋਂ ਕੁਝ ਅਣਖ ਵਾਲੇ ਲੋਕ ਛਾਂਟ ਕੇ, ਅਣਖ ਦੇ ਰਾਖੇ ਪੈਦਾ ਕਰਕੇ ਸਾਡਾ ਸਮਾਜ ਅਣਖ ਨਾਲ ਜੀਅ ਸਕੇ ਚੁਣਾਓ ਸ਼ੁਰੂ ਹੋਣ ਤੋਂ ਪਹਿਲਾਂ ਮੈਨੂੰ ਇਹ ਕੰਮ ਕਰ ਲੈਣਾ ਚਾਹੀਦਾ ਹੈ। ਇਸ ਕਰਕੇ ਸਾਥੀਓ! 21 ਤਾਰੀਖ ਤੋਂ ਇਹ ਦੌਰਾ ਸ਼ੁਰੂ ਕੀਤਾ ਹੈ ਅਰ 13 ਦਿਨ ਦੇ ਸਮੇਂ 'ਚ 9 ਹਲਕਿਆਂ 'ਚ ਰੋਜ ਪਹੁੰਚ ਕੇ 117 ਹਲਕਿਆਂ ਚ ਪਹੁੰਚਣ ਦਾ ਇਰਾਦਾ ਲੈਕੇ ਇਸ ਦੌਰੇ ਤੇ ਨਿਕਲਿਆ ਹਾਂ। ਅਜ ਦੌਰੇ ਦਾ ਨੌਵਾਂ ਦਿਨ ਦਿਨ ਹੈ। ਅਜ ਅਠ ਜਗਾਹ ਆਪਣੇ ਸਾਥੀਆਂ ਨੂੰ ਐਡਰੈਸ ਕਰਕੇ ਏਥੇ ਪਹੁੰਚਿਆ ਹਾਂ। ਇਸ ਕਰਕੇ ਮੈਂ ਤੁਹਾਡਾ ਜਿਆਦਾ ਵਕਤ ਨਾ ਲੈਂਦਾ ਹੋਇਆ ਜਿਹੜੇ ਸਾਥੀ ਏਥੇ ਇਕੱਠੇ ਹੋਏ ਹਨ ਉਹਨਾਂ ਨੂੰ ਮੈਂ ਅਪੀਲ ਕਰਾਂਗਾ ਕਿ ਤੁਸੀਂ ਆਪਣੇ ਆਪ 'ਚ ਅਣਖ ਪੈਦਾ ਕਰਨ ਦੀ ਕੋਸ਼ਿਸ਼ ਕਰੋ। ਆਪਣੇ ਸਮਾਜ ਚ ਅਣਖ ਦੇ ਰਾਖੇ ਪੈਦਾ ਕਰੋ। ਜੋ ਨਜਰ 'ਚ ਆਉਂਦੇ ਐ ਮੇਰੇ ਹਵਾਲੇ ਕਰੋ ਤਾਂ ਕਿ ਉਹਨਾਂ ਨਾਲ ਚਲਕੇ ਪੰਜਾਬ 'ਚ ਬੇਅਣਖੇ ਸਮਾਜ 'ਚ ਅਣਖ ਪੈਦਾ ਕਰ ਸਕੀਏ।"

ਧਰਮਕੋਟ ਦੀ ਆਖਰੀ ਰੈਲੀ ਸਮਾਪਤ ਹੁੰਦਿਆਂ ਸਾਹਿਬ ਕਾਂਸ਼ੀ ਰਾਮ ਨੇ ਹੈਲੀਕਾਪਟਰ ਤੇ ਦਿਨ ਡੁੱਬਣ ਤੋਂ ਪਹਿਲਾਂ ਪੁਜਣ ਲਈ ਮੈਨੂੰ ਫਿਰੋਜ਼ਪੁਰ ਭੇਜ ਦਿੱਤਾ ਤੇ ਆਪ ਸਾਥੀਆਂ ਨੂੰ ਮਿਲਕੇ ਦੇਰ ਰਾਤ ਸੜਕੀ ਰਸਤੇ ਸਿੱਧੇ ਰੈਸਟ ਹਾਊਸ ਪਹੁੰਚੇ।

# ਭਗਵੰਤ ਮਾਨ ਸਰਕਾਰ ਦੇ ਰਾਖਵਾਂਕਰਨ ਵਿਰੋਧੀ ਰਵੱਈਏ ਖ਼ਿਲਾਫ਼ ਸੜਕਾਂ ਤੇ ਉਤਰੇਗੀ ਬਸਪਾ -ਸੁਲਹਾਣੀ

**ਮੋਗਾ–** ਆਪ ਦੀ ਭਗਵੰਤ ਮਾਨ ਸਰਕਾਰ ਨੇ ਪੰਜਾਬ ਦੀ ਸੱਤਾ ਪ੍ਰਾਪਤ ਕਰਨ ਦੇ ਚਾਰ ਮਹੀਨੇ ਅੰਦਰ ਸੂਬੇ ਦੇ ਅਨੁਸੂਚਿਤ ਜਾਤੀ, ਪੱਛੜੇ ਵਰਗਾਂ ਅਤੇ ਗ਼ਰੀਬਾਂ ਦੇ ਖਿਲਾਫ ਹੀ ਫੈਸਲੇ ਕੀਤੇ ਹਨ, ਜਿੰਨਾ ਵਿੱਚ ਇਹਨਾਂ ਵਰਗਾਂ ਨੂੰ ਸਰਕਾਰੀ ਨੌਕਰੀਆਂ ਵਿੱਚ ਰਾਖਵੇਂਕਰਨ ਤੋਂ ਵਾਂਝਾ ਕਰਨਾ ਮੁੱਖ ਤੌਰ ਤੇ ਸ਼ਾਮਲ ਹੈ। ਬਹੁਜਨ ਸਮਾਜ ਪਾਰਟੀ ਭਗਵੰਤ ਮਾਨ ਸਰਕਾਰ ਦੇ ਇਸ ਰਾਖਵਾਂਕਰਨ ਰਵੱਈਏ ਖ਼ਿਲਾਫ਼ ਸੜਕਾਂ ਤੇ ਉਤਰੇਗੀ।

ਇਹ ਗੱਲ ਇਥੇ ਮੋਗਾ ਵਿਖੇ ਗੁਰਦੁਆਰਾ ਬੀਬੀ ਕਾਹਨ ਕੌਰ ਜੀ ਵਿਖੇ ਬਸਪਾ ਦੇ ਸੂਬਾ ਜਨਰਲ ਸਕੱਤਰ ਸ੍ਰ ਲਾਲ ਸਿੰਘ ਸੁਲਹਾਣੀ ਨੇ ਜ਼ਿਲ੍ਹਾ ਪੱਧਰੀ ਅਹੁਦੇਦਾਰਾਂ ਅਤੇ ਹਲਕਾ ਪ੍ਰਧਾਨਾਂ ਦੀ ਮਾਸਿਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਖੀ। ਉਹਨਾਂ ਦੱਸਿਆ ਕਿ ਪਾਰਟੀ ਦੇ ਕੌਮੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ, ਸੂਬਾ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਹੇਠ, ਭਗਵੰਤ ਮਾਨ ਸਰਕਾਰ ਦੇ ਰਾਖਵਾਂਕਰਨ ਵਿਰੋਧੀ ਫੈਸਲਿਆਂ ਖਿਲਾਫ ਲੰਘੀ 15 ਜੁਲਾਈ ਨੂੰ ਪੰਜਾਬ ਦੇ ਸਾਰੇ ਜ਼ਿਲ੍ਹਾ ਹੈਡਕੁਆਰਟਰਾਂ ਤੇ ਡਿਪਟੀ ਕਮਿਸ਼ਨਰਾਂ ਨੂੰ ਪੰਜਾਬ ਦੇ ਗਵਰਨਰ ਦੇ ਨਾਂ ਤੇ ਮੈਮੋਰੰਡਮ ਦਿੱਤੇ ਗਏ ਅਤੇ ਬਸਪਾ ਦੇ ਸੂਬਾ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਵਿੱਚ ਇੱਕ ਚਾਰ ਮੈਂਬਰੀ ਵਫਦ ਜਿਸ ਵਿੱਚ ਪਾਰਟੀ ਦੇ ਨਵਾਂ ਸ਼ਹਿਰ ਤੋਂ ਵਿਧਾਇਕ ਡਾਕਟਰ ਨਛੱਤਰ ਪਾਲ,ਅਜੀਤ ਸਿੰਘ ਭੈਣੀ ਉਹ ਖੁਦ ਸ਼ਾਮਲ ਸਨ,ਪੰਜਾਬ ਦੇ ਗਵਰਨਰ ਸ੍ਰੀ ਬਨ-ਵਾਰੀ ਲਾਲ ਪਰੋਹਤ ਨੂੰ 3 ਅਗੱਸਤ ਨੂੰ ਚੰਡੀਗੜ੍ਹ ਵਿਖੇ ਮਿਲਿਆ ਅਤੇ ਬਾ ਦਲੀਲ ਰਿਜ਼ਰਵੇਸ਼ਨ ਐਕਟ 2006 ਤੇ ਚਰਚਾ ਕੀਤੀ ਅਤੇ ਇਸ ਨੂੰ ਲਾਗੂ ਕਰਵਾਉਣ ਲਈ ਮੈਮੋਰੰਡਮ ਦਿੱਤਾ। ਉਹਨਾਂ ਕਿਹਾ ਕਿ



ਲਾਲ ਸਿੰਘ ਸੁਲਹਾਣੀ
91-98721-55120

ਪੰਜਾਬ ਸਰਕਾਰ ਦਾ ਰਵੱਈਆ ਜਿਉਂ ਦੀ ਤਿਉਂ ਹੀ ਹੈ, ਜਿਸ ਨੂੰ ਬਸਪਾ ਬਰਦਾਸ਼ਤ ਨਹੀਂ ਕਰ ਸਕਦੀ। ਉਹਨਾਂ ਦੱਸਿਆ ਕਿ ਪੂਰੇ ਪੰਜਾਬ ਵਿੱਚ ਸੂਬਾ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਹੇਠ ਸੜਕਾਂ ਤੇ ਉਤਰੇਗੀ ਅਤੇ ਭਗਵੰਤ ਮਾਨ ਸਰਕਾਰ ਦੇ ਰਾਖਵਾਂਕਰਨ ਵਿਰੋਧੀ ਚਿਹਰੇ ਨੂੰ ਲੋਕਾਂ ਵਿੱਚ ਨੰਗਾ ਕਰੇਗੀ, ਇਸ ਸੰਘਰਸ਼ ਦੇ ਪ੍ਰੋਗਰਾਮ ਬਹੁਤ ਜਲਦ ਸੂਬਾ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ ਜੀ ਕਰਨਗੇ। ਉਹਨਾਂ ਪਾਰਟੀ ਦੇ ਕੰਮ ਦੀ ਸਮੀ-ਖਿਆ ਕੀਤੀ ਅਤੇ ਸਮੂਹ ਜ਼ਿਲ੍ਹਾ ਮੋਗਾ ਦੇ ਅਹੁਦੇਦਾਰਾਂ ਅਤੇ ਵਰਕਰਾਂ ਨੂੰ ਇਸ ਕਾਰਜ ਦੀ ਸਫਲਤਾ ਲਈ ਅੱਜ ਤੋਂ ਹੀ ਪਾਰਟੀ ਵਰਕਰਾਂ ਅਤੇ ਬਹੁਜਨ ਸਮਾਜ ਦੇ ਹਿਤੈਸ਼ੀਆਂ ਦੀ ਲਾਮਬੰਦੀ ਲਈ ਪੂਰੀ ਤਰ੍ਹਾਂ ਜੁਟ ਜਾਣ ਲਈ ਨਿਰਦੇਸ਼ ਦਿੱਤੇ। ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਹਰਦੇਵ ਸਿੰਘ ਤਖਾਣਵੱਧ ਨੇ ਕੀਤੀ ਅਤੇ ਉਨ੍ਹਾਂ ਲੀਡਰਸ਼ਿਪ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਪੂਰੀ ਟੀਮ ਸਮੇਤ ਇਸ ਸੰਘਰਸ਼ ਦੀ ਕਾਮਯਾਬੀ ਲਈ ਸਰਗਰਮੀਆਂ ਤੇਜ਼ ਕਰ ਦੇਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾ ਸਕੱਤਰ ਸ ਕੁਲਵੰਤ ਸਿੰਘ ਰਾਮਗੜ੍ਹੀਆ, ਸੂਬਾ ਕਮੇਟੀ ਮੈਂਬਰ ਕੇਵਲ ਸਿੰਘ ਸੈਦੋਕੇ, ਜ਼ਿਲ੍ਹਾ ਮੀਤ ਪ੍ਰਧਾਨ ਲਖਵੀਰ ਸਿੰਘ ਬੁੱਧ ਸਿੰਘ ਵਾਲਾ, ਜ਼ਿਲ੍ਹਾ ਜੱਥੇਬੰਦਕ ਸਕੱਤਰ ਇੰਦਰਜੀਤ ਸਿੰਘ ਸੇਖਾ, ਹਲਕਾ ਬਾਘਾਪੁਰਾਣਾ ਦੇ ਪ੍ਰਧਾਨ ਬਲਵਿੰਦਰ ਸਿੰਘ ਅਟਵਾਲ, ਹਲਕਾ ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਬਿੱਕਰ ਸਿੰਘ ਬੱਧਨੀ ਕਲਾਂ, ਹਲਕਾ ਧਰਮਕੋਟ ਦੇ ਮਹਿਲਾ ਸੰਗਠਨ ਦੇ ਪ੍ਰਧਾਨ ਬੀਬੀ ਕੁਲਵਿੰਦਰ ਕੌਰ ਚੀਮਾ, ਸਰਵਣ ਸਿੰਘ ਕਾਲੇਕੇ ਅਤੇ ਐਡਵੋਕੇਟ ਸੁਮਨਦੀਪ ਕੌਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

## ਗਧੇ, ਕੁੱਤੇ ਤੇ ਤੋਤੇ

ਚੌਦਾਂ ਤੇ ਪੰਦਰਾਂ ਅਗਸਤ ਵਿਚਕਾਰਲੀ ਰਾਤ
ਪਾਸੇ ਮਾਰਦਿਆਂ ਹੀ ਲੰਘੀ
ਖ਼ਿਆਲਾਂ 'ਚ ਖੌਰੂ ਪਾਉਂਦੇ ਰਹੇ
ਗਧੇ, ਕੁੱਤੇ ਤੇ ਤੋਤੇ।

ਪਹਿਲਾਂ ਗਧਾ ਹਿਣਕਿਆ
ਆਪਣੇ ਭਾਰ ਤੋਂ ਵੀ ਵਾਧੂ ਭਾਰ ਚੁੱਕੀ
ਹਿਣਕਦਾ ਗਧਾ ਇਵੇਂ ਜਿਵੇਂ
ਰੋ ਰਿਹਾ ਹੋਵੇ।
ਪਰ ਪਿੱਠ 'ਤੇ ਲੱਦਿਆ ਭਾਰ
ਉਲਟਾ ਦੇਣ ਦੀ ਹਿੰਮਤ ਨਹੀਂ
ਮਾਲਕ ਦਾ ਛਾਂਟਾ ਉਹਦੀ ਹੋਣੀ
ਵਾਧੂ ਭਾਰ ਤੋਂ ਮੁਕਤੀ
ਰੋਣ 'ਚ ਨਹੀਂ
ਮੈਂ ਸੋਚਿਆ
ਪਰ ਗਧਾ ਕਦੋਂ ਸੋਚਦਾ?

ਫੇਰ ਮਰੀਅਲ ਆਵਾਜ਼ 'ਚ
ਕੁੱਤਾ ਭੌਂਕਿਆ
ਜਿਵੇਂ ਭੌਂਕਣ ਦਾ
ਫ਼ਰਜ਼ ਹੀ ਨਿਭਾਇਆ ਹੋਵੇ
ਪੂੰਛ ਹਿਲਾਉਂਦਾ
ਮਰੀਅਲ ਆਵਾਜ਼ 'ਚ ਭੌਂਕਦਾ ਕੁੱਤਾ
ਕਦੇ ਨਹੀਂ ਵੱਢੇਗਾ
ਮੈਂ ਸੋਚਿਆ
ਪਰ ਕੁੱਤਾ ਕਦੋਂ ਸੋਚਦਾ?

ਅਚਾਨਕ
'ਸੀਆ ਰਾਮ ਸੀਆ ਰਾਮ' ਦੀ ਰੱਟ ਸੁਣੀ
ਇਹ ਮਿੱਠੂ ਸੀ
ਜੋ ਸਿਖਾਉਂਦੇ ਹੌਲ਼ੀ ਹੌਲ਼ੀ ਸਿੱਖ ਜਾਂਦਾ
ਹਰ ਆਏ ਗਏ ਨੂੰ
'ਸੀਆ ਰਾਮ ਸੀਆ ਰਾਮ' ਕਹਿੰਦਾ
ਮਿਰਚਾਂ ਖਾਂਦਾ
ਪਰ ਕੌੜਾ ਕਦੇ ਨਾ ਹੁੰਦਾ
ਪਿੰਜਰੇ 'ਚੋਂ ਬਾਹਰ ਕੱਢਿਆ
ਕਮਰੇ 'ਚ
'ਸੀਆ ਰਾਮ ਸੀਆ ਰਾਮ' ਰੱਟਦਾ
ਭਲਵਾਨੀ ਗੇੜੀ ਲਾ
ਮੁੜ ਪਿੰਜਰੇ 'ਚ ਜਾ ਵੜਿਆ
ਖੰਭ ਤਾਂ ਹੈਨ
ਪਰ ਉੱਡਣਾ ਭੁੱਲ ਗਿਐ ਮਿੱਠੂ।
ਮੈਂ ਸੋਚਿਆ
ਪਰ ਤੋਤਾ ਕਦੋਂ ਸੋਚਦਾ?

ਬੇਟੀ ਦੀ ਆਵਾਜ਼ ਨੇ
ਮੇਰੇ ਖ਼ਿਆਲਾਂ 'ਚ ਖੌਰੂ ਪਾਉਂਦੇ
ਗਧੇ, ਕੁੱਤੇ ਤੇ ਤੋਤੇ ਭਜਾ ਦਿੱਤੇ
ਬੇਟੀ ਨੇ ਕਿਹਾ–
'ਹੈਪੀ ਇੰਡੀਪੈਂਡਿਟਸ ਡੇਅ' ਪਾਪਾ
ਮੈਂ 'ਹੈ...ਪੀ' ਹੀ ਕਹਿ ਸਕਿਆ
'ਇੰਡੀਪੈਂਡਿਟਸ' ਮੇਰੇ ਸੰਘ 'ਚ ਹੀ ਫਸ ਗਿਆ
ਮੇਰੇ ਖ਼ਿਆਲਾਂ 'ਚ ਫੇਰ ਆਣ ਵੜੇ
ਗੱਧੇ ,ਕੁੱਤੇ ਤੇ ਤੋਤੇ।

ਮੈਂ ਸੋਚਿਆ
ਇਹ ਨਹੀਂ ਸੋਚਦੇ
ਪਰ ਬੰਦਾ ਤਾਂ
ਸੋਚ ਸਕਦੈ
ਕਿ ਨਹੀਂ?

– ਸੁਸ਼ੀਲ ਦੁਸਾਂਝ

# ਰਣਜੀਤ ਸਾਗਰ ਡੈਮ ਪ੍ਰਾਜੈਕਟ ਜਿਸ ਨੂੰ ਮਿੰਨੀ ਆਇਰਲੈਂਡ ਵੀ ਕਿਹਾ ਜਾਂਦਾ ਹੈ



ਰਾਜਿੰਦਰ ਸਿੰਘ ਰਾਜਨ
91-94174-27656

ਰਾਸ਼ਟਰ ਦੇ ਸੁਨਿਹਰੇ ਪੰਨਿਆ ਤੇ ਆਪਣਾ ਨਾਂਅ ਦਰਜ ਕਰਉਣ ਵਾਲਾ ਬਹੂ-ਮੰਤਵੀ ਰਣਜੀਤ ਸਾਗਰ ਡੈਮ ਪ੍ਰਾਜੈਕਟ ਦੀਆਂ ਦੋ ਵਿਸ਼ਾਲ ਕਲੌਨੀਆਂ ਆਪਣੀ ਇਕ ਅਨੋਖੀ ਦਾਸਤਾਨ ਤੇ ਅਥਰੂ ਵਹਾਆਣ ਲਈ ਮਜ਼ਬੂਰ ਹਨ ਜਿਨ੍ਹਾਂ ਵਿੱਚ ਰਣਜੀਤ ਸਾਗਰ ਡੈਮ ਪ੍ਰਾਜੈਕਟ ਸ਼ਾਹਪੁਰਕੰਡੀ ਟਾਊਨਸ਼ਿਪ ਅਤੇ



ਰਣਜੀਤ ਸਾਗਰ ਡੈਮ ਪ੍ਰਾਜੈਕਟ ਦੇ ਨੇੜੇ ਟਰੇਡਮੈਨ ਦੀ ਵਿਸ਼ਾਲ ਉੱਚ ਥੜਾ ਕਲੌਨੀ ਦੇ ਨਾਂ ਜਿਕਰਯੋਗ ਹਨ। ਭਾਵੇ ਇਹ ਦੋਵੇ ਕਲੋਨੀਆ ਇਕ ਦੂਜੇ ਤੋਂ ਕਰੀਬ 14 ਕਿਲੋਮੀਟਰ ਦੇ ਫ਼ਾਸਲੇ ਤੇ ਸਥਿਤ ਹਨ ਪ੍ਰੰਤੂ ਦੋਵੇ ਰਾਵੀ ਨਦੀ ਦੇ ਨੇੜੇ ਸਥਿਤ ਹੋਣ ਕਾਰਨ ਮਨਮੋਹਕ ਸੁੰਦਰਤਾ ਦਾ ਪ੍ਰਤੀਕ ਹਨ।

ਰਣਜੀਤ ਸਾਗਰ ਡੈਮ ਦੀਆਂ ਇਹ ਦੋਵੇਂ ਕਲੋਨੀਆ ਪੰਜਾਬ ਭਰ ਦੇ ਵੱਖ-ਵੱਖ ਜ਼ਿਲਿਆਂ ਤੋਂ ਆਏ ਮੁਲਾਜ਼ਮਾਂ ਦਾ ਮਿਲਗੋਭਾ ਹੈ। ਰਾਸ਼ਟਰ ਦੇ ਮਸ਼ਹੂਰ ਭਾਖੜਾ ਡੈਮ, ਪੌਂਗ ਡੈਮ, ਬੀ ਬੀ ਐਮ ਬੀ, ਸਲਾਪੜ ਡੈਮ ਆਦਿ ਡੈਮ ਦੇ ਤਜੱਰਬੇਕਾਰ ਮਾਹਿਰ ਮੁਲਾਜ਼ਮ ਨੇ ਰਣਜੀਤ ਸਾਗਰ ਡੈਮ ਪ੍ਰਾਜੈਕਟ ਦੀ ਉਸਾਰੀ ਵਿੱਚ ਸ਼ਲਾਘਾਯੋਗ ਭੂਮਿਕਾ ਨਿਭਾਉਂਦੇ ਹੋਏ ਇਸੇ ਡੈਮ ਪ੍ਰਾਜੈਕਟ ਤੋਂ ਸੇਵਾ ਮੁਕਤੀਆਂ ਹਾਸਲ ਕੀਤੀਆਂ ਸਨ ਤੇ ਇਨ੍ਹਾਂ ਵਿੱਚੋਂ ਅਨੇਕਾ ਮੁਲਾਜ਼ਮ ਏਥੋ ਦੇ ਹੀ ਬਾਸ਼ਿੰਦੇ ਬਣਕੇ ਰਹਿ ਗਏ।

ਜੇਕਰ ਵਿਸ਼ਾਲ ਉੱਚਾ ਥੜਾ ਕਲੌਨੀ ਦੀ ਗੱਲ ਕਰੀਏ ਤਾਂ ਗੱਲ ਬਹੁਤੀ ਦੇਰ ਤੱਕ ਦੀ ਨਹੀ, ਇਕ ਦਿਨ ਅਜਿਹਾ ਵੀ ਦੇਖਣ ਨੂੰ ਮਿਲੇਗਾ ਜਿਸ ਦਿਨ ਇਹ ਕਲੌਨੀ ਢਹਿੰਦੀ ਢਹਿੰਦੀ ਇਕ ਥੇਹ ਦਾ ਰੂਪ ਧਾਰਨ ਕਰ ਜਾਵੇਗੀ। ਡਬਲ ਸਟੋਰੀ ਵਾਲੇ ਸਰਕਾਰੀ ਕਵਾਟਰਾ ਵਾਲੀ ਇਹ ਕਲੌਨੀ ਦੀਆਂ ਅਨੇਕਾ ਛੱਤਾ ਢਹਿ ਢੇਰੀ ਹੋ ਚੁੱਕੀਆਂ ਹਨ ਅਤੇ ਕਈ ਕਵਾਟਰ ਤਾਂ ਡਿੱਗ ਕੇ ਮਿੱਟੀ ਵਿੱਚ ਮਿਲ ਗਏ ਹਨ ਅਤੇ ਅਨੇਕਾ ਡਿੱਗਣ ਦੇ ਕਿਨਾਰੇ ਤੇ ਹਨ। ਹਜ਼ਾਰਾ ਦੀ ਤਾਦਾਦ ਵਿੱਚ ਸਥਿਤ ਇਨ੍ਹਾਂ ਕਵਾਟਰਾ ਦਾ ਨਾ ਕੋਈ ਬੂਹਾ,ਨਾ ਬਾਰੀ ਇੱਥੋਂ ਤੱਕ ਕਿ ਇਨ੍ਹਾਂ ਦੀਆਂ ਚੁਗਾਠਾਂ ਵੀ ਪਤਾ ਨਹੀ ਕਿਥੇ ਛੂਹ ਮੰਤਰ ਹੋ ਗਈਆ ਹਨ। ਘਾਹ ਬੂਟੀ ਨੇ ਗਰਾਊਂਡ ਫਲੋਰ ਵਾਲੇ ਕਵਾਟਰ ਨੂੰ ਪੂਰੀ ਤਰ੍ਹਾਂ ਆਪਣੀ ਬੁੱਕਲ ਵਿੱਚ ਸਮੇਟਿਆਂ ਹੋਇਆ ਹੈ। ਇਹ ਕਲੋਨੀ ਕੇਵਲ ਕੁੱਤਿਆਂ, ਬਿੱਲੀਆਂ ਬਾਂਦਰਾਂ ਅਤੇ ਪਸ਼ੂ-ਪੰਛੀਆਂ ਦੇ ਰੈਣ-ਬਸੇਰੇ ਬਣ ਕੇ ਰਹਿ ਗਈ ਹੈ, ਉੱਥੇ ਜੰਗਲ ਬਣੀ ਘਾਹ ਬੂਟੀ ਵਿੱਚ ਸੱਪ-ਸਪੋਲੀਆ, ਨਿਉਲੇ ਅਤੇ ਅਨੇਕਾ ਹੋਰ ਜ਼ਹਿਰੀਲੇ ਜੀਵ-ਜੰਤੁ ਆਮ ਦੇਖੇ ਜਾਂਦੇ ਹਨ। ਖ਼ਾਲੀ ਪਏ ਸਰਕਾਰੀ ਰਿਹਾਇਸ਼ੀ ਕੁਆਟਰ ਅੰਦਰ ਅਣਗਿਣਤ ਬਾਂਦਰਾ,ਕੁਤਿਆ ਬਿੱਲਿਆਂ ਅਤੇ ਅਨੇਕਾ ਪਸ਼ੂ-ਪੰਛੀਆਂ ਵੱਲੋ ਗੰਦ ਖਿਲਾਰਣ ਕਰਕੇ ਅੰਤ ਦੀ ਸੜਾਂਦ ਮਾਰਦੀ ਬਦਬੂ ਨਾਲ ਜਿਥੇ ਵਾਤਾਵਰਣ ਪ੍ਰਦੂਸ਼ਤ ਹੋ ਰਿਹਾ ਹੈ ਉਥੇ ਕਿਸੇ ਭਿਆਨਕ ਬਿਮਾਰੀ ਨੂੰ ਸੱਦਾ ਦਿੱਤਾ ਜਾ ਰਿਹਾ ਹੈ।

ਕੁਝ ਕੁਆਟਰ ਉਹੀ ਸਹੀ ਸਲਾਮਤ ਲੱਭਦੇ ਹਨ ਜਿੰਨਾਂ ਵਿੱਚ ਰਹਿਣ ਵਾਲੇ ਮੁਲਾਜ਼ਮ ਇਨ੍ਹਾਂ



ਕੁਆਟਰਜ ਨੂੰ ਨਿੱਜੀ ਤੌਰ ਤੇ ਆਪਣੀਆਂ ਜੇਬਾਂ ਵਿੱਚੋਂ ਪੈਸੇ ਖਰਚਕੇ ਸਮੇਂ-ਸਮੇ ਮੁਰੰਮਤ ਕਰਵਾਉਂਦੇ ਰਹਿੰਦੇ ਹਨ।

ਜੇਕਰ ਸਰਕਾਰ ਸਮੇਂ ਸਿਰ ਮੁਲਾਜ਼ਮਾ ਨੂੰ ਇਹ ਸਰਕਾਰੀ ਕੁਆਟਰ ਲੀਜ ਤੇ ਜਾ ਮੁੱਲ ਵੇਚ ਦਿੰਦੀ ਤਾਂ ਇਸ ਵਿਸ਼ਾਲ ਕਲੋਨੀ ਦੀ ਐਸੀ ਦੁਰਦਸਾ ਨਾ ਹੁੰਦੀ, ਸਗੋਂ ਸਰਕਾਰ ਨੂੰ ਵੀ ਇਸ ਗੱਲ ਦਾ ਪੂਰਨ ਲਾਭ ਮਿਲਣਾ ਸੀ, ਦੂਸ਼ਰਾ ਮੁਲਾਜ਼ਮਾ ਦੇ ਨਿੱਜੀ ਕੁਆਟਰਜ ਹੋਣ ਕਾਰਨ ਸਾਫ਼ ਸਫ਼ਾਈ ਬਣੀ ਰਹਿਣੀ ਸੀ ਤੇ ਰਣਜੀਤ ਸਾਗਰ ਡੈਮ ਪ੍ਰਾਜੈਕਟ ਵੇਖਣ ਲਈ ਆਉਦੇਂ ਸੈਲਾਨੀਆ ਲਈ ਖਿੱਚ ਦਾ ਕੇਂਦਰ ਬਣੀ ਰਹਿੰਦੀ ਕਿਉਂਕਿ ਇਹ ਕਲੋਨੀ ਰਾਵੀ ਦੇ ਕੰਢੇ ਤੇ ਹੋਣ ਕਾਰਨ ਵੱਖ-ਵੱਖ ਦ੍ਰਿਸ਼ ਭਰਪੂਰ ਹੈ, ਜਿਸ ਨੂੰ ਵੇਖਦਿਆ ਅੱਜ ਕੱਲ੍ਹ ਇਸ ਕਲੋਨੀ ਵਿੱਖੇ ਇਕ 'ਵਿਉ ਪੋਇੰਟ' ਵੀ ਬਣਾਇਆ ਹੋਇਆ ਹੈ ਜਿਸ ਦੇ ਖ਼ੂਬਸੂਰਤ ਦ੍ਰਿਸ਼ਾ ਦਾ ਨਜ਼ਰਾ ਸੈਲਾਨੀ ਮਾਣਦੇ ਹਨ।

ਦੂਸ਼ਰੇ ਪਾਸੇ ਜੇਕਰ ਮਿੰਨੀ ਚੰਡੀਗੜ੍ਹ ਕਹਿਲਾਉਣ ਵਾਲੀ ਸਾਹਪੁਰਕੰਡੀ ਟਾਊਨਸ਼ਿਪ ਦੀ ਗੱਲ ਕਰੀਏ ਤਾਂ ਉਥੇ ਵੀ ਪੂਰੇ ਪੰਜਾਬ ਭਰ ਵਿੱਚੋਂ ਆਏ ਕਲਾਸਫੋਰ ਤੋਂ ਲੈਕੇ ਮੁੱਖ ਇੰਜੀਨੀਅਰ, ਜਨਰਲ ਮੈਨੇਜਰ ਤੱਕ ਦੇ ਸਰਕਾਰੀ ਰਿਹਾਇਸ਼ੀ ਕੁਆਟਰ ਬਣੇ ਹੋਏ ਹਨ। ਇਸ ਕਲੌਨੀ ਵਿੱਚ ਉਸਾਰੇ ਵੱਖ ਵੱਖ-ਵੱਖ ਟਾਇਪ ਦੇ ਸਰਕਾਰੀ ਰਿਹਾਇਸ਼ੀ ਕੁਆਟਰ ਪੇਅ ਸਕੇਲ ਦੇ ਹਿਸਾਬ ਨਾਲ ਅਲਾਟ ਹੁੰਦੇ ਹਨ। ਭਾਵੇ ਰਣਜੀਤ ਸਾਗਰ ਡੈਮ ਪ੍ਰਾਜੈਕਟ ਦੀ ਉਸਾਰੀ ਪੂਰੀ ਹੋਣ ਕਾਰਨ ਅੱਧੇ ਨਾਲੋ ਜਿਆਦਾਤਰ ਮੁਲਾਜ਼ਮ ਹੋਰਨਾ ਵਿਭਾਗ ਵਿੱਖੇ ਤਬਦੀਲ ਹੋ ਗਏ ਹਨ ਤੇ ਬਹੁਤਾਤ ਸੇਵਾ ਮੁੱਕਤ ਹੋ ਗਏ ਪ੍ਰੰਤੂ ਬਿਜਲੀ ਉਤਪਾਦਨ ਕਾਰਨ ਹਜ਼ਰਾ ਦੀ ਤਾਦਾਦ ਵਿੱਚ ਕਲਾਸਫੋਰ ਤੋਂ ਲੈ ਕੇ ਸਿਰੇ ਦੇ ਅਧਿਕਾਰੀਆ ਤੱਕ ਆਪਣੀਆ ਸੇਵਾਵਾਂ ਦੇਸ਼ ਪ੍ਰਤੀ ਨਿਭਾ ਰਹੇ ਹਨ।

ਐਸ ਡੀ ਓ ਅਤੇ ਉਨ੍ਹਾਂ ਦੇ ਲੈਵਲ ਦਾ ਪੇ ਸਕੇਲ ਲੈਣ ਵਾਲੇ ਮੁਲਾਜ਼ਮਾ ਦੇ ਟੀ-4 ਅਡੀਸ਼ਨਲ ਕੁਆਟਰਾ ਵਾਲੀ ਕਲੋਨੀ ਕਰੀਬ ਅੱਧੀ ਖ਼ਾਲੀ ਪਈ ਹੈ ਜਿਸ ਦਾ ਅੰਤ-ਮੰਦਾ ਹਾਲ ਹੈ। ਸਾਂਭ ਸੰਭਾਲ ਅਤੇ ਸਮੇਂ-ਸਮੇ ਮੁਰੰਮਤ ਨਾ ਹੋਣ ਕਾਰਨ ਇਸ ਸਾਰੀ ਕਲੋਨੀ ਦੇ ਕੁਆਟਰ ਕਿਸੇ ਨਾ ਕਿਸੇ ਪੱਖੋ ਮੰਦਹਾਲੀ ਹਾਲਤ ਵਿੱਚ ਹਨ ਜਦ ਕਿ ਇਨ੍ਹਾਂ ਮੁਲਾਜ਼ਮਾ ਦਾ ਹਾਊਸ ਰੈਂਟ ਹਰ ਮਹੀਨੇ ਕੱਟਿਆ ਜਾਂਦਾ ਹੈ।



ਬਹੁਤਾਤ ਮੁਲਾਜ਼ਮ ਇਨ੍ਹਾਂ ਸਰਕਾਰੀ ਕੁਆਰਟਰਾਂ ਦੀ ਸਾਂਭ ਸੰਭਾਲ ਅਤੇ ਮੁਰੰਮਤ ਉਕਤ ਕਲੋਨੀ ਦੇ ਕੁਆਟਰਾ ਵਿੱਚ ਰਹਿਣ ਵਾਲਿਆ ਮੁਲਾਜ਼ਮਾ ਵਾਂਗ ਆਪਣੀਆ ਨਿੱਜੀ ਜੇਬਾਂ ਵਿਚੋਂ ਕਰਾਉਂਦੇ ਹਨ ਤੇ ਹਲਾਤ ਦੇਖਕੇ ਲਗਦਾ ਏਥੇ ਕੋਈ ਪੁੱਛਣ-ਗਿੱਛਣ ਵਾਲਾ ਨਹੀਂ ਹੈ। ਥਾਂ ਥਾਂ ਤੇ ਲੱਗੇ ਨਜਾਇਜ ਖੋਖੋ, ਰੇਹੜੀਆ, ਫੱੜੀਆ ਇਸ ਮਿੰਨੀ ਚੰਡੀਗੜ੍ਹ ਵਰਗੀ ਕਲੋਨੀ ਨੂੰ ਮੂੰਹ ਚਿੜਾ ਰਹੇ ਹਨ ਜਦ ਕਿ ਇਸ ਵਿਸ਼ਾਲ ਕਲੋਨੀ ਅੰਦਰ ਡੈਮ ਦੀ ਇਕ ਮਨਜ਼ੂਰ ਸੁਦਾ ਵੱਖ-ਵੱਖ ਵਸਤਾਂ ਵਾਲੀ ਮਾਰਕਿਟ ਮੌਜੂਦ ਹੈ। ਇੱਥੇ ਹੀ ਬਸ ਨਹੀ ਇਥੇ ਵੱਖ-ਵੱਖ ਪਾਰਕਾ ਵਿੱਚ ਬੱਚਿਆਂ ਦੇ ਝੂਲੱਣ ਵਾਲੇ ਝੂਲੇ ਵੀ ਕਈ ਸਾਲਾ ਤੋਂ ਲੱਭਿਆ ਨਹੀ ਲੱਭਦੇ ਜੋ ਅੱਜ ਬੁਝਾਰਤ ਬਣ ਗਏ ਹਨ ਤੇ ਅੱਜ ਝੂਲਿਆਂ ਦੀ ਜਗ੍ਹਾ ਘਾਹ-ਬੂਟੀ, ਸੱਪ-ਸਪੋਲੀਆ, ਨਿਉਲਿਆਂ ਅਤੇ ਹੋਰ ਜ਼ਹਿਰੀਲੇ ਜੀਵ ਜੰਤੂਆਂ ਨੇ ਲੈ ਲਈ ਹੈ।

ਇਸ ਤੋਂ ਪਹਿਲਾ ਕਿ ਸ਼ਾਹਪੁਰਕੰਡੀ ਟਾਊਨਸ਼ਿਪ ਦੀ ਇਹ ਕਲੋਨੀ ਦੀ ਹਾਲਤ ਵੀ ਉਚਾ ਥੜਾ ਕਲੋਨੀ ਵਾਂਗ ਬਦ ਤੋਂ ਬਦਤਰ ਬਣ ਜਾਏ, ਮਾਯੂਦਾ ਸਰਕਾਰ ਬੇਲੋੜ ਸਰਕਾਰੀ ਕੁਆਟਰਾ ਨੂੰ ਲੀਜ ਤੇ ਜਾਂ ਮੁੱਲ ਦੇ ਭਾਅ ਡੈਮ ਮੁਲਾਜ਼ਮਾ ਨੂੰ ਦੇ ਕੇ ਉਨ੍ਹਾਂ ਦੀ ਪੁਰਾਣੀ ਮੰਗ ਨੂੰ ਬਹਾਲ ਕਰ ਦੇਵੇ ਤਾਂ ਜੋ ਰਣਜੀਤ ਸਾਗਰ ਡੈਮ ਪ੍ਰਾਜੈਕਟ ਦੀ ਦੂਸ਼ਰੀ ਸਟੇਜ ਤੇ ਨਿਰਮਾਣ ਹੋ ਰਹੇ ਸ਼ਾਹਪੁਰਕੰਡੀ ਡੈਮ ਦੇ ਮੁਲਾਜ਼ਮਾ ਵਿੱਚ ਕੰਮ ਕਰਨ ਦਾ ਉਤਸ਼ਾਹ ਤੇ ਦਿਲਚਸਪੀ ਹੋਰ ਵੱਧ ਸਕੇ।

ਪਿੱਛਲੇ ਦਿਨੀ ਪੰਜਾਬ ਦੇ ਮੁੱਖ ਮੰਤਰੀ ਸ੍ਰ: ਭਗਵੰਤ ਮਾਨ ਵੱਲੋਂ ਵਿਕਾਸ ਪ੍ਰੋਜੈਕਟਾਂ ਨੂੰ ਲੈ ਕੇ ਸੀਨੀਅਰ ਅਧਿਕਾਰੀਆਂ ਦੇ ਨਾਲ ਸਮੀਖਿਆ ਮੀਟਿੰਗ ਕੀਤੀ ਗਈ ਸੀ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਪੰਜਾਬ 'ਚ ਬਹੁਤ ਸਾਰੀਆਂ ਖ਼ੂਬਸੂਰਤ ਥਾਵਾਂ ਹਨ, ਜੋ ਸੈਰ-ਸਪਾਟੇ ਲਈ ਵੱਡਾ ਕੇਂਦਰ ਬਣ ਸਕਦੀਆਂ ਹਨ, ਜਿਸ ਦੀ ਸ਼ੁਰੂਆਤ ਉਨ੍ਹਾਂ ਵੱਲੋਂ ਰਣਜੀਤ ਸਾਗਰ ਡੈਮ ਦੇ ਵਿਕਾਸ ਪ੍ਰੋਜੈਕਟ ਤੋਂ ਕਰਨ ਦੀ ਗੱਲ ਕਹੀ ਸੀ ਜਿਸ ਨੂੰ ਮਿੰਨੀ ਆਇਰਲੈਂਡ ਵੀ ਕਿਹਾ ਜਾਂਦਾ ਹੈ। ਉਕਤ ਬਿਆਨ ਤਾਂ ਉਨ੍ਹਾਂ ਦਾ ਕਾਬਲੇ ਤਾਰੀਫ਼ ਹੈ ਪ੍ਰੰਤੂ ਉਕਤ ਡੈਮ ਦੀਆਂ ਦੋਵੇ ਕਲੋਨੀਆ ਦੀਆਂ ਮੁੱਖ ਸਮੱਸਿਆਵਾ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਕੇ ਡੈਮ ਮੁਲਾਜ਼ਮਾ ਦੀ ਸਾਰ ਲਈ ਜਾਵੇ।

# ਮੋਦੀ ਨੇ ਆਮ ਆਦਮੀ ਦੇ ਜੀਵਨ ਪੱਧਰ ਨੂੰ ਉਪਰ ਚੁੱਕਣ ਲਈ ਅਣਥੱਕ ਯਤਨ ਕੀਤੇ- ਮੀਨਾਕਸ਼ੀ ਲੇਖੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਇੱਕ ਇਤਿਹਾਸਕ ਬਦਲਾਅ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਜਿਨ੍ਹਾਂ ਨੇ ਹਰ ਆਮ ਆਦਮੀ ਤੱਕ ਪਹੁੰਚ ਬਣਾਉਣ ਲਈ ਵੱਖੋ ਵੱਖਰੀਆਂ ਪਾਲਿਸੀਆਂ ਦੇ ਮਾਧਿਅਮ ਰਾਹੀਂ ਦੂਰਅੰਦੇਸ਼ ਯਤਨ ਕੀਤੇ ਹਨ ਅਤੇ ਉਹ ਇਹ ਯਕੀਨੀ ਬਣਾਉਣ ਲਈ ਅਣਥੱਕ ਮਿਹਨਤ ਕਰ ਰਹੇ ਹਨ ਕਿ ਹਰ ਭਾਰਤੀ ਨੂੰ ਉਨ੍ਹਾਂ ਦੀ ਭਲਾਈ ਲਈ ਸਾਰੇ ਬੁਨਿਆਦੀ ਤੱਤ ਮਿਲਣ,ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੇਂਦਰੀ ਸੱਭਿਆਚਾਰ ਅਤੇ ਵਿਦੇਸ਼ ਰਾਜ ਮੰਤਰੀ ਸ਼੍ਰੀਮਤੀ ਮੀਨਾਕਸ਼ੀ ਲੇਖੀ ਨੇ ਕੀਤਾ। ਇਸ ਮੌਕੇ ਉਹ ਆਸਟ੍ਰੇਲੀਆ ਦੇ ਸ਼ਹਿਰ ਮੈਲਬੌਰਨ ਵਿਖੇ ਐਨ.ਆਈ.ਡੀ ਫਾਊਂਡੇਸ਼ਨ ਵੱਲੋਂ ਭਾਈਚਾਰਕ ਸਾਂਝ, ਸਦਭਾਵਨਾ ਅਤੇ ਸਮੂਹਿਕ ਤਰੱਕੀ ਨੂੰ ਸਮਰਪਿਤ ਕਰਦਿਆਂ ਕਰਵਾਏ 'ਵਿਸ਼ਵ ਸਦਭਾਵਨਾ' ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਸਮਾਗਮ ਦੌਰਾਨ ਸ਼੍ਰੀਮਤੀ ਲੇਖੀ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਆਧਾਰਿਤ ਦੋ ਪੁਸਤਕਾਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਘੁੰਢ ਚੁਕਾਈ ਕੀਤੀ ਗਈ।

ਸਮਾਗਮ ਦੌਰਾਨ ਆਸਟ੍ਰੇਲੀਆ ਦੀਆਂ ਪ੍ਰਮੁੱਖ ਸਖ਼ਸ਼ੀਅਤਾਂ ਤੋਂ ਇਲਾਵਾ ਉਘੇ ਪ੍ਰਵਾਸੀ ਭਾਰਤੀ ਉਚੇਚੇ ਤੌਰ 'ਤੇ ਹਾਜ਼ਰ ਸਨ, ਜਿਨ੍ਹਾਂ ਬੁੱਧੀਜੀਵੀ, ਉਦਮੀ, ਕਾਰਪੋਰੇਟ ਆਗੂ, ਸਿੱਖਿਆ ਸ਼ਾਸ਼ਤਰੀਆਂ ਦੇ ਨਾਮ ਸ਼ਾਮਲ ਹਨ। ਇਸ ਮੌਕੇ ਆਸਟਰੇਲੀਆ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਸ੍ਰੀ ਮਨਪ੍ਰੀਤ ਵੋਹਰਾ, ਆਸਟ੍ਰੇਲੀਆ ਦੇ ਸੰਸਦ ਮੈਂਬਰ ਜੂਲੀਅਨ ਹਿੱਲ, ਵਿਕਟੋਰੀਆ ਲਈ ਸੈਨੇਟਰ ਸ਼੍ਰੀਮਤੀ ਲਿੰਡਾ ਵ੍ਹਾਈਟ, ਵਿਦੇਸ਼ ਮਾਮਲਿਆਂ ਦੇ ਮਾਨਯੋਗ ਸਹਾਇਕ ਮੰਤਰੀ ਟਿਮ ਵਾਟਸ, ਵਰਕਪਲੇਸ ਸੇਫਟੀ ਲਈ ਮੰਤਰੀ ਸ੍ਰੀ ਇੰਗ੍ਰਿਡ ਸਟਿੱਟ, ਊਰਜਾ, ਵਾਤਾਵਰਣ ਅਤੇ ਜਲਵਾਯੂ ਪਰਿਵਰਤਨ ਮੰਤਰੀ ਮਿਸ ਲਿਲੀ ਡੀ'ਐਮਬਰੋਸੀਓ, ਆਸਟ੍ਰੇਲੀਆਈ ਰਾਜਨੀਤਿਕ ਆਗੂ ਲਿਡੀਆ ਅਰਗੋਨਡੀਜ਼ੋ, ਆਸਟ੍ਰੇਲੀਆਈ ਸੰਸਦ ਮੈਂਬਰ ਅਤੇ ਚੀਫ਼ ਗਵਰਨਮੈਂਟ ਵਿਹਪ ਸ਼੍ਰੀਮਤੀ ਜੋਨ ਰਿਆਨ, ਹਿਊਮ ਸਿਟੀ ਦੇ ਏਟਕੇਨ ਵਾਰਡ ਦੇ ਕੌਂਸਲਰ ਸ੍ਰੀ ਜੋਸਫ ਹਾਵਲ ਅਤੇ ਐਨ.ਆਈ.ਡੀ ਫਾਊਂਡੇਸ਼ਨ ਦੇ ਮੁੱਖ ਸਰਪ੍ਰਸਤ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਅਤੇ ਐਨ.ਆਈ.ਡੀ. ਫਾਊਂਡੇਸ਼ਨ ਦੀ ਸੰਸਥਾਪਕ ਪ੍ਰੋ. ਹਿਮਾਨੀ ਸੂਦ ਉਚੇਚੇ ਤੌਰ 'ਤੇ ਹਾਜ਼ਰ ਸਨ। ਆਸਟ੍ਰੇਲੀਆ ਦੇ ਉਘੇ ਬਿਜਨਸਮੈਨ ਰੁਪਿੰਦਰ ਸਿੰਘ ਬਰਾੜ ਅਤੇ ਸਰਬਜੋਤ ਸਿੰਘ ਢਿੱਲੋਂ ਨੇ ਸਮਾਗਮ ਦੇ ਸੰਚਾਲਨ 'ਚ ਅਹਿਮ ਭੂਮਿਕਾ ਨਿਭਾਈ।

ਇਸ ਮੌਕੇ ਗੱਲਬਾਤ ਕਰਦਿਆਂ ਕੇਂਦਰੀ ਰਾਜ ਮੰਤਰੀ ਮੀਨਾਕਸ਼ੀ ਲੇਖੀ ਨੇ ਕਿਹਾ ਕਿ ਦੇਸ਼ ਨੂੰ ਵਿਸ਼ਵ ਦੇ ਸਿਖਰ 'ਤੇ ਲਿਜਾਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰੂਪ 'ਚ ਯੋਗ ਲੀਡਰ ਮਿਲਿਆ ਹੈ।ਉਨ੍ਹਾਂ ਕਿਹਾ ਹਰ ਇੱਕ ਸਮੇਂ ਵਿੱਚ ਭਾਰਤ ਨੂੰ ਤਬਦੀਲੀ ਦੀ ਲੋੜ ਹੁੰਦੀ ਹੈ ਅਤੇ ਜੇਕਰ ਤੁਸੀਂ ਇਤਿਹਾਸ ਦਾ ਵਿਸ਼ਲੇਸ਼ਣ ਕਰੋ, ਤਾਂ ਤੁਹਾਨੂੰ ਪਤਾ ਲੱਗੇਗਾ ਕਿ ਕੋਈ ਮਹਾਨ ਵਿਅਕਤੀ ਆਉਂਦਾ ਹੈ ਅਤੇ ਲੋੜੀਂਦਾ ਬਦਲਾਅ ਲਿਆਉਂਦਾ ਹੈ। ਮਹਾਰਾਜਾ ਰਣਜੀਤ ਸਿੰਘ ਅਤੇ ਮਰਾਠਾ ਮਹਾਰਾਣੀ ਅਹਿਲਿਆ ਬਾਈ ਹੋਲਕਰ ਤੋਂ ਬਾਅਦ, ਜੇਕਰ ਕੋਈ ਇਹ ਵੱਡੀ ਤਬਦੀਲੀ ਲਿਆਉਣ ਦੇ ਸਮਰੱਥ ਹੈ, ਤਾਂ ਉਹ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਨ ਅਤੇ ਉਹ ਇਸ ਨੂੰ ਸਹੀ ਸਾਬਤ ਕਰ ਰਹੇ ਹਨ।



ਉਨ੍ਹਾਂ ਕਿਹਾ ਕਿ 1980 ਦੇ ਦਹਾਕੇ ਵਿੱਚ ਆਪਣੇ ਸ਼ੁਰੂਆਤੀ ਦਿਨਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਜਪਾ ਦੇ ਹੇਠਲੇ ਪੱਧਰ ਦੇ ਵਰਕਰ ਵਜੋਂ ਇਸ ਦੇਸ਼ ਦੇ ਲੋਕਾਂ ਬਾਰੇ ਬਹੁਤ ਜ਼ਿਆਦਾ ਸਮਝ ਪ੍ਰਾਪਤ ਕੀਤੀ ਹੈ।ਉਨ੍ਹਾਂ ਦੀਆਂ ਜ਼ਮੀਨੀ ਜੜ੍ਹਾਂ, ਉਨ੍ਹਾਂ ਦੀ ਹਮਦਰਦੀ ਅਤੇ ਦਿਆਲੂ ਆਤਮਾ ਅਤੇ ਦੂਰਅੰਦੇਸ਼ੀ ਦ੍ਰਿਸ਼ਟੀਕੋਣ ਨੇ ਇਹ ਯਕੀਨੀ ਬਣਾਇਆ ਕਿ ਉਹ ਇਸ ਦੇਸ਼ ਦੇ ਆਮ ਲੋਕਾਂ ਨੂੰ ਦਰਪੇਸ਼ ਬੁਨਿਆਦੀ ਸਮੱਸਿਆਵਾਂ ਨਾਲ ਸਬੰਧਤ ਹੋ ਸਕਦਾ ਹੈ। ਇਹੀ ਕਾਰਨ ਸੀ ਕਿ ਉਹ ਇਸ ਦੇਸ਼ ਵਿਚ ਲੋੜੀਂਦੀ ਤਬਦੀਲੀ ਲਿਆਉਣ ਵਿਚ ਕਾਮਯਾਬ ਹੋਏ।ਪਿਛਲੀਆਂ ਸਰਕਾਰਾਂ ਦੇ ਉਲਟ, ਉਸ ਨੂੰ ਇਹ ਸਮਝਣ ਵਿੱਚ 70 ਸਾਲ ਨਹੀਂ ਲੱਗੇ ਕਿ ਇਸ ਦੇਸ਼ ਦੇ ਆਮ ਨਾਗਰਿਕਾਂ ਨੂੰ ਪਖਾਨਿਆਂ ਦੀ ਲੋੜ ਹੈ ਅਤੇ ਉਨ੍ਹਾਂ ਦੇ ਰਿਕਾਰਡ ਸਮੇਂ ਵਿੱਚ 20 ਕਰੋੜ ਪਖਾਨੇ ਬਣਾਏ ਗਏ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਦਿੱਗਜ਼ ਅਰਥ ਸ਼ਾਸਤਰੀ ਰਹੇ ਹਨ, ਪਰ ਇਹ ਸਿਰਫ ਨਰਿੰਦਰ ਮੋਦੀ ਹੀ ਸੀ ਜਿਸ ਨੇ ਇਸ ਦੇਸ਼ ਦੇ ਗਰੀਬਾਂ ਨੂੰ ਰਸਮੀ ਅਰਥਵਿਵਸਥਾ ਵਿੱਚ ਸ਼ਾਮਲ ਕੀਤਾ, 4 ਮਹੀਨਿਆਂ ਵਿੱਚ 38 ਕਰੋੜ ਬੈਂਕ ਖਾਤੇ ਖੋਲ੍ਹੇ, ਜਦੋਂ ਕਿ ਪਿਛਲੇ 70 ਸਾਲਾਂ ਵਿੱਚ 12 ਕਰੋੜ ਖੋਲ੍ਹੇ ਗਏ ਸਨ।

ਪ੍ਰਧਾਨ ਮੰਤਰੀ ਮੋਦੀ ਦੇ ਘੱਟ ਗਿਣਤੀਆਂ ਖਾਸ ਕਰਕੇ ਸਿੱਖਾਂ ਪ੍ਰਤੀ ਪਿਆਰ ਦੀ ਗੱਲ ਕਰਦਿਆਂ ਸ੍ਰੀਮਤੀ ਲੇਖੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਪੰਜਾਬ ਲਈ ਭਾਜਪਾ ਦੇ ਜਨਰਲ ਸਕੱਤਰ ਵਜੋਂ ਸੇਵਾ ਨਿਭਾਉਂਦੇ ਹੋਏ ਇੱਕ ਸਿਆਸਤਦਾਨ ਵਜੋਂ ਆਪਣੇ ਸ਼ੁਰੂਆਤੀ ਦਿਨਾਂ ਤੋਂ ਹੀ ਸਿੱਖਾਂ ਅਤੇ ਪੰਜਾਬ ਦੇ ਬਹੁਤ ਨੇੜੇ ਰਹੇ ਹਨ। ਉਨ੍ਹਾਂ ਕਿਹਾ ਕਿ ਕਿ ਮੇਰੇ ਮੰਤਰਾਲੇ ਨੂੰ ਵੱਖ-ਵੱਖ ਸਿੱਖ ਸਮਾਰਕਾਂ ਵਿੱਚ ਪ੍ਰਸਾਦ ਸਕੀਮ ਦੇ ਤਹਿਤ ਵੱਖ-ਵੱਖ ਗੁਰਦੁਆਰਿਆਂ ਦੇ ਪੁਨਰ-ਉਥਾਨ, ਪੁਨਰ-ਨਿਰਮਾਣ ਅਤੇ ਪੁਨਰ ਨਿਰਮਾਣ ਲਈ ਪ੍ਰਧਾਨ ਮੰਤਰੀ ਦਫ਼ਤਰ ਤੋਂ ਸਿੱਧੇ ਆਦੇਸ਼ ਪ੍ਰਾਪਤ ਹੋਏ ਹਨ। ਚਾਹੇ ਉਹ ਸਿੱਖ ਟੂਰਿਸਟ ਸਰਕਟਾਂ 'ਤੇ ਕੰਮ ਹੋਵੇ ਜਿਸ ਵਿਚ 5 ਪਵਿੱਤਰ ਤਖ਼ਤਾਂ ਦੇ ਨਾਲ-ਨਾਲ ਦੂਜੇ ਸਰਕਟ ਆਨੰਦਪੁਰ ਸਾਹਿਬ, ਹਰਮਿੰਦਰ ਸਾਹਿਬ, ਫਤਹਿਗੜ੍ਹ ਸਾਹਿਬ ਅਤੇ ਬਠਿੰਡਾ ਨੂੰ ਜੋੜਨ ਵਾਲਾ ਕੰਮ ਹੋਵੇ ਜਾਂ ਪੰਜਾਬ ਵਿਚ ਹੁਸੈਨੀਵਾਲਾ ਵਿਖੇ ਰਾਸ਼ਟਰੀ ਸ਼ਹੀਦ ਸਮਾਰਕ ਦਾ ਕੰਮ ਹੋਵੇ।ਆਜ਼ਾਦੀ ਘੁਲਾਟੀਆਂ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ; 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਨੂੰ ਮੁਆਵਜ਼ਾ ਦੇਣਾ ਹੋਵੇ ਜਾਂ ਕਰਤਾਰਪੁਰ ਲਾਂਘਾ ਖੋਲ੍ਹਣਾ ਹੋਵੇ, ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਤੇ ਸਿੱਖਿਆਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ 15 ਹੋਰ ਭਾਸ਼ਾਵਾਂ ਵਿੱਚ ਗੁਰੂ ਨਾਨਕ ਬਾਣੀ ਦਾ ਅਨੁਵਾਦ ਹੋਵੇ ਜਾਂ ਪਾਕਿਸਤਾਨ ਵਿੱਚ ਸਿੱਖ ਵਿਰਸੇ ਦੀ ਰਾਖੀ ਹੋਵੇ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ 'ਹਿਬਜ਼ਾਦਿਆਂ ਦੀ ਯਾਦ ਵਿੱਚ 26 ਦਸੰਬਰ ਨੂੰ ਵੀਰ ਬਾਲ ਦਿਵਸ ਵਜੋਂ ਮਨਾਉਣ ਦਾ ਐਲਾਨ; ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਮਾਣਯੋਗ ਪ੍ਰਧਾਨ ਮੰਤਰੀ ਲਈ ਸਿੱਖਾਂ ਲਈ ਪਿਆਰ ਅਤੇ ਸਤਿਕਾਰ ਰਾਜਨੀਤੀ ਤੋਂ ਕਿਤੇ ਉੱਪਰ ਹੈ।

ਆਸਟ੍ਰੇਲੀਆ ਵਿੱਚ ਭਾਰਤੀ ਹਾਈ ਕਮਿਸ਼ਨਰ ਮਨਪ੍ਰੀਤ ਵੋਹਰਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਸਟ੍ਰੇਲੀਆ ਵਿੱਚ ਨਾ ਸਿਰਫ਼ ਭਾਰਤੀ ਪ੍ਰਵਾਸੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ, ਸਗੋਂ ਦੋਵਾਂ ਭਾਈਚਾਰਿਆਂ ਦਰਮਿਆਨ ਰਿਸ਼ਤਾ ਵੀ ਪਹਿਲਾਂ ਨਾਲੋਂ ਮਜ਼ਬੂਤ ਹੋਇਆ ਹੈ।ਉਨ੍ਹਾਂ ਕਿਹਾ ਕਿ ਆਸਟ੍ਰੇਲੀਆ 'ਚ ਭਾਰਤੀ ਡਾਇਸਪੋਰਾ, ਸਧਾਰਨ ਪਿਛੋਕੜ ਤੋਂ ਆਉਣ ਦੇ ਬਾਵਜੂਦ ਵੱਡੀ ਸਫਲਤਾ ਪ੍ਰਾਪਤ ਕਰਨ ਲਈ ਵਧਿਆ ਹੈ। ਆਸਟ੍ਰੇਲੀਆ ਲਈ ਉਹਨਾਂ ਦੇ ਯੋਗਦਾਨ ਨੂੰ ਸਮਾਜਿਕ, ਆਰਥਿਕ ਜਾਂ ਇੱਥੋਂ ਤੱਕ ਕਿ ਸੱਭਿਆਚਾਰਕ ਤੌਰ 'ਤੇ ਵੀ ਸਾਰਥਿਕ ਮੰਨਿਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਪ੍ਰਵਾਸੀ ਭਾਰਤੀਆਂ ਨੇ ਭਾਰਤ-ਆਸਟ੍ਰੇਲੀਆ ਸਬੰਧਾਂ ਨੂੰ ਇੱਕ ਨਵੇਂ ਪੱਧਰ 'ਤੇ ਲਿਜਾਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।ਉਨ੍ਹਾਂ ਭਾਰਤ ਦੇ 75ਵੇਂ ਸੁਤੰਤਰਤਾ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਆਜ਼ਾਦੀ ਦਿਵਸ ਭਾਰਤ-ਆਸਟ੍ਰੇਲੀਆ ਦੇ ਸੁਖਾਵੇਂ ਕੂਟਨੀਤਕ ਸਬੰਧਾਂ ਦੇ 75 ਸਾਲਾਂ ਨੂੰ ਵੀ ਦਰਸਾਉਂਦਾ ਹੈ। ਇਸ ਮੌਕੇ ਗੱਲਬਾਤ ਕਰਦਿਆਂ ਆਸਟ੍ਰੇਲੀਆ ਦੇ ਸੰਸਦ ਮੈਂਬਰ ਜੂਲੀਅਨ ਹਿੱਲ ਨੇ ਸਮਾਗਮ ਦੌਰਾਨ ਲਾਂਚ ਕੀਤੀਆਂ ਗਈਆਂ ਦੋਵਾਂ ਪੁਸਤਕਾਂ ਨੂੰ ਮਹੱਤਵਪੂਰਨ ਕਰਾਰ ਦਿੱਤਾ। ਦੋਵੇਂ ਪੁਸਤਕਾਂ ਸ਼੍ਰੀ ਨਰਿੰਦਰ ਮੋਦੀ ਅਤੇ ਭਾਰਤੀ ਲੋਕਾਂ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਦੀਆਂ ਹਨ, ਜੋ ਸਭ ਤੋਂ ਵੱਡਾ ਅਤੇ ਬਹੁ-ਸੱਭਿਆਚਾਰਕ ਲੋਕਤੰਤਰ ਹੈ।ਉਨ੍ਹਾਂ ਕਿਹਾ ਕਿ ਭਾਰਤੀ ਭਾਈਚਾਰੇ ਦੇ ਯੋਗਦਾਨ ਤੋਂ ਬਿਨਾਂ ਬਹੁ-ਸੱਭਿਆਚਾਰਕ ਆਸਟ੍ਰੇਲੀਆ ਦੀ ਕਲਪਨਾ ਕਰਨਾ ਅਸੰਭਵ ਹੈ। ਆਸਟ੍ਰੇਲੀਆ ਵਿਚ ਲਗਭਗ 7 ਲੱਖ ਭਾਰਤੀ ਰਹਿੰਦੇ ਹਨ ਜੋ ਕਿ ਆਸਟ੍ਰੇਲੀਆ ਦੇ ਹਿਸਾਬ ਨਾਲ ਵੱਡੀ ਗਿਣਤੀ ਹੈ। ਉਨ੍ਹਾਂ ਕਿਹਾ ਕਿ ਭਾਰਤੀਆਂ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਆਸਟ੍ਰੇਲੀਆ 'ਚ ਇੱਕ ਸਕਾਰਾਤਮਕ ਪ੍ਰਭਾਵ ਅਤੇ ਸੰਪਰਕ ਕਾਇਮ ਕੀਤਾ ਹੈ।ਸਿੱਖ ਭਾਈਚਾਰੇ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਅਤੇ ਸਿੱਖ ਵਲੰਟੀਅਰਾਂ ਨੇ ਵੱਖ-ਵੱਖ ਸਮਿਆਂ ਦੌਰਾਨ ਲੋੜਵੰਦਾਂ ਨੂੰ ਭੋਜਨ ਮੁਹੱਈਆ ਕਰਵਾਉਣ ਲਈ ਦੁਨੀਆਂ ਪੱਧਰ 'ਤੇ ਪ੍ਰਸ਼ੰਸਾ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮਿਆਂ ਵਿੱਚ ਭਾਰਤ ਆਸਟ੍ਰੇਲੀਆ ਰਾਸ਼ਟਰਮੰਡਲ ਅਤੇ ਕ੍ਰਿਕਟ ਦੇ ਖੇਤਰ 'ਚ ਆਪਸ 'ਚ ਜੁੜੇ ਹੋਏ ਸਨ, ਹੁਣ ਦੋਵੇਂ ਸੱਭਿਆਚਾਰਕ ਅਤੇ ਆਰਥਿਕ ਸਬੰਧ ਉੱਚ ਪੱਧਰ 'ਤੇ ਲਿਜਾਣ ਦੇ ਰਾਹ 'ਤੇ ਹਨ।

# ਯੂਰਪ ਹੀਟਵੇਵ ਦੀ ਲਪੇਟ ਵਿੱਚ ਕਿਉਂ?



Amarjit Chander

ਯੂਰਪ ਦੁਨੀਆਂ ਦਾ ਸਭ ਤੋਂ ਖੂਬਸੂਰਤ ਅਤੇ ਠੰਢੇ ਖੇਤਰਾਂ ਦੀ ਗਿਣਤੀ ਵਿੱਚ ਆਉਦਾ ਹੈ,ਇਸ ਲਈ ਇੱਥੇ ਹਰ ਕੋਈ ਸੁਹਾਵਣੇ ਮੌਸਮ ਦਾ ਇੰਤਜਾਰ ਕਰ ਰਿਹਾ ਹੈ।ਪਰ ਪੂਰੀ ਦੁਨੀਆ ਦੀ ਤਰ੍ਹਾਂ ਯੂਰਪ ਦਾ ਮੌਸਮ ਵੀ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ।ਯੂਰਪ ਦੇ ਸਭ ਤੋਂ ਠੰਢੇ ਜਲਵਾਯੂ ਵਾਲੇ ਦੇਸ਼ਾਂ ਵਿੱਚ ਹੀਟਵੇਵ ਭਾਵ 'ਲੂ' ਚਾਰੇ ਪਾਸੇ ਤਬਾਹੀ ਮਚਾ ਰਹੀ ਹੈ। ਸਵਿਟਜ਼ਰਲੈਂਡ ਵੀ ਹੁਣ ਗਰਮੀ ਦੀ ਲਪੇਟ ਤੋਂ ਅਛੂਤਾ ਨਹੀ ਰਿਹਾ,ਜਿੱਥੇ ਕੜਾਕੇ ਦੀ ਗਰਮੀ ਲੋਕਾਂ ਦਾ ਜਿਊਣਾ ਮੁਹਾਲ ਕਰ ਰਹੀ ਹੈ, ਜਿਆਦਾਤਰ ਯੂਰਪ ਇਸ ਸਮੇਂ ਭਿਆਨਕ ਗਰਮੀ ਦੀ ਲਪੇਟ ਵਿੱਚ ਹੈ। ਬਰਤਾਨੀਆ ਵਿੱਚ ਪਿੱਛਲੇ ਹਫਤੇ ਵੱਧ ਤੋਂ ਵੱਧ ਤਾਪਮਾਨ 40 ਡਿਗਰੀ ਨੂੰ ਪਾਰ ਕਰ ਗਿਆ ਸੀ,ਜਦ ਕਿ ਸਪੇਨ ਵਿੱਚ ਹੀਟਵੇਵ ਕਾਰਨ ਲੱਗੀ ਅੱਗ ਕਾਰਨ ਹਜ਼ਾਰਾਂ ਹੈਕਟੇਅਰ ਫ਼ਸਲ ਸੜ ਗਈ ਸੀ। ਮੌਸਮ ਵਿਗਿਆਨੀਆਂ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾ 'ਚ ਗਰਮੀ ਕਾਰਨ ਹਾਲਾਤ ਹੋਰ ਵਿਗੜ ਸਕਦੇ ਹਨ। ਇਸ ਹੀਟਵੇਵ ਦਾ ਸੱਭ ਤੋਂ ਮਾੜਾ ਅਸਰ ਬਜੁਰਗਾਂ ਅਤੇ ਬੀਮਾਰ ਲੋਕਾਂ 'ਤੇ ਪੈ ਸਕਦਾ,

ਵਿਗਿਆਨੀਆਂ ਦਾ ਮੰਨਣਾ ਹੈ ਕਿ ਯੂਰਪ ਦਾ ਇਕ ਹਿੱਸਾ ਸੋਕੇ ਦੀ ਮਾਰ ਹੇਠ ਹੈ। ਸਪੇਨ ਵਿੱਚ ਹੀਟਵੇਵ ਨੇ 500 ਤੋਂ ਵੱਧ ਲੋਕਾਂ ਦੀ ਜਾਨ ਲੈ ਲਈ ਹੈ।ਯੂਰਪ ਵਿੱਚ ਤੇਜ਼ ਗਰਮੀ ਦਾ ਕਾਰਨ ਅਫ਼ਰੀਕਾ ਦੀਆਂ ਦੱਖਣੀ ਗਰਮ ਹਵਾਵਾਂ ਹਨ, ਜੋ ਫ਼ਰਾਸ, ਪੁਰਤਗਾਲ ਅਤੇ ਸਪੇਨ ਦੇ ਲੋਕਾਂ 'ਤੇ ਤਬਾਹੀ ਮਚਾ ਰਹੀਆਂ ਹਨ। ਜਿਸ ਕਰਕੇ ਇਹ ਗਰਮੀਆਂ ਮੁਸ਼ਕਲ ਬਣ ਰਹੀਆਂ ਹਨ। ਉਦਯੋਗਿਕ ਯੁੱਗ ਦੇ ਮੁਕਾਬਲੇ ਸਾਡੀ ਧਰਤੀ ਹੁਣ ਇੱਕ ਡਿਗਰੀ ਸੈਲਸੀਅਸ ਤੋਂ ਵੱਧ ਗਰਮ ਹੋ ਗਈ ਹੈ। ਜੇਕਰ ਅਸੀ ਸੁਚੇਤ ਨਾ ਹੋਏ ਤਾਂ ਆਉਣ ਵਾਲੇ ਸਮੇਂ ਵਿੱਚ ਧਰਤੀ ਦਾ ਤਾਪਮਾਨ ਚਾਰ ਡਿਗਰੀ ਸੈਲਸੀਅਸ ਤੱਕ ਵੱਧ ਸਕਦਾ ਹੈ। ਇਸ ਲਈ ਜਲਵਾਯੂ ਪਰਿਵਰਤਨ 'ਤੇ ਚਿੰਤਾਂ ਜਾਹਿਰ ਕਰਦੇ ਹੋਏ ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੇ ਸਮੇਂ 'ਚ ਸਾਨੂੰ ਇਸ ਤੋਂ ਜਿਆਦਾ ਹੀਟਵੇਵ ਲਈ ਤਿਆਰ ਰਹਿਣਾ ਪਵੇਗਾ।

ਇਸ ਸਮੇਂ ਇੰਗਲੈਂਡ ਦਾ ਪਾਰਾ 40 ਡਿਗਰੀ ਤੋਂ ਉਪਰ ਪਹੁੰਚ ਗਿਆ ਹੈ,ਜਿੱਥੇ ਲੋਕ ਗਰਮੀ ਤੋਂ ਬਹੁਤ ਪ੍ਰੇਸ਼ਾਨ ਹਨ। ਵਿਗਿਆਨੀਆ ਦਾ ਮੰਨਣਾ ਹੈ ਕਿ ਇਸ ਲਈ ਜਲਵਾਯੂ ਤਬਦੀਲੀ ਜਿੰਮੇਵਾਰ ਹੈ। ਇਸ ਸਮ੍ਹੇਂ ਇੰਗਲੈਂਡ ਦੇ ਉਤਰ-ਪੱਛਮ ਵਿੱਚ 'ਮਾਰਸ਼' ਵੈਟਲੈਂਡ (ਦਲਦਲੀ ਜ਼ਮੀਨ) ਮਿੱਟੀ ਦੇ ਵੱਡੇ ਟੁਕੜਿਆ ਵਿੱਚ ਬਦਲ ਰਹੀ ਹੈ। ਜਲਵਾਯੂ ਪਰਿਵਰਤਨ ਟੀਮ ਦੇ ਵਿਗਿਆਨੀਆ ਦਾ ਮੰਨਣਾ ਹੈ ਕਿ ਜਿਸ ਤਰ੍ਹਾਂ ਹੀਟਵੇਵ ਦਲਦਲੀ ਜ਼ਮੀਨ ਨੂੰ ਤਬਾਹ ਕਰ ਰਹੀ ਹੈ,ਉਸ ਦਾ ਵਾਤਾਵਰਨ 'ਤੇ ਬੁਰਾ ਪ੍ਰਭਾਵ ਪਵੇਗਾ, ਜਿਸ ਤਰਾਂ ਮੌਸਮ ਵਿੱਚ ਬਦਲਾਓ ਦੇਖਣ ਨੂੰ ਮਿਲ ਰਿਹਾ ਹੈ। ਇਸ ਤੋਂ ਇਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਏਥੇ ਬਹੁਤ ਘੱਟ ਬਾਰਿਸ਼ ਹੋ ਰਹੀ ਹੈ। ਮਨੁੱਖ ਦੁਆਰਾ ਗ੍ਰੀਨਹਾਊਸ ਗੈਸਾ ਦੇ ਨਿਕਾਸ ਕਾਰਨ, ਧਰਤੀ ਪਹਿਲਾਂ ਹੀ 1,1 ਡਿਗਰੀ ਸੈਲਸੀਅਸ ਗਰਮ ਹੋ ਗਈ ਹੈ।ਇਸ ਲਈ ਵਿਸ਼ਵ ਦੇ ਤਾਪਮਾਨ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਇਟਲੀ ਦੇ ਰੋਮਨ ਸਮਰਾਟ 'ਨੀਰੋ' ਦੀ ਮਸ਼ਹੂਰ ਕਹਾਵਤ ਹੈ ਕਿ 'ਰੋਮ ਸੜ ਰਿਹਾ ਹੈ ਨੀਰੋ ਬੰਸਰੀ ਵਜਾ ਰਿਹਾ ਹੈ।' ਅੱਜ ਇਹ ਕਹਾਵਤ ਇਟਲੀ ਵਿੱਚ ਕਿਤੇ ਨਾ ਕਿਤੇ ਕੁਦਰਤੀ ਦ੍ਰਿਸ਼ਟੀਕੋਣ ਤੋਂ ਸੱਚ ਹੁੰਦੀ ਜਾਪਦੀ ਹੈ। ਇਟਲੀ ਦੀ ਇਤਿਹਾਸਕ 'ਟਾਈਬਰ' ਨਦੀ 'ਤੇ ਇਕ ਪੁਲ ਸੈਕੜੇ ਸਾਲ ਪਹਿਲਾਂ ਬਣਾਇਆ ਗਿਆ ਸੀ। ਜਿਸ ਦੇ ਪਿੱਲਰ ਆਮ ਤੌਰ 'ਤੇ ਪਾਣੀ ਵਿੱਚ ਛੁਪੇ ਹੋਏ ਸਨ। ਮਤਲਬ ਕਿ ਕਿਸੇ ਸਮੇਂ ਟਾਈਬਰ ਨਦੀ ਪਾਣੀ ਨਾਲ ਭਰੀ ਰਹਿੰਦੀ ਸੀ ਪਰ ਇਸ ਵਾਰ ਗਰਮੀ ਦਾ ਕਹਿਰ ਇਹੋ ਜਿਹਾ ਹੈ ਕਿ ਟਾਈਬਰ ਨਦੀ ਸੁੱਕਣ ਦੇ ਕਗਾਰ 'ਤੇ ਪਹੁੰਚ ਗਈ ਹੈ, ਮਤਲਬ ਕਿ ਇਟਲੀ ਵਿੱਚ ਸੋਕੇ ਵਰਗੇ ਹਾਲਾਤ ਪੈਦਾ ਹੋਣੇ ਸ਼ੁਰੂ ਹੋ ਗਏ ਹਨ।ਦੇਸ਼ ਦੇ ਉਤਰੀ ਹਿੱਸਿਆ ਵਿੱਚ ਫਸਲ ਦੀ ਪੈਦਾਵਾਰ ਅੱਧੀ ਰਹਿ ਜਾਣ ਦਾ ਅਨੁਮਾਨ ਹੈ। ਇਟਲੀ ਦੀ ਸੱਭ ਤੋਂ ਲੰਬੀ ਨਦੀ 'ਪੋ ਮੋਂਟੇ' ਵਿਸਨ ਦੀਆਂ ਪਹਾੜੀਆਂ ਵਿੱਚੋਂ ਨਿਕਲ ਕੇ 'ਅੰਦ੍ਰਿਆਸ' ਸਾਗਰ ਵਿੱਚ ਜਾ ਡਿੱਗਦੀ ਹੈ। ਮਤਲਬ ਕਿ ਜਿਵੇ ਭਾਰਤ ਵਿੱਚ ਗੰਗਾ ਨਦੀ ਉਤਰਾਖੰਡ ਵਿੱਚ ਗੰਗੋਤਰੀ ਵਿੱਚੋਂ ਨਿਕਲ ਕੇ ਬੰਗਾਲ ਦੀ ਖਾੜੀ ਵਿੱਚ ਜਾ ਡਿੱਗਦੀ ਹੈ। 'ਪੋ ਮੋਂਟੇ'ਨਦੀ 650 ਕਿਲੋਮੀਟਰ ਦੀ ਲੰਮੀ ਦੂਰੀ ਨੂੰ ਕਵਰ ਕਰਦੀ ਹੈ। ਜਿਸ ਨੂੰ ਇਟਲੀ ਦੇ ਉਤਰੀ ਮੈਦਾਨਾਂ ਦੀ ਜੀਵਨ ਰੇਖਾ ਕਿਹਾ ਜਾਂਦਾ ਹੈ।ਬਹੁਤੀ ਫ਼ਸਲ ਤਾਂ ਇਸ ਨਦੀ ਦੀ ਸਿੰਚਾਈ 'ਤੇ ਹੀ ਨਿਰਭਰ ਹੈ, ਪਰ ਅੱਜ ਕਲ ਇਹ ਨਦੀ ਪਿੱਛਲੇ 70 ਸਾਲਾਂ ਦੀ ਸਭ ਤੋਂ ਬੁਰੀ ਮਾਰ ਝੱਲ ਰਹੀ ਹੈ। ਯੂਰਪੀਅਨ ਸਪੇਸ ਏਜੰਸੀ ਨੇ ਆਪਣੇ ਕੈਪਰਨਿਕਸ ਸੈਟੀਨਲ-2 ਸੈਟੇਲਾਇਟ ਦੀ ਮਦਦ ਨਾਲ ਪਾਣੀ ਦੇ ਡਿੱਗਦੇ ਪੱਧਰ ਅਤੇ ਨਦੀ 'ਚ ਬਦਲਾਅ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ।ਉਹ ਦੱਸਦੀਆਂ ਹਨ ਕਿ ਜੂਨ 2020 ਅਤੇ ਜੂਨ 2022 ਵਿਚਕਾਰ ਨਦੀ ਕਿੰਨੀ ਸੁੰਗੜ ਗਈ ਹੈ। ਪੋ ਮੋਂਟੇ ਨਦੀ ਦਾ ਇਕ ਹਿੱਸਾ, ਜੋ ਹਮੇਸ਼ਾਂ ਪਾਣੀ ਨਾਲ ਭਰਿਆ ਰਹਿੰਦਾ ਸੀ,ਅੱਜ ਉਹ ਨਦੀ ਸੁੱਕੀ ਰੇਤ,ਕੰਕਰ ਅਤੇ ਪੱਥਰ ਬਣ ਗਈ ਹੈ। ਜਿਸ ਦੇ ਕਾਰਨ ਇਟਲੀ ਦੀ ਸੰਚਾਈ ਪ੍ਰਣਾਲੀ ਬੁਰੀ ਤਰਾਂ ਪ੍ਰਭਾਵਿਤ ਹੋਈ ਹੈ।ਭਾਵ ਲੋਕਾਂ ਦੀ ਆਰਥਿਕ ਹਾਲਤ 'ਤੇ ਵੀ ਇਸ ਦਾ ਅਸਰ ਦਿਖਾਈ ਦੇਣ ਲੱਗਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਪੋ ਮੋਂਟੇ ਨਦੀ ਦੇ ਸੁੱਕਣ ਕਾਰਨ ਇਟਲੀ ਦੀ ਫ਼ਸਲ ਦੀ ਪੈਦਾਵਾਰ 30 ਤੋਂ 40 ਫੀਸਦੀ ਤੱਕ ਘਟਣ ਦਾ ਅਨੁਮਾਨ ਹੈ। ਦੂਜੇ ਪਾਸੇ 'ਔਰਬਿਟਲ ਲਗੂਨ' ਝੀਲ ਦਾ ਪਾਣੀ ਇੰਨਾਂ ਗਰਮ ਹੋ ਗਿਆ ਹੈ ਕਿ ਜਿੰਨੇ ਵੀ ਜੀਵ ਜੰਤੂ ਹਨ ਸੱਭ ਖਤਰੇ 'ਚ ਹਨ।




ਇਟਲੀ ਦੀ ਰਾਜਧਾਨੀ ਆਪਣੀ ਕੁਦਰਤੀ ਸੁੰਦਰਤਾ ਦੀ ਸ਼ਾਨੋ-ਸ਼ੌਕਤ ਲਈ ਪੂਰੀ ਦੁਨੀਆ ਵਿੱਚ ਮਸ਼ਹੂਰ ਹੈ ਪਰ ਹੁਣ ਰੋਮ ਸ਼ਹਿਰ ਵਿੱਚ ਇੰਨੀ ਗਰਮੀ ਵਿੱਚ ਘੁੰਮਣਾ ਸਿੱਧੇ ਤੌਰ 'ਤੇ ਮੌਤ ਨੂੰ ਦਾਅਵਤ ਹੈ।ਇਸ ਤਰਾਂ ਯੂਰਪ ਦੇ ਹੋਰ ਦੇਸ਼ ਵੀ ਗਰਮੀ ਕਾਰਨ ਬੁਰੀ ਹਾਲਤ ਵਿੱਚ ਹਨ, ਖਾਸ ਕਰਕੇ ਫ਼ਰਾਸ,ਪੁਰਤਗਾਲ ਅਤੇ ਗਰੀਸ, ਸਾਲ 2003 ਵਿੱਚ ਵੀ ਅਜਿਹੀ ਭਿਆਨਕ ਗਰਮੀ ਪਈ ਸੀ, ਜਿਸ ਵਿੱਚ ਪੰਦਰਾਂ ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ। ਇਸ ਵਾਰ ਵੀ ਸਥਿਤੀ ਉਹੀ ਬਣੀ ਹੋਈ ਹੈ।ਭਾਰਤ ਵਾਂਗ ਇਥੇ ਵੀ ਇੰਨਾਂ ਦੇਸ਼ਾਂ ਵਿੱਚ ਗਰਮੀ ਦੇ ਰਿਕਾਰਡ ਟੁੱਟ ਰਹੇ ਹਨ।ਗ੍ਰੀਸ ਦਾ ਦੂਜਾ ਸਭ ਤੋਂ ਵੱਡਾ ਟਾਪੂ 'ਆਵੀਆ' ਵੀ ਇਸ ਭਿਆਨਕ ਗਰਮੀ ਦੀ ਲਪੇਟ 'ਚ ਆ ਗਿਆ ਹੈ। ਪਿਛਲੇ ਸਾਲ ਵੀ ਇਸ ਟਾਪੂ ਨੂੰ ਭਿਆਨਕ ਅੱਗ ਦਾ ਸਾਹਮਣਾ ਕਰਨਾ ਪਿਆ ਸੀ। ਉਦੋ ਦੋ ਹਫਤਿਆਂ ਵਿੱਚ ਹੀ 46,000 ਹੈਕਟੇਅਰ ਦਾ ਜੰਗਲ ਅੱਗ ਦੀ ਭੇਟ ਚੜ ਗਿਆ ਸੀ।


ਮੌਸਮ ਵਿਗਿਆਨੀਆ ਦਾ ਕਹਿਣਾ ਹੈ ਕਿ ਪਿਛਲੇ ਦੋ ਦਹਾਕਿਆਂ ਵਿੱਚ ਜਿਸ ਤਰਾਂ ਯੂਰਪ ਦਾ ਤਾਪਮਾਨ ਵਧਿਆ ਹੈ। ਉਸ ਦੇ ਪਿੱਛੇ ਵਾਤਾਵਰਨ ਦੇ ਪ੍ਰਤੀ ਲੋਕਾਂ ਦੀ ਲਾਪਰਵਾਹੀ ਦੇ ਨਾਲ ਨਾਲ ਕੁਦਰਤੀ ਸੋਮਿਆਂ ਦੀ ਬੇਲੋੜੀ ਵਰਤੋਂ ਕਿਤੇ ਨਾ ਕਿਤੇ ਸਮੱਸਿਆ ਬਣ ਰਹੀ ਹੈ। ਜੇਕਰ ਧਰਤੀ ਦਾ ਤਾਪਮਾਨ ਇਸੇ ਤਰ੍ਹਾਂ ਵਧਦਾ ਰਿਹਾ ਤਾਂ ਇਸ ਦੇ ਵਿਨਾਸ਼ਕਾਰੀ ਪ੍ਰਭਾਵ ਦੁਨੀਆ ਨੂੰ ਮੁਸੀਬਤ ਵਿੱਚ ਪਾ ਸਕਦੇ ਹਨ। ਕੋਰੋਨਾ ਦੇ ਸਮ੍ਹੇ ਵੀ ਜਿਸ ਤਰਾਂ ਬੇਮੌਸਮੀ ਹੜ੍ਹਾਂ ਅਤੇ ਤੁਫ਼ਾਨਾਂ ਦੇ ਵਾਧੇ ਨੇ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਸੀ, ਉਹ ਇਕ ਚਿਤਾਵਨੀ ਦੇ ਨਾਲ-ਨਾਲ ਦੁਨੀਆ ਨੂੰ ਸੁਚੇਤ ਰਹਿਣ ਦਾ ਸੁਨੇਹਾ ਵੀ ਦਿੰਦਾ ਹੈ ਕਿ ਜੇਕਰ ਮਨੁੱਖੀ ਸਮਾਜ ਹੁਣ ਵੀ ਨਾ ਸੰਭਲਿਆ ਤਾਂ ਮੌਸਮ ਦੇ ਗੰਭੀਰ ਸਿੱਟਿਆਂ ਦਾ ਸਾਹਮਣਾ ਕਰਨ ਲਈ ਤਿਆਰ ਰਹੇ।

ਇਸ ਲਈ ਦੁਨੀਆ ਦੇ ਇਕ ਹਿੱਸੇ ਵਿੱਚ ਵਾਤਾਵਰਨ ਦਾ ਭਾਰੀ ਨੁਕਸਾਨ ਹੋ ਰਿਹਾ ਹੈ ਅਤੇ ਧਰਤੀ ਦਾ ਲਗਾਤਾਰ ਵਧਣਾ ਜਲਵਾਯੂ ਤਬਦੀਲੀ ਨੂੰ ਰੋਕਣ ਲਈ ਇਕ ਵੱਡੀ ਚੁਣੌਤੀ ਬਣ ਰਿਹਾ ਹੈ। ਨਾਲ ਹੀ, ਇਸ ਨੂੰ ਰੋਕਣਾ ਸਾਰਿਆਂ ਦੀ ਜਿੰਮੇਵਾਰੀ ਹੈ। ਜੇਕਰ ਇਹ ਧਰਤੀ ਇਸੇ ਤਰਾਂ ਹੀ ਗਰਮ ਹੁੰਦੀ ਰਹੀ ਤਾਂ ਇਸ ਦਾ ਏਸ਼ੀਆ ਹੀ ਨਹੀ ਸਗੋਂ ਯੂਰਪ,ਅਫ਼ਰੀਕਾ ਅਤੇ ਅਮਰੀਕਾ ਦਾ ਪ੍ਰਭਾਵਿਤ ਹੋਣਾ ਲਗਭਗ ਤੈਅ ਹੈ। ਇਸ ਵਾਰ ਯੂਰਪ ਵਿੱਚ ਜਿਸ ਤਰਾਂ ਨਾਲ ਗਰਮੀ ਪੈ ਰਹੀ ਹੈ,ਉਸ ਨੇ ਸਾਬਤ ਕਰ ਦਿੱਤਾ ਹੈ ਕਿ ਜਲਵਾਯੂ ਤਬਦੀਲੀ ਨੂੰ ਰੋਕਣਾ ਕਿੰਨਾ ਜਰੂਰੀ ਹੈ।

# ਪੂਰਬ ਤੋਂ ਪੱਛਮ ਤੱਕ ਦਾ ਸਫ਼ਰ ਤਹਿ ਕਰਦੇ ਪੰਜਾਬੀਆਂ ਦੇ ਦੂਰਗਾਮੀ ਪ੍ਰਭਾਵਾਂ ਦੀ ਪੇਸ਼ਕਾਰੀ- ਲੇਖਕ ਸੁਰਿੰਦਰ ਸਿੰਘ ਸੀਰਤ ਦਾ ਕਹਾਣੀ ਸੰਗ੍ਰਹਿ 'ਪੂਰਬ ਪੱਛਮ ਤੇ ਪਰਵਾਸ'








**ਹੇਵਰਡ:** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਮਾਸਿਕ ਮਿਲਣੀ ਮਹਿਰਾਨ ਰੈਸਟੋਰੈਂਟ ਨਿਊਵਾਰਕ ਵਿਖੇ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਅਕੈਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਸੁਰਿੰਦਰ ਸੀਰਤ ਦਾ ਕਹਾਣੀ ਸੰਗ੍ਰਹਿ ਲੋਕ ਅਰਪਣ ਕੀਤਾ ਗਿਆ। ਮਿਲਣੀ ਦੇ ਅਰੰਭ ਵਿਚ ਜਨਰਲ ਸਕੱਤਰ ਕੁਲਵਿੰਦਰ ਨੇ ਸਭ ਨੂੰ ਜੀਅ ਆਇਆਂ ਕਹਿੰਦੇ ਹੋਏ ਪੰਜਾਬੀ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਰਜੇਸ਼ ਸ਼ਰਮਾ, ਡਾ. ਸੁਖਵਿੰਦਰ ਕੰਬੋਜ ਅਤੇ ਪ੍ਰੋ. ਸੁਰਿੰਦਰ ਸਿੰਘ ਸੀਰਤ ਨੂੰ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਕੀਤਾ। ਇਸ ਉਪਰੰਤ ਸੁਰਜੀਤ ਸਖੀ ਨੇ ਡਾ. ਪੁਸ਼ਪਿੰਦਰ ਕੌਰ ਖਾਲਸਾ ਕਾਲਜ ਪਟਿਆਲਾ ਦਾ ਲਿਖਿਆ ਪਰਚਾ ਭਾਵ ਪੂਰਤ ਢੰਗ ਨਾ਼ਲ ਪੜ੍ਹਿਆ। ਡਾ. ਪੁਸ਼ਪਿੰਦਰ ਕੌਰ ਦੇ ਪਰਚੇ ਅਨੁਸਾਰ ਪ੍ਰੋ. ਸੁਰਿੰਦਰ ਸਿੰਘ ਸੀਰਤ ਇਕ ਚਰਚਿਤ ਗ਼ਜ਼ਲਕਾਰ ਹੈ। ਪੰਜਾਬੀ ਸਾਹਿਤ ਵਿੱਚ ਉਸਦਾ ਨਾਵਲ 'ਭਰਮ ਭੁੱਲਈਆਂ' ਵਿਲੱਖਣ ਸਥਾਨ ਰੱਖਦਾ ਹੈ। 'ਪੂਰਬ, ਪੱਛਮ ਤੇ ਪਰਵਾਸ' ਉਸ ਦਾ ਨਵ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ ਹੈ। ਇਸ ਵਿਚ ਦਰਜ 11 ਕਹਾਣੀਆਂ ਅਤੇ 9 ਮਿੰਨੀ ਕਹਾਣੀਆਂ ਦੇ ਸ਼ੇਡਜ਼ ਬਿਲਕੁਲ ਵੱਖਰੇ ਹਨ। ਇਹ ਕਹਾਣੀਆਂ ਪੂਰਬ ਤੋਂ ਪੱਛਮ ਅਤੇ ਪੱਛਮ ਤੋਂ ਪੂਰਬ ਤੱਕ ਦਾ ਸਫ਼ਰ ਤਹਿ ਕਰਦੇ ਪੰਜਾਬੀਆਂ ਦੇ ਦੂਰਗਾਮੀ ਪ੍ਰਭਾਵਾਂ ਦੀ ਪੇਸ਼ਕਾਰੀ ਹਨ। ਡਾ. ਪੁਸ਼ਪਿੰਦਰ ਇਸ ਮੌਕੇ ਫੇਸ ਟਾਈਮ ਰਾਹੀਂ ਹਾਜ਼ਰ ਹੋਏ। ਦੂਜਾ ਪਰਚਾ ਜੰਮੂ ਕਸ਼ਮੀਰ ਤੋਂ ਰਤਨ ਸਿੰਘ ਕੰਵਲ (ਨਾਵਲਿਸਟ) ਦਾ ਲਿਖਿਆ ਹੋਇਆ ਸੀ। ਇਸ ਪਰਚੇ ਨੂੰ ਸੀਨੀਅਰ ਲੇਖਕ ਚਰਨਜੀਤ ਸਿੰਘ ਪੰਨੂੰ ਨੇ ਪ੍ਰਭਾਵਸ਼ਾਲੀ ਢੰਗ ਨਾ਼ਲ ਪੜ੍ਹਿਆ। ਇਸ ਪਰਚੇ ਮੁਤਾਬਿਕ ਸਾਰੀਆਂ ਕਹਾਣੀਆਂ ਪਾਠਕ ਨੂੰ ਕਿਸੇ ਨਾ ਕਿਸੇ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਕਰਦੀਆਂ ਹਨ। ਕਹਾਣੀਕਾਰ ਦੀ ਸ਼ੈਲੀ ਨਿਵੇਕਲੀ ਹੈ।

ਇਨ੍ਹਾਂ ਕਹਾਣੀਆਂ ਵਿੱਚ ਪਰਵਾਸੀ ਜੀਵਨ ਦੀਆਂ ਸੰਗਤੀਆਂ ਵਿਸੰਗਤੀਆਂ, ਬੇਗਾਨਗੀ, ਜਿਨਸੀ ਤੇ ਨਸਲੀ ਵਿਤਕਰੇ, ਵਿਗੋਚਾ, ਸੱਭਿਆਚਾਰ ਟਕਰਾਓ, ਪੀੜ੍ਹੀ ਪਾੜਾ, ਪਛਾਣ ਪਰਵਾਹ ਅਤੇ ਹੋਰ ਨਵੀਨ ਵਿਸ਼ੇ ਸ਼ਾਮਿਲ ਹਨ। ਕਹਾਣੀ ਸੰਗ੍ਰਹਿ ਦਾ ਨਾਂ ਹੀ ਕਹਾਣੀ ਵਸਤੂ ਵੱਲ ਇਸ਼ਾਰਾ ਕਰਦਾ ਹੈ ਅਤੇ ਪੜ੍ਹਨ, ਜਾਣਨ ਲਈ ਉਤਸੁਕਤ ਕਰ ਦਿੰਦਾ ਹੈ। ਚਰਨਜੀਤ ਸਿੰਘ ਪੰਨੂੰ ਨੇ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਕਿਹਾ ਕਿ ਇਨ੍ਹਾਂ ਕਹਾਣੀਆਂ ਦੇ ਪਤਾਰ ਪੂਰਬ ਪੱਛਮ ਤੇ ਪਰਵਾਸ ਰਾਹੀਂ ਪਾਕਿਸਤਾਨੀ ਵਿਰਸੇ ਨਾ਼ਲ ਲਗਾਓ ਰੱਖਦੇ ਪ੍ਰਤੀਤ ਹੁੰਦੇ ਹਨ। ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਪ੍ਰੋ. ਸੁਰਿੰਦਰ ਸਿੰਘ ਸੀਰਤ ਇਕ ਸਰਬਾਂਗੀ ਲੇਖਕ ਹੈ, ਇਸਨੇ ਗ਼ਜ਼ਲ, ਕਵਿਤਾ ਅਤੇ ਨਾਵਲ ਤੋਂ ਬਾਅਦ ਇਸ ਕਹਾਣੀ ਸੰਗ੍ਰਹਿ ਨਾ਼ਲ ਪੰਜਾਬੀ ਸਾਹਿਤ ਦੇ ਬੂਹੇ ਦਸਤਕ ਦਿੱਤੀ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਮਨੁੱਖੀ ਮਨ ਦੀਆਂ ਕਹਾਣੀਆਂ ਹਨ। ਇਨ੍ਹਾਂ ਵਿੱਚ ਸਮਾਜਿਕ ਰਿਸ਼ਤਿਆਂ ਦੀ ਮੁੱਲਵਾਨ ਦ੍ਰਿਸ਼ਟੀ ਹਮੇਸ਼ਾਂ ਕਾਇਮ ਰਹਿੰਦੀ ਹੈ। ਜੀਵਨ ਮੁੱਲਾਂ ਤੇ ਭੇੜ ਦਾ ਦਵੰਦ ਵਾਰ-ਵਾਰ ਪ੍ਰਗਟ ਹੁੰਦਾ ਹੈ। 'ਅਪਾਹਜ ਕੌਣ' ਇਕ ਵਿਅੰਗਮਈ ਕਹਾਣੀ ਹੈ। ਇਸੇ ਤਰ੍ਹਾਂ 'ਮਰੇ ਬੰਦੇ ਦੀ ਕਹਾਣੀ' ਸਥਿਤੀ ਉੱਪਰ ਵਿਅੰਗ ਹੈ। 'ਚੈਸ ਦੀ ਖੇਡ' ਮਨੁੱਖੀ ਮਨ ਦੇ ਮੂਲ ਪ੍ਰਸ਼ਨਾਂ ਨੂੰ ਮੁਖਾਤਿਬ ਹੈ। ਅਮਰਜੀਤ ਪੰਨੂ ਨੇ 'ਮਖੌਟੇ' ਕਹਾਣੀ ਦੀ ਭਰਵੀਂ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਬਹੁਤ ਦਿਲਚਸਪ ਕਹਾਣੀ ਹੈ ਅਤੇ ਬਨਾਵਟੀ ਚਿਹਰਿਆਂ ਨੂੰ ਪ੍ਰਗਟਾਉਂਦੀ ਹੈ। 'ਪੱਗ' ਕਹਾਣੀ 1984 ਦੇ ਘੱਲੂਕਾਰੇ ਤੇ ਦਿੱਲੀ ਦੇ ਕਤਲੇਆਮ ਦੀ ਗੱਲ ਹੈ। ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਪ੍ਰੋ. ਸੀਰਤ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅੱਜ ਦੇ ਪ੍ਰੋਗਰਾਮ ਵਿਚ ਕਹਾਣੀਆਂ 'ਤੇ ਖੁੱਲ ਕੇ ਹੋਈ ਵਿਚਾਰ ਚਰਚਾ ਤੋਂ ਉਹ ਪ੍ਰਭਾਵਿਤ ਹੋਏ ਹਨ। ਅੰਤ ਵਿਚ ਡਾ. ਰਜੇਸ਼ ਸ਼ਰਮਾ ਨੇ ਪ੍ਰੋਗਰਾਮ ਦੀ ਸਮੀਖਿਆ ਕਰਦੇ ਹੋਏ ਕਿਹਾ ਕਿ ਇਨ੍ਹਾਂ ਕਹਾਣੀਆਂ ਵਿੱਚ ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਤਜ਼ਰਬੇ ਕੀਤੇ ਹਨ ਅਤੇ ਉਸਦੇ ਤਜ਼ਰਬੇ ਸਫ਼ਲ ਹੋਏ ਹਨ।' ਮਰੇ ਬੰਦੇ ਦੀ ਕਹਾਣੀ' ਇਸ ਸੰਦਰਭ ਵਿੱਚ ਵਿਚਾਰਯੋਗ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰੋ. ਸੀਰਤ ਦੀਆਂ ਕਹਾਣੀਆਂ ਵਿੱਚ ਜਜ਼ਬੇ ਦੇ ਸਿਖਰ ਦਾ ਅੰਤ ਹੈ। ਅਕੈਡਮੀ ਵਲੋਂ ਡਾ. ਰਜੇਸ਼ ਸ਼ਰਮਾ ਦਾ ਸਨਮਾਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਕੁਲਵਿੰਦਰ ਬਾਖੂਬੀ ਕੀਤਾ।

**ਰਿਪੋਰਟ: ਲਾਜ ਨੀਲਮ ਸੈਣੀ**
**510-502-0551**
**ਸਹਾਇਕ ਸਕੱਤਰ (ਵਿਪਸਾ)**

# ਭਾਰਤੀ ਗੌਰਵ ਦੇ ਪ੍ਰਤੀਕ: ਤੀਨਮੂਰਤੀ, ਅਸ਼ੋਕ ਚੱਕਰ, ਰਾਸ਼ਟਰੀ ਝੰਡਾ, ਸੰਸਦ ਤੇ ਰਾਸ਼ਟਰਪਤੀ ਭਵਨ

ਪਿੱਛਲੇ ਦਿਨੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਦੇ ਨਵੇ ਬਣ ਰਹੇ ਸੰਸਦ ਭਵਨ ਦੀ ਛੱਤ ਉਤੇ 20 ਫੁੱਟ ਉਚੇ ਰਾਸ਼ਟਰੀ ਪ੍ਰਤੀਕ ਅਸ਼ੋਕ ਸਤੰਭ ਦਾ ਉਦਘਾਟਨ ਕੀਤਾ। ਕਾਂਸੇ ਦੇ ਬਣੇ ਇਸ ਅਸ਼ੋਕ ਸਤੰਭ ਦਾ ਭਾਰ 9500 ਕਿਲੋਗ੍ਰਾਮ ਹੈ ਅਤੇ ਇਸ ਦੀ ਬਣਤਰ ਲਈ 6500 ਕਿਲੋ ਸਟੀਲ ਦਾ ਢਾਂਚਾ ਤਿਆਰ ਕੀਤਾ ਗਿਆ ਸੀ। ਇਸ ਸਤੰਭ ਦਾ ਨਿਰਵਾਣ 8 ਪੜਾਵਾਂ ਵਿਚ ਪੂਰਾ ਹੋਇਆ। ਸਤੰਭ ਨੂੰ 180 ਹਿੱਸਿਆ 'ਚ ਤਿਆਰ ਕਰਨ ਉਪਰੰਤ ਛੱਤ ਉਤੇ ਲਿਜਾਕੇ ਇਕੱਠਾ ਕਰਕੇ ਸਥਾਪਤ ਕਰਨ ਲਈ ਕਰੀਬ 2 ਮਹੀਨੇ ਦਾ ਸਮਾਂ ਲੱਗਾ। ਸਮੁੱਚੇ ਸੰਸਦ ਭਵਨ ਉਤੇ 1200 ਕਰੋੜ ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਲੋਕ ਸਭਾ ਦੇ ਸਪੀਕਰ ਓਮ ਬਿਰਲਾ ਅਨੁਸਾਰ ਸੰਸਦ ਭਵਨ ਦੇ ਨਿਰਵਾਣ ਦਾ ਕੰਮ ਨਿਸਚਿਤ ਸਮੇਂ ਅਨੁਸਾਰ ਹੀ ਚਲ ਰਿਹਾ ਹੈ ਅਤੇ ਅਕਤੂਬਰ ਤਕ ਇਹ ਤਿਆਰ ਹੋ ਜਾਵੇਗਾ। ਉਹਨਾ ਕਿਹਾ ਕਿ ਉਮੀਦ ਹੈ ਕਿ ਸੰਸਦ ਦਾ ਅਗਲਾ ਸਰਦ ਰੁੱਤ ਦਾ ਇਜ਼ਲਾਸ ਸੰਸਦ ਦੀ ਇਸ ਨਵੀਂ ਇਮਾਰਤ 'ਚ ਹੋਵੇਗਾ।

ਦੇਸ਼ ਦਾ ਇਹ ਰਾਸ਼ਟਰੀ ਚਿੰਨ ਅਸ਼ੋਕ ਸਤੰਭ ਤਿੰਨ ਸ਼ੇਰਾਂ ਵਾਲੀ ਮੂਰਤੀ ਹੈ। ਇਹ ਤਿੰਨ ਸ਼ੇਰਾਂ ਵਾਲੀ ਮੂਰਤੀ ਮਹਾਨ ਬੋਧ ਸਮਰਾਟ ਅਸ਼ੋਕ ਦੇ ਸਾਰਨਾਥ ਵਾਲੇ ਸਤੰਭ ਤੋਂ ਲਈ ਗਈ ਹੈ। ਅਸ਼ੋਕ ਦੀ ਲਾਟ ਦੇ ਇਹ ਚਾਰ ਸ਼ੇਰ ਅਤੇ ਧੰਮ ਚੱਕਰ ਨੂੰ ਰਾਜ ਭਾਵ ਸਟੇਟ ਦਾ ਪ੍ਰਤੀਕ ਬਣਾਇਆ ਗਿਆ ਹੈ। ਇਹ ਰਾਸ਼ਟਰੀ ਚਿੰਨ੍ਹ ਅਸ਼ੋਕ ਸਤੰਭ ਦੇਸ਼ ਦੀ ਕਰੰਸੀ ਨੋਟਾਂ ਅਤੇ ਸਿੱਕਿਆਂ ਉਤੇ ਵੀ ਹੈ। ਇਹ ਰਾਸ਼ਟਰੀ ਚਿੰਨ੍ਹ ਕੇਂਦਰ ਸਰਕਾਰ ਦੀਆਂ ਪੁਸਤਕਾਂ ਅਤੇ ਕਾਗਜਾਂ ਉਤੇ ਵੀ ਬਣਿਆ ਹੁੰਦਾ ਹੈ। ਜੇਕਰ ਮੂਰਤੀ ਨੂੰ ਧਿਆਨ ਨਾਲ ਦੇਖੋ ਤਾਂ ਇਸ ਮੂਰਤੀ ਦੇ ਸ਼ੇਰ ਚਾਰ ਹੀ ਹਨ, ਪਰ ਸਿੱਕਿਆਂ ਤੇ ਨੋਟਾਂ ਉੱਪਰ ਸਾਨੂੰ ਤਿੰਨ ਸ਼ੇਰ ਹੀ ਦਿਖਾਈ ਦਿੰਦੇ ਹਨ। ਚੌਥਾ ਸ਼ੇਰ ਪਿਛਲੇ ਪਾਸੇ ਹੈ। ਸ਼ੇਰ ਸਾਡੇ ਸੰਯਮ ਅਤੇ ਤਾਕਤ ਦਾ ਪ੍ਰਤੀਕ ਹੈ। ਤਿੰਨ ਸ਼ੇਰਾਂ ਵਾਲੀ ਇਸ ਮੂਰਤੀ ਦੇ ਚਿੰਨ੍ਹ ਨੂੰ ਸੰਵਿਧਾਨ ਸਭਾ ਨੇ 26 ਜਨਵਰੀ 1950 ਨੂੰ ਰਾਸ਼ਟਰੀ ਚਿੰਨ੍ਹ ਦੇ ਰੂਪ ਵਿੱਚ ਸਵੀਕਾਰ ਕੀਤਾ ਹੈ।

**ਅਸ਼ੋਕ ਚੱਕਰ**

ਸ਼ੇਰਾਂ ਦੇ ਹੇਠਾਂ ਇੱਕ ਚੱਕਰ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਇਹ ਉਹੀ ਚੱਕਰ ਹੈ ਜੋ ਰਾਸ਼ਟਰੀ ਝੰਡੇ ਦੀ ਸਫੈਦ ਪੱਟੀ ਵਿੱਚ ਨੀਲੇ ਰੰਗ ਦਾ ਬਣਿਆ ਹੋਇਆ ਹੈ। ਚੱਕਰ ਦੇ ਖੱਬੇ ਪਾਸੇ ਘੋੜਾ ਹੈ ਅਤੇ ਸੱਜੇ ਪਾਸੇ ਇੱਕ ਬੈਲ ਹੈ। ਬੈਲ ਮਿਹਨਤ ਤੇ ਧੀਰਜ ਦਾ ਪ੍ਰਤੀਕ ਹੈ ਅਤੇ ਘੋੜਾ ਬਹਾਦਰੀ ਅਤੇ ਉਮੰਗ ਦਾ ਪ੍ਰਤੀਕ ਹੈ। ਰਾਸ਼ਟਰੀ ਚਿੰਨ੍ਹ ਦੇ ਸਭ ਤੋਂ ਹੇਠਾ 'ਸੱਤਯਮੇਵ ਜਯਤੇ' ਲਿਖਿਆ ਹੈ, ਜਿਸ ਦਾ ਭਾਵ ਹੈ ਕਿ ਸੱਚਾਈ ਦੀ ਜਿੱਤ ਹੁੰਦੀ ਹੈ। ਨੋਟਾਂ ਅਤੇ ਸਿੱਕਿਆਂ ਉੱਤੇ ਤਿੰਨ ਸ਼ੇਰਾਂ ਦੀ ਤਸਵੀਰ ਦੇ ਸੱਜੇ ਖੱਬੇ ਦੇ ਨਿਸ਼ਾਨ ਸਾਨੂੰ ਕੌਮੀ ਏਕਤਾ ਅਤੇ ਕੌਮੀ ਆਦਰਸ਼ਾਂ ਦੀ ਯਾਦ ਦਿਵਾਉਂਦੇਹਨ। ਇਹ ਸਾਰੇ ਨਿਸ਼ਾਨ ਸਭਿਆਚਾਰਕ ਵਿਰਸੇ ਦੇ ਪੁਰਾਤਨ ਇਤਿਹਾਸ 'ਚੋਂ ਲਏ ਗਏ ਹਨ। ਇਹਨਾਂ ਨਾਲ ਸਾਡੇ ਦੇਸ਼ ਦੀ ਮਹਾਨਤਾ ਤੇ ਗੌਰਵ ਦਾ ਇਤਿਹਾਸ ਜੁੜਿਆ ਹੋਇਆ ਹੈ। ਅੱਜ ਰਾਸ਼ਟਰਪਤੀ ਭਵਨ ਦੇ ਅਸ਼ੋਕਾ ਹਾਲ ਵਿੱਚ ਹੀ ਪ੍ਰਧਾਨ ਮੰਤਰੀ ਅਤੇ ਸਭ ਮੰਤਰੀ ਸੁੰਹ ਚੁੱਕਦੇ ਹਨ।

**ਰਾਸ਼ਟਰੀ ਝੰਡਾ**

15 ਅਗਸਤ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਅਤੇ 26 ਜਨਵਰੀ ਨੂੰ ਦੇਸ਼ ਦੇ ਰਾਸ਼ਟਰਪਤੀ ਦਿੱਲੀ ਦੇ ਲਾਲ ਕਿਲੇ 'ਤੇ ਰਾਸ਼ਟਰੀ ਝੰਡੇ ਨੂੰ ਬਹੁਤ ਸਤਿਕਾਰ ਨਾਲ ਲਹਿਰਾਉਂਦੇ ਹਨ। ਸਕੂਲਾਂ, ਕਾਲਜਾਂ ਵਿੱਚ ਵੀ ਇਹਨਾਂ ਰਾਸ਼ਟਰੀ ਦਿਨਾਂ ਤੇ ਰਾਸ਼ਟਰੀ ਝੰਡਾ ਲਹਿਰਾਇਆ ਜਾਂਦਾ ਹੈ। ਰਾਸ਼ਟਰੀ ਝੰਡਾ ਕਿਵੇਂ ਹੋਂਦ 'ਚ ਆਇਆ? ਇਸ ਦਾ ਇਤਿਹਾਸ ਵੀ ਕਾਬਲੇ ਗੌਰ ਹੈ। 29 ਅਗਸਤ 1946 ਨੂੰ ਸੰਵਿਧਾਨ ਸਭਾ ਨੇ ਇੱਕ ਖਰੜਾ ਕਮੇਟੀ ਨਿਯੁਕਤ ਕੀਤੀ ਜਿਸ ਵਿੱਚ ਐਨ ਮਾਧਵ ਰਾਓ, ਸਈਅਦ ਐਮ ਸਾਦੁੱਲਾ, ਸਰ ਅੱਲਾਦੀ ਕ੍ਰਿਸ਼ਨਮਚਾਰੀ, ਟੀ. ਵੀ. ਕ੍ਰਿਸ਼ਨਮਚਾਰੀ, ਬੀ. ਐਲ. ਮਿੱਤਰ (6) ਡੀ.ਪੀ. ਖੇਤਨ ਮੈਂਬਰ ਚੁਣੇ ਗਏ ਅਤੇ 30 ਅਗਸਤ 1947 ਨੂੰ ਡਾ. ਅੰਬੇਡਕਰ ਨੂੰ ਮਸੌਦਾ ਕਮੇਟੀ (ਡਰਾਫਟਿੰਗ ਕਮੇਟੀ) ਦਾ ਚੇਅਰਮੈਨ ਚੁਣ ਲਿਆ ਗਿਆ।

ਐਸ ਐਲ ਵਿਰਦੀ ਐਡਵੋਕੇਟ 91-98145 17499

ਸੰਵਿਧਾਨ ਸਭਾ ਨੇ ਖਰੜਾ ਕਮੇਟੀ ਤੋਂ ਇਲਾਵਾ 22 ਹੋਰ ਉਪ-ਕਮੇਟੀਆਂ ਵੀ ਬਣਾਈਆ। ਡਾ. ਅੰਬੇਡਕਰ ਨੂੰ ਝੰਡਾ ਕਮੇਟੀ ਦਾ ਮੈਂਬਰ ਵੀ ਬਣਾਇਆ ਗਿਆ। ਜਦ ਰਾਸ਼ਟਰੀ ਝੰਡੇ ਦਾ ਨਿਰਮਾਣ ਹੋ ਰਿਹਾ ਸੀ ਤਾਂ ਡਾ. ਅੰਬੇਡਕਰ 3 ਜੁਲਾਈ 1947 ਨੂੰ ਜਦ ਬੰਬਈ ਆਏ ਹੋਏ ਸੀ ਤਾਂ ਮਰਾਠਾ ਅਤੇ ਹਿੰਦੂ ਮਹਾਂ ਸਭਾ ਦੇ ਨੇਤਾ ਉਹਨਾਂ ਨੂੰ ਮਿਲੇ ਤੇ ਬੇਨਤੀ ਕੀਤੀ ਕਿ ਉਹ ਭਾਰਤ ਦੇ ਰਾਸ਼ਟਰੀ ਝੰਡੇ ਵਿੱਚ ਗੇਰੂਆ ਰੰਗ ਨੂੰ ਜ਼ਰੂਰ ਮਹੱਤਵ ਦਿਵਾਉਣ। ਡਾ. ਅੰਬੇਡਕਰ ਨੇ ਉਹਨਾਂ ਨੂੰ ਕਿਹਾ ਕਿ ਕੋਈ ਵਿਰੋਧ ਪੈਦਾ ਨਾ ਹੋਇਆ ਤਾਂ ਝੰਡੇ ਵਿੱਚ ਗੇਰੂਆ ਰੰਗ ਨੂੰ ਜ਼ਰੂਰ ਸਥਾਨ ਮਿਲੇਗਾ। ਸਿੱਖ ਆਗੂਆਂ ਨੇ ਕਿਹਾ ਕਿ ਸਾਡਾ ਰੰਗ ਕੇਸਰੀ ਹੈ। ਮੁਸਲਮਾਨਾਂ ਨੇ ਕਿਹਾ ਕਿ ਸਾਡਾ ਰੰਗ ਹਰਾ ਹੈ। ਇਸਾਈਆਂ ਨੇ ਕਿਹਾ ਕਿ ਸਾਡਾ ਰੰਗ ਸਫੈਦ ਹੈ।



ਸੰਵਿਧਾਨ ਸਭਾ ਤੇ ਡਾ. ਅੰਬੇਡਕਰ ਨੇ ਰਾਸ਼ਟਰੀ ਝੰਡੇ ਵਿੱਚ ਭਾਰਤ ਦੀਆਂ ਉਹਨਾਂ ਕਦਰਾਂ-ਕੀਮਤਾਂ ਨੂੰ ਸਥਾਨ ਦਿਵਾਉਣ ਦੀ ਕੋਸ਼ਿਸ਼ ਕੀਤੀ ਜਿਹਨਾਂ ਦਾ ਅਧਾਰ ਭਾਰਤ ਦੇ ਮਾਨਵਵਾਦੀ ਸ਼ਾਨਾ ਮੱਤੇ ਇਤਿਹਾਸਕ ਸਭਿਆਚਾਰ ਨਾਲ ਸਬੰਧਤ ਸੀ। ਝੰਡੇ ਦੇ ਸਭ ਤੋਂ ਉਪਰ ਕੇਸਰੀ ਲਾਲ ਰੰਗ ਹੈ ਜੋ ਤਿਆਗ ਅਤੇ ਕੁਰਬਾਨੀ ਦਾ ਪ੍ਰਤੀਕ ਹੈ, ਵਿਚਕਾਰ ਜੋ ਸਫੈਦ ਰੰਗ ਦੀ ਪੱਟੀ ਹੈ ਉਹ ਸੱਚਾਈ ਅਤੇ ਪਵਿੱਤਰਤਾ ਦਾ ਪ੍ਰਤੀਕ ਹੈ। ਰਾਸ਼ਟਰੀ ਝੰਡੇ ਦੀ ਸਫੈਦ ਪੱਟੀ ਉਤੇ ਨੀਲੇ ਰੰਗ ਦਾ ਜੋ ਚੱਕਰ ਹੈ ਉਹ ਸਾਰਨਾਥ ਵਿਖੇ ਸਥਿਤ ਮਹਾਨ ਅਸ਼ੋਕ ਸਤੰਭ ਵਿੱਚੋਂ ਲਿਆ ਗਿਆ ਹੈ। ਨੀਲਾ ਰੰਗ ਸਮਾਨਤਾ ਦਾ ਪ੍ਰਤੀਕ ਹੈ। ਸਮੁੰਦਰ ਤੇ ਅਕਾਸ਼ ਨੂੰ ਜਿੱਧਰੋਂ ਵੀ ਮਰਜ਼ੀ ਵੇਖੋ ਸਮਾਨ ਤੇ ਨੀਲੇ ਨਜ਼ਰ ਆਉਂਦੇਹਨ। ਇਸੇ ਕਰਕੇ ਭਾਰਤੀ ਸੰਵਿਧਾਨ ਘਾੜਿਆਂ ਨੇ ਸੰਵਿਧਾਨ ਦਾ ਲਕਸ਼ ਸਮਾਨਤਾ ਘੋਸ਼ਿਤ ਕੀਤਾ ਹੈ। ਰਾਸ਼ਟਰੀ ਝੰਡੇ ਦੀ ਤੀਸਰੀ ਪੱਟੀ ਦਾ ਰੰਗ ਹਰਾ ਹੈ। ਝੰਡੇ ਵਿੱਚ ਹਰਾ ਰੰਗ ਕਿਸਾਨਾਂ ਅਤੇ ਮੁਸਲਮਾਨਾਂ ਦੇ ਵਿਸ਼ਵਾਸ ਅਤੇ ਭਾਰਤ ਦੀ ਏਕਤਾ ਨੂੰ ਧਿਆਨ ਵਿੱਚ ਰੱਖ ਕੇ ਰੱਖਿਆ ਗਿਆ।

ਸੰਵਿਧਾਨ ਸਭਾ ਨੇ 22 ਜੁਲਾਈ, 1947 ਈ. ਦੇ ਦਿਨ ਐਤਵਾਰ ਨੂੰ ਤਿਰੰਗੇ ਝੰਡੇ ਨੂੰ ਅਪਨਾਇਆ। ਸੰਵਿਧਾਨ ਖਰੜਾ ਕਮੇਟੀ ਦੀਆਂ ਬੈਠਕਾਂ 40 ਦਿਨ ਹੋਈਆਂ। 6 ਬੈਠਕਾਂ ਵਿਚ 2 ਅਤੇ 4 ਬੈਠਕਾਂ 'ਚ ਕੇਵਲ 3 ਮੈਂਬਰ ਹਾਜ਼ਰ ਸਨ। ਸੰਵਿਧਾਨ ਸਭਾ ਦੀ ਖਰੜਾ ਕਮੇਟੀ ਖਾਸ ਕਰ ਡਾ. ਅੰਬੇਡਕਰ ਨੇ ਰਾਤ ਦਿਨ ਸਖ਼ਤ ਮੇਹਨਤ ਕਰਕੇ 2 ਸਾਲ 11 ਮਹੀਨੇ 18 ਦਿਨ ਵਿਚ ਸੰਵਿਧਾਨ ਨੂੰ ਪੂਰੀ ਤਰਾਂ ਤਿਆਰ ਕਰਕੇ 26 ਮਵੰਬਰ 1949 ਨੂੰ ਸੰਵਿਧਾਨ ਸਭਾ ਦੇ ਸਪੁਰਦ ਕਰ ਦਿੱਤਾ।

**ਸੰਸਦ ਤੇ ਰਾਸ਼ਟਰਪਤੀ ਭਵਨ**

ਸੰਸਦ ਭਵਨ ਦਾ ਸੰਖੇਪ ਇਤਿਹਾਸ ਇਹ ਹੈ ਕਿ ਬ੍ਰਿਟਿਸ਼ ਸਾਮਰਾਜ ਦਾ ਸ਼ਾਸ਼ਕ ਲਾਰ2ਡ ਕਰਜ਼ਨ 1911 ਵਿੱਚ ਆਪਣੀ ਰਾਜਧਾਨੀ ਕਲਕੱਤੇ ਤੋਂ ਬਦਲ ਕੇ ਦਿੱਲੀ ਲੈ ਆਇਆ। ਅੰਗਰੇਜ਼ੀ ਰਾਜਸੀ ਠਾਠਬਾਠ ਕਾਰਨ ਉਹ ਛੋਟੀ ਜਿਹੀ ਦਿੱਲੀ ਵਿੱਚ ਸੰਤੁਸ਼ਟ ਨਾ ਹੋਏ। 1912 ਵਿੱਚ ਦਿੱਲੀ ਦੇ ਵਿਸਥਾਰ ਲਈ ਐਡਵਿਨ ਲੂਟੀਅਨ ਦੀ ਰਹਿਨੁਮਾਈ ਵਿੱਚ ਇੱਕ ਦਲ ਨਰੀਖਣ ਕਰਨ ਲਈ ਦਿੱਲੀ ਆਇਆ। ਉਨ੍ਹਾਂ ਨੇ 15 ਦਿਨ ਸਰਵੇ ਕਰਨ ਉਪਰੰਤ ਕਿੰਗਸਵੇ ਕੈਂਪ ਤੇ ਨੀਂਹ ਪੱਥਰ ਰੱਖ ਦਿੱਤਾ। ਲੂਟੀਅਨ ਨੇ ਇਸ ਪ੍ਰਤਿਭਾਸ਼ਾਲੀ ਕੰਮ ਲਈ ਦੱਖਣੀ ਅਫਰੀਕਾ ਦੇ ਆਧੁਨਿਕ ਨਗਰਾਂ ਦੇ ਸੰਸਥਾਪਕ ਮਿਸਟਰ ਬੇਕਰ ਨੂੰ ਆਪਣੇ ਸਾਥ ਲਿਆ। ਨਗਰ ਦੇ ਮਹਿੰਗੇ ਵਿਓਪਾਰਕ ਖੇਤਰ ਦਾ ਨਿਰਮਾਣ ਕਨਾਟ ਪਲੇਸ ਵਿੱਚ ਕੀਤਾ ਗਿਆ।

ਸੰਸਦ ਭਵਨ, ਕੇਂਦਰੀ ਦਫਤਰ ਦੇ ਨੇੜੇ ਉੱਤਰੀ ਭਵਨ ਤੇ ਵਿਜੇ ਚੌਂਕ ਨਜ਼ਦੀਕ ਬਣਾਇਆ ਗਿਆ। ਵਾਇਸਰਾਏ ਭਵਨ ਤੋਂ ਇੱਕ ਸਿੱਧੀ ਤੇ ਰੌਣਕਦਾਰ ਸੜਕ ਬਣਾਈ ਗਈ ਇਸ ਦਾ ਨਾਮ ਹੁਣ ਰਾਜਪੱਥ ਹੈ। ਹੁਣ ਇਸ ਵਿਸ਼ਾਲ ਭਵਨ ਕਿੰਗਸਵੇ ਕੈਂਪ ਨੂੰ ਰਾਸ਼ਟਰਪਤੀ ਭਵਨ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਇਹ ਭਾਰਤ ਦੇ ਪਹਿਲੇ ਨਾਗਰਿਕ, ਰਾਸ਼ਟਰਪਤੀ ਦਾ ਨਿਵਾਸ ਹੈ। ਢਲਾਣ ਕੇਂਦਰੀ ਦਫਤਰ ਤੋਂ ਇਸ ਦੇ ਦੋਨੋ ਪਾਸੇ ਅਤੇ ਦੱਖਣੀ ਖੰਡ ਹੈ, ਵਿਸ਼ਾਲ ਵਿਜੇ ਚੌਂਕ ਵੱਲ੍ਹ ਆਉਂਦਾ੧ਓਮਤਲ ਬੋਟ ਕਲੱਬ ਤੇ ਸਮਾਪਤ ਹੁੰਦਾ ਹੈ। ਰਾਜਪੱਥ ਦੇ ਦੋਨੋਂ ਪਾਸੇ ਸਰਕਾਰੀ ਅਦਾਰਿਆਂ ਲਈ ਵਿਸ਼ਾਲ ਭਵਨ ਖੜ੍ਹੇ ਹਨ। ਇਹ ਖੱਬੇ ਪਾਸਿਓ ਰੇਲ ਭਵਨ ਤੋਂ ਸੱਜੇ ਪਾਸਿਓ ਵਾਯੂ ਭਵਨ ਤੋਂ ਸ਼ੁਰੂ ਹੁੰਦੇ ਹਨ।

ਰਾਜਪੱਥ ਦੇ ਦੂਸਰੇ ਸਿਰੇ ਤੇ ਇੰਡੀਆ ਗੇਟ ਸਥਿਤ ਹੈ। ਇਹ ਉਹਨਾਂ ਭਾਰਤੀ ਸੈਨਿਕਾਂ ਦੀ ਯਾਦਗਾਰ ਹੈ ਜਿਹਨਾਂ ਨੇ ਦੂਸਰੀ ਸੰਸਾਰ ਜੰਗ ਵਿੱਚ ਸਾਮਰਾਜਵਾਦੀ ਬ੍ਰਿਟਿਸ਼ ਸਾਮਰਾਜ ਦੀ ਰੱਖਿਆ ਲਈ ਆਪਣੀਆਂ ਕੀਮਤੀ ਜਾਨਾਂ ਦਾ ਬਲੀਦਾਨ ਦਿੱਤਾ। ਇੰਡੀਆ ਗੇਟ ਦੇ ਨੀਚੇ ਉਨ੍ਹਾਂ ਦੇ ਸਨਮਾਨ ਵਿੱਚ ਅਮਰ ਜਿਓਤੀ ਹਰ ਸਮੇਂ ਜਲਦੀ ਰਹਿੰਦੀ ਹੈ। ਗੇਟ ਦੇ ਖੱਬੇ ਪਾਸੇ ਥੋੜੀ ਦੂਰ ਬੜੌਦਾ ਹਾਊਸ ਹੈ ਤੇ ਸੱਜੇ ਪਾਸੇ ਧੌਲਪੁਰ ਹਾਊਸ ਹੈ। ਹਰ ਸਾਲ 26 ਜਨਵਰੀ ਦੀ ਸਵੇਰ ਨੂੰ ਭਾਰਤ ਦੀ ਸੈਨਿਕ ਸ਼ਕਤੀ ਦਾ ਪ੍ਰਦਰਸ਼ਨ 'ਗਣਤੰਤਰ ਦਿਵਸ ਪਰੇਡ' ਦੇ ਰੂਪ 'ਚ ਰਾਜਪੱਥ 'ਤੇ ਹੁੰਦਾ ਹੈ।

ਲੂਟੀਅਨ ਅਤੇ ਬੇਕਰ ਨੇ ਵਾਇਸਰਾਏ ਦੇ ਰਾਜਭਵਨ ਵਿੱਚ ਭਾਰਤੀ ਵਿਰਾਸਤ ਸਭਿਆਚਾਰ ਦੀ ਰਚਨਾ ਕੀਤੀ। ਉਹਨਾਂ ਨੇ ਇਸ ਨੂੰ ਬੋਧ ਗ੍ਰਹਿ ਨਿਰਮਾਣ ਦੀ ਸ਼ੈਲੀ ਵਿੱਚ ਬਣਾਇਆ। ਰਾਸ਼ਟਰਪਤੀ ਭਵਨ ਦੇ ਸਿਖਰ ਤੇ ਕਾਲੇ ਗ੍ਰੇਨਾਈਟ ਪੱਥਰ ਦਾ ਵਿਸ਼ਾਲ ਗੁੰਬਦ ਭੋਪਾਲ ਨਜ਼ਦੀਕ ਰਾਏਸੇਠ ਵਿੱਚ ਸਥਿਤ ਸਾਂਚੀ ਦੇ ਬੋਧ ਸਤੂਪ ਦੇ ਨਮੂਨੇ ਦਾ ਹੈ। ਸਾਂਚੀ ਸਤੂਪ ਦਾ ਨਿਰਮਾਣ ਬੋਧ ਸਮਰਾਟ ਅਸ਼ੋਕ ਨੇ ਈਸਾ ਪੂਰਵ ਤੀਸਰੀ ਸ਼ਤਾਬਦੀ ਵਿੱਚ ਪ੍ਰਸਿੱਧ ਦੱਖਣੀ ਵਿਉਪਾਰ ਮਾਰਗ ਤੇ ਵਿਦਿਸ਼ਾ ਦੇ ਨੇੜੇ ਇੱਕ ਪਹਾੜੀ ਚੋਟੀ ਤੇ ਕਰਾਇਆ ਸੀ। ਰਾਸ਼ਟਰਪਤੀ ਭਵਨ ਨੂੰ ਚੋਹੋ ਤਰਫ ਘੇਰਨ ਵਾਲੀ ਵਿਸ਼ਾਲ ਚਾਰਦਿਵਾਰੀ ਵੀ ਅਨੇਕ ਸਤੂਪਾਂ ਦੇ ਚਾਰੇ ਪਾਸੇ ਬਣੀ ਬੋਧ ਸ਼ੈਲੀ ਦੀ ਚਾਰਦਿਵਾਰੀ ਦੇ ਨਮੂਨੇ ਤੇ ਹੀ ਬਣੀ ਹੋਈ ਹੈ।

ਗੁੰਬਦ ਦੇ ਅੰਦਰੂਨੀ ਹਿੱਸੇ ਨੂੰ ਛੋਟੇ ਚਿੱਤਰਾਂ ਦੀ ਕਲਾ ਉਕਾਰ ਕੇ ਮਨਮੋਹਕ ਢੰਗ ਨਾਲ ਸਜਾਇਆ ਗਿਆ ਹੈ। ਵਿਸ਼ਾਲ ਅਸ਼ੋਕਾ ਹਾਲ ਦੇ ਸ਼ਾਨਦਾਰ ਕੇਂਦਰ ਵਿੱਚ ਇੱਕ ਵਿਸ਼ਾਲ ਝਾੜ ਫਾਨੂਸ ਲਟਕ ਰਿਹਾ ਹੈ। ਬਹੁਤ ਹੀ ਮਹੱਤਵਪੂਰਨ ਕੰਮ ਕਾਜ ਜਿਹਨਾਂ ਵਿੱਚ ਮਾਨਯੋਗ ਰਾਸ਼ਟਰਪਤੀ ਹਿੱਸਾ ਲੈਂਦੇ ਹਨ, ਇਸੀ ਅਸ਼ੋਕਾ ਹਾਲ ਵਿੱਚ ਸੰਪੂਰਣ ਹੁੰਦੇ ਹਨ। ਅਸ਼ੋਕਾ ਹਾਲ ਦੇ ਦੂਸਰੇ ਸਿਰੇ ਤੇ ਭਾਰਤ ਦੇ ਰਾਸ਼ਟਰਪਤੀ ਦਾ ਸਿੰਘਾਸਨ ਹੈ। ਸਿੰਘਾਸਨ ਦੇ ਪਿੱਛੇ ਰਾਸ਼ਟਰਪਤੀ ਨੂੰ ਅਸ਼ੀਰਵਾਦ ਦਿੰਦੀ ਮੁਦਰਾ ਵਿੱਚ ਬੁੱਧ ਦੀ ਮੂਰਤੀ ਸਥਾਪਤ ਹੈ।

ਅਸ਼ੋਕਾ ਹਾਲ ਵਿੱਚ ਸਥਾਪਿਤ ਬੁੱਧ ਮੂਰਤੀ ਦੇ ਚਰਨਾਂ ਤੋਂ ਖਿੱਚੀ ਸਰਲ ਰੇਖਾ ਸਤੰਭ ਅਤੇ ਦੋ ਕਿੱਲੋਮੀਟਰ ਲੰਬੇ ਰਾਜਪੱਥ ਦੇ ਵਿਚਕਾਰੋਂ ਹੁੰਦੀ ਹੋਈ ਇੰਡੀਆ ਗੇਟ ਦੇ ਅਖੀਰਲੇ ਸਿਰੇ ਤੱਕ ਜਾਂਦੀ ਹੈ। ਇਹ ਹੈਰਾਨੀ ਦੀ ਗੱਲ ਹੈ ਕਿ ਭਾਰਤ ਵਿੱਚ ਬੁੱਧ ਨੂੰ ਸਰਵੋਤਮ ਸਥਾਨ ਦਿੱਤਾ ਜਾਂਦਾ ਹੈ, ਇਹ ਲਾਰਡ ਲੂਟੀਅਨ ਤੇ ਉਸ ਦੇ ਸਾਥੀਆਂ ਨੂੰ ਕਿਸ ਤਰ੍ਹਾਂ ਅਨੁਭਵ ਹੋਇਆ? ਹਾਂ ਸੰਸਾਰ, ਭਾਰਤ ਨੂੰ ਬੁੱਧ ਦੇ ਨਾਮ ਤੋਂ ਹੀ ਜਾਣਦਾ ਹੈ ਕਿਉਂਕਿ ਪ੍ਰਮਾਣੂ ਵਿਸਫੋਟ ਤੇ ਵੀ ਇਹ ਬੁੱਧ ਹੀ ਹੈ ਜੋ ਮੁਸਕੁਰਾਉਂਦੇ ਹਨ।

ਇਹ ਹੈ ਭਾਰਤ ਦਾ ਗੌਰਵਮਈ ਵਿਰਸਾ। ਪ੍ਰੰਤੂ! ਇਹ ਦੁੱਖ ਦੀ ਗੱਲ ਹੈ ਕਿ ਸੰਸਦ ਭਵਨ ਦੀ ਛੱਤ ਉਤੇ ਲਗਾਇਆ ਗਿਆ ਅਸ਼ੋਕ ਸਤੰਭ ਦੂਜੇ ਦਿਨ ਹੀ ਵਿਵਾਦਾਂ ਦੇ ਘੇਰੇ 'ਚ ਆ ਗਿਆ ਹੈ। ਵਿਰੋਧੀਆਂ ਨੇ ਅਸ਼ੋਕ ਸਤੰਭ ਦੇ ਸਵਰੂਪ ਨੂੰ ਲੈ ਕੇ ਤਿੱਖਾ ਪ੍ਰਤੀਕਰਮ ਕਰਦਿਆ ਕਿਹਾ ਹੈ ਕਿ ਇਹ ਸਾਰਨਾਖ ਵਿਖੇ ਸਥਿਤ ਅਸ਼ੋਕ ਸਤੰਭ ਜੈਸਾ ਨਹੀ ਹੈ। ਸਾਰਨਾਖ ਸਥਿਤ ਅਸ਼ੋਕ ਸਤੰਭ ਦੇ ਸ਼ੇਰਾਂ ਦੀ ਮੁੱਦਰਾ ਸ਼ਾਤ ਹੈ ਜਦਕਿ ਮਜੂਦਾ ਨਵੇਂ ਸੰਸਦ ਭਵਨ 'ਤੇ ਲਗਾਏ ਸ਼ੇਰਾਂ ਦੀ ਮੁਦਰਾ ਹਮਲਾਵਰ ਹੈ।

ਬਿਲਕੁੱਲ ਅਲੱਗ ਮੁਦਰਾ ਦੇ ਸ਼ੇਰਾਂ ਨੂੰ ਲਗਾਉਣਾ ਭਾਰਤ ਦੇ ਰਾਸ਼ਟਰੀ ਪ੍ਰਤੀਕ ਦਾ ਅਪਮਾਨ ਹੈ। ਇੰਨਾ ਹੀ ਨਹੀ, ਨਵੇਂ ਸਤੰਭ ਵਿਚ 'ਸਤਿਆਮੇਵ ਜਯਤੇ' ਵੀ ਨਹੀ ਲਗਾਇਆ ਗਿਆ ਹੈ। ਵਿਰੋਧੀ ਧਿਰਾਂ ਵਲੋਂ ਇਹ ਵੀ ਇਤਰਾਜ਼ ਜਤਾਇਆ ਜਾ ਰਿਹਾ ਹੈ ਕਿ ਨਵੇ ਸੰਸਦ ਭਵਨ ਦੀ ਛੱਤ ਉਤੇ ਲਗਾਏ ਗਏ ਰਾਸ਼ਟਰੀ ਪ੍ਰਤੀਕ ਅਸ਼ੋਕ ਸਤੰਭ ਦੇ ਉਦਘਾਟਨ ਮੌਕੇ ਵਿਰੋਧੀ ਧਿਰ ਨੂੰ ਸੱਦਾ ਵੀ ਨਹੀ ਦਿੱਤਾ ਗਿਆ ਜੋ ਸੰਵਿਧਾਨ ਦੀ ਉਲੰਘਣਾ ਹੈ।

ਵਿਰੋਧੀ ਧਿਰਾਂ ਨੇ ਇਹ ਵੀ ਮੁੱਦਾ ਉਠਾਇਆ ਹੈ ਕਿ ਸੰਸਦ ਭਵਨ ਦਾ ਉਦਘਾਟਨ ਸੰਸਦ ਦੇ ਸਪੀਕਰ ਵਲੋਂ ਕੀਤਾ ਜਾਣਾ ਚਾਹੀਦਾ ਸੀ। ਦੇਸ਼ ਦੇ ਗੌਰਵ ਨੂੰ ਮੱਦੇਨਜ਼ਰ ਰੱਖਦਿਆ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰ ਸਰਕਾਰ ਨੂੰ ਵਿਰੋਧੀਆਂ ਦੇ ਸ਼ੰਕੇ ਤੇ ਇਤਰਾਜ਼ਾਂ ਬਾਰੇ ਗੰਭੀਰਤਾ ਨਾਲ ਚਿੰਤਨ ਕਰਨਾ ਚਾਹੀਦਾ ਹੈ।

# ਸਰਕਾਰੀ ਹਾਈ ਸਕੂਲ ਰਾਜਪੁਰਾ ਵਿਖੇ ਬਲਾਕ ਪੱਧਰੀ ਮੁਕਾਬਲਿਆਂ ਦਾ ਹੋਇਆ ਆਯੋਜਨ


**ਰਾਜਪੁਰਾ–** ਜਿੱਥੇ ਇੱਕ ਪਾਸੇ ਪੂਰਾ ਦੇਸ਼ ਅਜ਼ਾਦੀ ਦਿਹਾੜੇ ਦੀਆਂ ਤਿਆਰੀਆਂ ਚ ਲੱਗਿਆ ਹੋਇਆ ਉੱਥੇ ਹੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਮੂਹ ਵਿਭਾਗ ਅਜ਼ਾਦੀ ਦਿਹਾੜੇ ਦੀ 75 ਵੇਂ ਵਰੇਗੰਢ ਧੂਮ ਧਾਮ ਨਾਲ ਮਨਾ ਰਹੇ ਹਨ,



ਇਸੇ ਲੜੀ ਤਹਿਤ ਬੀਤੀ 2 ਅਗਸਤ ਨੂੰ ਸਰਕਾਰੀ ਹਾਈ ਸਕੂਲ ਰਾਜਪੁਰਾ ਵਿਖੇ ਬਲਾਕ ਪੱਧਰੀ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ, ਸਕੂਲ ਹੈੱਡ ਮਾਸਟਰ ਕੁਲਬੀਰ ਸਿੰਘ ਨੇ ਮੀਡਿਆ ਨੂੰ ਜਾਣਕਾਰੀ ਦਿੰਦੀਆਂ ਆਖਿਆ ਜਿਲ੍ਹਾ ਕੋਆਰਡੀਨੇਟਰ ਮੈਡਮ ਸ਼ਸ਼ੀ ਬਾਲਾ ਦੀ ਅਗਵਾਈ ਵਿੱਚ ਬਲਾਕ ਭਵਾਨੀਗੜ੍ਹ ਦੇ ਸਮੂਹ ਸਕੂਲ ਦੇ ਵਿਦਿਆਰਥੀਆਂ ਵੱਲੋਂ ਕਵਿਤਾ ਉਚਾਰਣ ਮੁਕਾਬਲੇ, ਸੁੰਦਰ ਲਿਖਾਈ ਮੁਕਾਬਲੇ, ਪੋਸਟਰ ਮੇਕਿੰਗ ਮੁਬਾਕਲੇ ਅਤੇ ਸਲੋਗਨ ਲਿਖਣ ਦੇ ਮੁਕਾਬਲਿਆਂ ਵਿੱਚ ਵੱਧ ਚੜ ਕ ਹਿੱਸਾ ਲਿਆ ਗਿਆ,ਉਪਰੋਕਤ ਮੁਕਾਬਲਿਆਂ ਵਿੱਚ ਬਤੌਰ ਜੱਜ ਪਿੰਕੀ ਵਸ਼ਿਸ਼ਟ, ਨਵਕਿਰਨ ਕੌਰ, ਮਨਜੀਤ ਕੌਰ,ਸਤਿੰਦਰਪਾਲ ਕੌਰ, ਬੇਅੰਤ ਕੌਰ, ਨਵਕਿਰਨ ਕੌਰ ਰਾਜਵੰਤ ਸਿੰਘ ਗੁਰਜੀਤ ਸ਼ਰਮਾ ਨੇ ਭੂਮਿਕਾ ਨਿਭਾਈ, ਬਲਾਕ ਨੋਡਲ ਅਫ਼ਸਰ ਪ੍ਰੀਤਇੰਦਰ ਸਿੰਘ ਘਈ ਅਤੇ ਬਲਾਕ ਕੋਆਰਡੀਨੇਟਰ ਰਾਜ ਕੁਮਾਰ ਜੀ ਨੇ ਮੌਜੂਦ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਅਜ਼ਾਦੀ ਦੇ ਸੰਘਰਸ਼ ਸੰਬੰਧੀ ਜਾਣਕਾਰੀ ਦਿੰਦੀਆਂ ਪ੍ਰੇਰਿਤ ਕੀਤਾ ਕੀ ਸਾਨੂੰ ਸਭ ਨੂੰ ਦੇਸ਼ ਦੀ ਤਰੱਕੀ ਅਤੇ ਬਿਹਤਰੀ ਲਈ ਦਿਲੋਂ ਯੋਗਦਾਨ ਪਾਉਣਾ ਚਾਹੀਂਦਾ ਹੈ, ਇਸਦੇ ਨਾਲ ਹੀ ਸਮੂਹ ਵਿਦਿਆਰਥੀਆਂ ਨੇ ਅਜ਼ਾਦੀ ਦੀ 75 ਵੀਂ ਵਰੇਗੰਢ ਉੱਪਰ ਅਹਿਦ ਲਿਆ ਕੀ ਉਹ ਸ਼ਹੀਦਾਂ ਵੱਲੋਂ ਦਰਸਾਏ ਰਾਹ ਉੱਪਰ ਚਲਦੇ ਰਹਿਣਗੇ, ਮੁਕਾਬਲਿਆਂ ਉਪਰੰਤ ਜੇਤੂ ਵਿਦਿਆਰਥੀਆਂ ਨੂੰ ਮੈਡਮ ਭੇਂਟ ਕਰ ਹੋ ਹੋਂਸਲਾ ਅਫ਼ਜ਼ਾਈ ਕੀਤੀ ਗਈ, ਬਲਾਕ ਪੱਧਰ ਤੇ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਹੁਣ ਜਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਮੇਰੀਟੋ-ਰੀਅਸ ਸਕੂਲ ਘਾਬਦਾ ਵਿਖੇ ਹਿੱਸਾ ਲੈਣਗੇ ਲ ਬਲਾਕ ਨੋਡਲ ਅਫਸਰ ਸ਼੍ਰੀ ਪ੍ਰੀਤਇੰਦਰ ਘਈ ਅਤੇ ਜ਼ਿਲ੍ਹਾ ਨੋਡਲ ਅਫਸਰ 75 ਸਾਲਾ ਗਤੀਵਿਧੀਆਂ ਮੈਡਮ ਸ਼ਸ਼ੀ ਬਾਲਾ ਵੱਲੋਂ ਸਰਕਾਰੀ ਹਾਈ ਸਕੂਲ ਰਾਜਪੁਰਾ ਦੇ ਸਮੂਹ ਸਟਾਫ ਦਾ ਵਧੀਆ ਪ੍ਰਬੰਧ ਕਰਨ ਸਬੰਧੀ ਸ਼ਲਾਘਾ ਕੀਤੀ ਗਈ।

# ਬੰਗਲਾਦੇਸ਼ 'ਚ ਹਿੰਦੂਆਂ 'ਤੇ ਹਮਲੇ ਚਿੰਤਾ ਦਾ ਵਿਸ਼ਾ

ਨਵੀਂ ਦਿੱਲੀ- ਬੰਗਲਾਦੇਸ਼ 'ਚ ਹਿੰਦੂਆਂ 'ਤੇ ਲਗਾਤਾਰ ਹੋ ਰਹੇ ਹਮਲਿਆਂ ਤੋਂ ਬਾਅਦ ਅਮਰੀਕੀ ਵਿਦੇਸ਼ ਵਿਭਾਗ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਧਰਮ ਚੁਣਨ ਦੀ ਆਜ਼ਾਦੀ ਮਨੁੱਖੀ ਅਧਿਕਾਰ ਹੈ। ਦੁਨੀਆ ਦੇ ਹਰ ਵਿਅਕਤੀ ਨੂੰ, ਚਾਹੇ ਉਹ ਕਿਸੇ ਵੀ ਧਰਮ ਜਾਂ ਵਿਸ਼ਵਾਸ ਦੇ ਹੋਵੇ, ਆਪਣੇ ਮਹੱਤਵਪੂਰਨ ਤਿਉਹਾਰ ਨੂੰ ਮਨਾਉਣ ਲਈ ਸੁਰੱਖਿਅਤ ਮਹਿਸੂਸ ਕਰਨ ਦੀ ਲੋੜ ਹੈ।



ਪਰ ਬੰਗਲਾਦੇਸ਼ ਵਿਚ ਘੱਟ ਗਿਣਤੀ ਹਿੰਦੂਆਂ 'ਤੇ ਲਗਾਤਾਰ ਹੋ ਰਹੇ ਹਮਲਿਆਂ ਵਿਚ ਇਸ ਭਾਈਚਾਰੇ ਦੇ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ ਹਨ। ਖਾਸ ਕਰਕੇ ਹਿੰਦੂ ਤਿਉਹਾਰਾਂ ਦੇ ਮੌਕੇ 'ਤੇ ਸੰਗਠਿਤ ਹਮਲੇ ਹੁੰਦੇ ਹਨ।

**ਭਾਰਤ-ਬੰਗਲਾਦੇਸ਼ ਦਰਮਿਆਨ ਦੋਸਤੀ**

ਪਿਛਲੇ ਇੱਕ ਦਹਾਕੇ ਵਿੱਚ ਹਿੰਦੂਆਂ ਉੱਤੇ ਚਾਰ ਹਜ਼ਾਰ ਦੇ ਕਰੀਬ ਹਮਲੇ ਹੋ ਚੁੱਕੇ ਹਨ ਜਿਨ੍ਹਾਂ ਵਿੱਚ ਸੈਂਕੜੇ ਜਾਨਾਂ ਜਾ ਚੁੱਕੀਆਂ ਹਨ ਅਤੇ ਹਜ਼ਾਰਾਂ ਹਿੰਦੂ ਜ਼ਖ਼ਮੀ ਹੋਏ ਹਨ। 1974 ਦੀ ਮਰਦਮਸ਼ੁਮਾਰੀ ਅਨੁਸਾਰ ਇਸ ਬੰਗਲਾਦੇਸ਼ ਵਿੱਚ 1315 ਫ਼ੀਸਦੀ ਹਿੰਦੂ ਸਨ ਪਰ ਸਾਲ 2021 ਤੱਕ ਇੱਥੇ ਸਿਰਫ਼ 615 ਫ਼ੀਸਦੀ ਹਿੰਦੂ ਹੀ ਰਹਿ ਗਏ ਹਨ। ਭਾਰਤ ਅਤੇ ਬੰਗਲਾਦੇਸ਼ ਦੀ 50 ਸਾਲਾਂ ਦੀ ਦੋਸਤੀ ਦਾ ਸਫ਼ਰ ਵੀ ਖ਼ਤਮ ਹੋ ਗਿਆ ਹੈ। ਦੋਹਾਂ ਦੇਸ਼ਾਂ ਦੇ 50 ਸਾਲਾਂ ਦੇ ਰਿਸ਼ਤਿਆਂ ਦੀ ਇਹ ਯਾਤਰਾ ਦੋਹਾਂ ਦੇਸ਼ਾਂ ਦੀ ਕੂਟਨੀਤਕ ਨੀਤੀ 'ਚ ਸਮਾਨਤਾ ਨੂੰ ਦਰਸਾਉਂਦੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 26-27 ਮਾਰਚ 2021 ਨੂੰ ਬੰਗਲਾਦੇਸ਼ ਦੀ ਆਜ਼ਾਦੀ ਦੇ ਗੋਲਡਨ ਜੁਬਲੀ ਜਸ਼ਨਾਂ ਵਿੱਚ ਸ਼ਾਮਲ ਹੋਏ।

**ਕੱਟੜਪੰਥੀਆਂ 'ਤੇ ਤਿੱਖੇ ਹਮਲੇ ਕੀਤੇ**

ਜੇਕਰ ਬੰਗਲਾਦੇਸ਼ ਦੇ ਹਾਲਾਤ ਇਸੇ ਤਰ੍ਹਾਂ ਚੱਲਦੇ ਰਹੇ ਤਾਂ ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਕੁਝ ਦਹਾਕਿਆਂ ਵਿੱਚ ਉੱਥੇ ਹਿੰਦੂ ਆਬਾਦੀ ਲਗਭਗ ਖ਼ਤਮ ਹੋ ਜਾਵੇਗੀ। ਕਿਉਂਕਿ ਭਾਰਤ ਦੁਨੀਆ ਦਾ ਸਭ ਤੋਂ ਵੱਧ ਹਿੰਦੂ ਆਬਾਦੀ ਵਾਲਾ ਦੇਸ਼ ਹੈ, ਇਸ ਲਈ ਇਸ ਨੂੰ ਹਿੰਦੂ ਹਿੱਤਾਂ ਬਾਰੇ ਸੋਚਣਾ ਪਵੇਗਾ। ਦੁਰਗਾ ਪੂਜਾ ਦੌਰਾਨ ਕਈ ਮੰਦਰਾਂ ਅਤੇ ਪੂਜਾ ਪੰਡਾਲਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਹਿੰਦੂ ਨੂੰਹ ਦੀ ਇੱਜ਼ਤ ਨੂੰ ਵੀ ਢਾਹ ਲੱਗੀ ਹੈ। ਬੰਗਲਾਦੇਸ਼ੀ ਅਖ਼ਬਾਰਾਂ ਨੇ ਵੀ ਸਰਕਾਰ ਅਤੇ ਕੱਟੜਪੰਥੀਆਂ 'ਤੇ ਤਿੱਖੇ ਹਮਲੇ ਕੀਤੇ ਪਰ ਉਥੋਂ ਦੀ ਸਰਕਾਰ ਨੇ ਹੁਣ ਤੱਕ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ। ਬੰਗਲਾਦੇਸ਼ ਦੀ ਨੀਂਹ ਵੀ ਧਰਮ ਨਿਰਪੱਖਤਾ ਦੀ ਨੀਂਹ 'ਤੇ ਰੱਖੀ ਗਈ ਸੀ ਜਿੱਥੇ ਸਾਰੇ ਧਰਮਾਂ ਦੇ ਲੋਕਾਂ ਨੂੰ ਆਪਣੇ ਤਿਉਹਾਰ ਮਨਾਉਣ, ਧਾਰਮਿਕ ਆਜ਼ਾਦੀ ਅਤੇ ਬਰਾਬਰੀ ਦਾ ਅਧਿਕਾਰ ਹੈ, ਪਰ 50 ਸਾਲਾਂ ਦੇ ਸਫ਼ਰ 'ਚ ਹਿੰਦੂ ਸਮਾਜ ਨੂੰ ਸੁਰੱਖਿਆ, ਬਰਾਬਰੀ ਵਰਗੇ ਸ਼ਬਦਾਂ ਨਾਲ ਸੁਰੱਖਿਅਤ ਕੀਤਾ ਗਿਆ ਹੈ। ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਅਣਦੇਖੀ ਕੀਤੀ ਗਈ ਹੈ।


Total ENTERTAINMENT
TOTAL ENTERTAINMENT & TIRE & WHEEL OUTLET
PROUDLY PRESENTS
Tire & Wheel Outlet
Patriots TRUCK LINE
FREE ENTRY
TIME 7.00PM
Debi Live
USA TOUR 2022
SATURDAY, 20th AUGUST 2022
3158 TRANSWORLD DR, STOCKTON, CA 95206-4994
FOR MORE INFORMATION CALL:
AVTAR LAKHA 209 200-0818
REHAN 209 663 9560
ASHOK BHAURA 510 415 3315
POPPY SINGH 408 831 8596
Raman Moranwalia GRAPHIC DESIGNER
MALHI 209-275-1821
Gillson HIRING NOW! 925-400-9094
DELTA TRUCK CENTER
Dhaliwal Bros. Trucking Inc
ਦੇਸ਼ ਦੁਆਬਾ
Raja SWEETS & CATERING
BHAURA
RUKUS AVENUE
Sakoon
THE BAY AUTOHUB
WEST COAST RENTALS
ASHWANI BHAKHRI LAW FIRM (U.S)
Ambedkar Times
HIT MUSIC
PRIDE TRUCK SALES
RB TRUCK PARTS 918-888-8891

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

## ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:

530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
## WASH, LUBE, BRAKES

Call:

650-642-0697

## 3525 Highway 99, West Corning, CA 96021

Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust